# ਸੋ ਸਾਖੀ

ਅਰਥਾਤ

# ਮੰਗਲ ਪ੍ਰਕਾਸ਼

## ਆਉਣ ਵਾਲੇ ਸਮੇਂ ਦਾ ਹਾਲ



Scanned with CamScanner

੧ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੌ ਸਾਖੀ

ਅਰਥਾਤ

# ਮੰਗਲ ਪ੍ਰਕਾਸ਼

ਅਤੇ

# ਭਵਿੱਖਤ ਦਰਪਣ

ਆਉਣ ਵਾਲੇ ਸਮੇਂ ਦਾ ਹਾਲ

## ਕਰਨੀ ਨਾਮਾ, ਰਾਜ ਨਾਮਾ

# ਤ੍ਰਿਕਾਲ ਦਰਸ਼ਨ

ਪ੍ਰਕਾਸ਼ਕ-

**ਭਾ: ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

Scanned with CamScanner

© ਪ੍ਰਕਾਸ਼ਕ

SAO SAAKHI or MANGAL PARKASH

A book which fortells the events of future

ISBN : 81-7601-213-7

ਸਤਵੀਂ ਐਡੀਸ਼ਨ ਜਨਵਰੀ 2015

ਅੱਠਵੀਂ ਐਡੀਸ਼ਨ ਨਵੰਬਰ 2018

ਭੇਟਾ : 180-00

An ISO 9001:2008 Certified Publishing House
No. 101809-A01
Estd. 1880

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 5011003, 2542346

E-mail : csjssales@hotmail.com, csjspurchase@yahoo.com

Visit our Website : www.csjs.com

Printed in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

Scanned with CamScan

# ਤਤਕਰਾ


| | |
|---|---|
| ਮੰਗਲ ਪ੍ਰਕਾਸ਼ | ੧੭ |
| ਭਵਿਖਤ ਹਾਲ | ੨੨ |
| ਕਲਕੀ ਅਵਤਾਰ | ੨੬ |
| ਸਾਖੀ ਤੇਰ੍ਹਵੀਂ | ੩੦ |
| ਸਾਖੀ ਪੰਦਰਵੀਂ | ੩੬ |
| ਸਾਖੀ ਚੌਬੀਸਵੀਂ | ੪੩ |
| ਸਾਖੀ ਇਕਤਾਲਵੀਂ | ੪੬ |
| ਸਾਖੀ ਇਕਵੰਜਵੀਂ | ੫੦ |
| ਸ਼ਾਖੀ ਅਠਵੰਜਵੀਂ | ੫੫ |
| ਸਾਖੀ ਉਨਾਹਠਵੀਂ | ੬੦ |
| ਸਾਖੀ ਸੱਠਵੀਂ | ੬੭ |
| ਸਾਖੀ ਇਕਾਠ੍ਵੀਂ | ੭੦ |
| ਸਾਖੀ ਪੈਂਠਵੀਂ | ੭੫ |
| ਸਾਖੀ ਸੱਤਰਵੀਂ | ੭੯ |
| ਸਾਖੀ ਇਕੱਤਰਵੀਂ | ੮੨ |
| ਸਾਖੀ ਬਿਆਸੀਵੀਂ | ੧੦੩ |
| ਸਾਖੀ ਛਿਆਸਵੀਂ | ੧੧੨ |
| ਸਾਖੀ ਨੜਿੰਨਵੀਂ [ਵਿਸਾਖੀ ਵਿਚਾਰ] | ੧੧੫ |
| ਵੀਰਵਾਰ ਵੈਸਾਖੀ ਫਲ | ੧੨੨ |
| ਸ਼ੁਕਰਵਾਰ ਵੈਸਾਖੀ ਫਲ | ੧੨੩ |
| ਮੁਖਵਾਕ ਪਾ: ੬ | ੧੨੪ |
| ਕਰਨੀ ਨਾਮਾ | ੧੨੮ |
| ਨਸੀਹਤ ਨਾਮਾ | ੧੩੫ |
| ਸਰਬੰਗ ਸਾਧੂ ਦੇ ਅਨੁਭਵੀ ਵਾਕ | ੧੩੯ |


Scanned with CamScanner

ਪੇਸ਼ੀਨਗੋਈ (ਪ੍ਰੋ: ਸ਼ੋਭਰਾਜ ਜੀ) ੧੪੪
ਪੇਸ਼ੀਨਗੋਈ ਭਾਈ ਫਤੇਹ ਸਿੰਘ ਜੀ ੧੪੪
ਗੋਸ਼ਟਿ ਅਜਿਤੇ ਰੰਧਾਵੇ ਨਾਲ ਹੋਈ ੧੬੦
ਰਾਜਨਾਮਾ ੨੯੧
ਮੁਖੇਵਾਕ ਹੁਕਮਨਾਮਾ ਪਾ: ੧੦ ੨੯੬
ਸ੍ਰੀ ਦਸਮੇਸ਼ ਹੁਕਮ ੩੦੦
ਕਮਿਊਨਿਸਟ ਲਹਿਰ ਜ਼ੋਰਾਂ ਤੇ ੩੦੬
ਅੰਗਰੇਜ਼ਾਂ ਨੇ ਹਿੰਦ ਦਾ ਰਾਜ ਛੱਡਣਾ ੩੦੯
ਦਸਮੇਸ਼ ਜੀ ਦੇ ਆਉਣ ਦੀਆਂ ਨਿਸ਼ਾਨੀਆਂ ੩੧੭
ਕਲਜੁਗੀ ਜੀਵਾਂ ਦੀ ਦੁਰਦਸਾ ੩੨੨
ਹਿਟਲਰ ਦਾ ਜ਼ਿਕਰ ਅਤੇ ਟੋਟਕੇ ੩੨੫
ਸ੍ਰੀ ਦਸਮ ਗ੍ਰੰਥ ਵਿਚੋਂ–ਨਿਹਕਲੰਕੀ ਅਵਤਾਰ ਦਾ ਹਾਲ ੩੨੭
ਵਿਪਤ ਪੜੇਗੀ ਹਿੰਦ ਪਰ ੩੩੬
ਸ੍ਰੀ ਦਸਮੇਸ਼ ਜੀ ਨੇ ਅਨੰਦਪੁਰ ਫਿਰ ਵਸਾਉਣਾ ੩੪੦

Scanned with CamScan

ੴ ਸਤਿਗੁਰ ਪ੍ਰਸਾਦਿ ॥

# ਸੌ ਸਾਖੀ ਪੋਥੀ

— ਅਰਥਾਤ —

# ਮੰਗਲ ਪ੍ਰਕਾਸ਼

--ਰਚਿਤ--

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਜਿਨ ਕੀ ਰੱਖਿਆ ਕਾਰਨੇ
ਪੰਥ ਕੀਓ ਪ੍ਰਕਾਸ ॥
ਓਟ ਤਕਾਵਨ ਜਾਵੇਂਗੇ,
ਸਿੰਘ ਉਹਨਾਂ ਕੇ ਪਾਸ ॥

Scanned with CamScanner

ਦਰਿਪ ਮੁਲਕ ਕੀ ਜਾਨ ਕੇ,
ਖਾਵੇਂਗੇ ਆਪ ॥
ਤਬੀ ਕ੍ਰੋਪ ਹੋਏ ਪ੍ਰਮਾਤਮਾ,
ਝਗੜਾ ਚਲੇ ਹਰਿਮੰਦਰ ਮੇਂ ਆਨ ॥
ਬੇਗਾਨ ਬਹੁਤ ਮਰੇਂਗੇ,
ਸ਼ਿੰਘ ਗੁਰੂ ਕੀ ਸ਼ਾਨ ॥
ਤਬੀ ਏਕ ਖਾਲਸਾ ਪ੍ਰਗਟ ਹੋਵੈ,
ਕਿਲ੍ਹਾ ਬਨਾਵੇ ਹਰਿਮੰਦਰ ਕੋ ਆਨ ॥
ਰਾਜ ਚਲਸੀ ਰੰਡੀ ਕਾ,
ਫੌਜਾਂ ਚੜੇ ਹਰਿਮੰਦਰ ਮੈਂ
ਖੁਰ ਭਿਜੇ ਘੋੜੇ ਕਾ ਹਰਿਮੰਦਰ ਮੈਂ ਆਨ ॥
ਡਟ ਜਾਏਗਾ ਖਾਲਸਾ,
ਘੋਰ ਬਿਪਤ ਕੇ ਬਾਅਦ ॥
ਖੁਆਰ ਹੋਏ ਸਭ ਮਿਲੇਂਗੇ,
ਸਿੰਘ ਬਿਪਤ ਮੇਂ ਆਨ ॥
ਤਬੈ ਮਾਝਾ, ਮਾਲਵਾ, ਦੁਆਬਾ,
ਦੁਖੀ ਹੋਵੈ ਸਭ ਗ੍ਰਾਮ ॥
ਦੁਖੀ

ਖੰਡ ਖੰਡਾ ਚੜ੍ਹੇ ਤਬ,
ਅੰਮ੍ਰਿਤਸਰ ਪਟਲੇਸ੍ਵਰ ਕੇ ਧਾਮ ॥
ਤਬੀ ਸਿੰਘ ਫੌਜ ਚੜ੍ਹੇ,
ਅਟਾਰੀ ਮੇਂ ਆਨ ॥
ਅੰਮ੍ਰਿਤਸਰ ਪਹੁੰਚ ਕਰ,
ਇਤਨਾ ਖੂਨ ਬਹਾਵੇ ॥
ਘੋੜੇ ਕਾ ਤੰਗ ਖੂਨ ਮੇਂ ਭਿਜ ਜਾਵੇ ॥
ਤਬ ਜਲੰਧਰ, ਲੁਧਪੁਰ ਕੋ ਲੂਟ ਕਰ
ਸ਼ਹਿਰ ਅੰਬਾਲਾ ਲੂਟ ॥
ਢਾਈ ਲੱਖ ਖਾਲਸਾ ਹੋਵੈ ਸ਼ਹੀਦ,
ਸੱਤਰ ਲੱਖ ਹਿੰਦੂ ਮਰ ਜਾਵੈ ॥
ਤਬੀ ਰੂਸ, ਚੀਨ ਹਿੰਦ ਮੇਂ ਚੜ੍ਹ ਆਵੈ ॥
ਘੋਰ ਯੁੱਧ ਮੱਚ ਕਰ,
ਸੱਤਰ ਕਰੋੜ ਸੇ,
ਸਤਾਰਾਂ ਕਰੋੜ ਬਚ ਜਾਵੈ ॥
ਦਿੱਲੀ ਤਖਤ ਪੈ ਬਹਿ ਜਾਵੈ ਗੁਰੂ ਕੀ ਫੌਜ ॥
ਤਬੇ ਸਭੇ ਅੰਮ੍ਰਿਤ ਪਾਨ ਕਰੇਂ ॥

Scanned with CamScan

ਤਾਬੇ ਚਲੇ ਜੋ ਪੰਥ ਕੇ,
ਜਮ ਕਾ ਬਾਣ ਨ ਖਾਵੇ ॥
ਨੰਗਾ ਭੁੱਖਾ ਮੰਗਤਾ ਕੋਈ ਨ ਜਾਵੇ,
ਲੰਗਰ ਸਭ ਵੋ ਖਾਵੈ ॥
ਤਬੀ ਕਲਜੁਗ ਮੇਂ ਸਤਿਜੁਗ ਹੋਸੀ ਆਨ ॥੧॥

Scanned with CamScan

੧ ਓ ਸਤਿਗੁਰ ਪ੍ਰਸਾਦਿ ॥

# ਸੌ ਸਾਖੀ ਚੋਂ ਭਵਿੱਖਤ ਸਾਖੀਆਂ

॥ ਗੁਰਵਾਕ ॥

ਜਗਤੁਜਲੰਦਾਰਖਿਲੈਆਪਣੀਕਿਰਪਾਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ ॥

ਮੰਗਲ ॥ ਕਬਿੱਤ ॥

ਈਸ਼ਵਰ ਤੂੰ ਸੁਜਾਣ ਦਾਸ ਅਨਜਾਣ ਤਾਈਂ,
ਕਰਕੇ ਮੇਹਰ ਦੇਹੋ ਕਵਿਤਾ ਦੇ ਦਾਨ ਨੂੰ।
ਐਸੀ ਛੰਦਾਬੰਦੀ ਵਿਚ ਮੜਕ ਅਨੋਖੀ ਹੋਵੇ,
ਕਲੀ ਕਲੀ ਭਾਵੇ ਬਾਲ ਬਿਰਧ ਜਵਾਨ ਨੂੰ।
ਔਣ ਵਾਲੇ ਸਮੇਂ ਦੀ ਸਮਝ ਹੋਵੇ ਕੁਲਤਾਈਂ,
ਨਰ ਨਾਰੀ ਅਤੇ ਅਨਜਾਣ ਵਿਦਵਾਨ ਨੂੰ।
ਕਵਿਤਾ ਦੇ ਦੂਸ਼ਣ ਭਿਆਨਕ ਸਮੇਂ
'ਚੋਂ ਰਖੋ, 'ਆਲਮ' ਸਮੇਤ ਏਸ ਰੰਗਲੇ
ਜਹਾਨ ਨੂੰ। ੧। ਮੱਚਦੀ ਅਗਨ ਵਿਚੋਂ ਰਖ
ਲੈ ਤੂੰ ਹੱਥ ਦੈ ਕੇ, ਜੇਹੜੇ ਜਨ ਹਰੀ ਹੋ ਬਚੇ
ਨੇ ਤੇਰੀ ਆਸ ਤੇ। ਸੰਕਟਾਂ ਚੋਂ ਬਚਾੜ

Scanned with CamScanner

ਪ੍ਰਹਿਲਾਦ ਨੂੰ ਬਚਾਇਆ ਜਦੋਂ, ਬਿਪਤਾ ਦੇ ਟੁਟੇ ਸੀ ਪਹਾੜ ਤੇਰੇ ਦਾਸ ਤੇ। ਹਰਨੀ ਉਬਾਰੀ ਟਾਰੀ ਬਿਪਤਾ ਤੂੰ ਹਸਤੀ ਦੀ, ਕੇਹੜੇ ਕੇਹੜੇ ਕਹਾਂ ਹੈਨ ਗਿਣਤੀ ਤੋਂ ਜਾਸਤੇ। ਐਸੇ ਤਰਾਂ ਭਿਆਨਕ ਸਮੇਂ ਚੋਂ ਰਖੋ ਆਲਮ ਨੂੰ ਆਠੇ ਪੈਹਰ ਨਾਮ ਆਪਣਾ ਜਪੌਣ ਵਾਲੇ।੨।

## ਭਵਿੱਖਤ ਹਾਲ

— ੨੦੦੪ ਤੋਂ ੨੦੨੧ ਬਿਕ੍ਰਮੀ ਤਕ —

॥ ਚੌਫਿਰਨੀ ਛੰਦ ॥

ਸੁਣ ਲੌ ਭਵਿਖਤ ਦਾ ਬਿਆਨ ਵੀਰਨੋਂ ॥
ਲਿਖਗੇ ਨੇ ਜਿਵੇਂ ਵਿਦਵਾਨ ਵੀਰਨੋਂ ॥
ਸ਼ੇਰ ਦੇ ਲਫਜ਼ ਝੂਠ ਨਾ ਅਲੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਕਥਾ ਸ਼ੁਰੂ ਹੁੰਦੀ ਹੈ ਦੋ ਹਜ਼ਾਰ ਚਾਰ ਤੋਂ ॥
ਫਗਣ ਦੀ ਪਾਪਾਂ ਭਰੀ ਰਫਤਾਰ ਤੋਂ ॥
ਲਿਖਿਆ ਸੀ ਲੋਕ ਖੂਨ ਵਿਚ ਨਹੌਣਗੇ ॥
ਐਹੋ ਜੇਹੇ ਸਮੇਂ ਦੇਸ ਵਿਚ ਔਣਗੇ ॥

Scanned with CamScan

ਦੋ ਹਜ਼ਾਰ ਪੰਜ ਦੀ ਵੀ ਭੈੜੀ ਚਾਲ ਹੈ ॥
ਔਣ ਭਾਰੀ ਹੜ੍ਹ ਰੋਗ ਤੇ ਭੁਚਾਲ ਹੈ ॥
ਲੀਡਰ ਹੈਰਾਨ ਹੋ ਕੇ ਘਬਰੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਛੀਵੇਂ ਸਾਲ ਵਿਚ ਹੋਣ ਮੌਤਾਂ ਘਣੀਆਂ ॥
ਰੈਹਣੀਆਂ ਧਨਾਢਾਂ ਤੇ ਸਿਰਾਂ ਨੂੰ ਬਣੀਆਂ ॥
ਦੂਸਰੇ ਮੁਲਕ ਹਿੰਦ ਨੂੰ ਤਕੌਣਗੇ ॥
ਐਹੋ ਜੇਹੇ ਸਮੇਂ ਦੇਸ ਵਿਚ ਔਣਗੇ ॥
ਦਸਦਾ ਖਿਆਲ ਕਸ਼ਮੀਰ ਪਰਤੀ ॥
ਹਾਰ ਖਾਣਗੇ ਪਠਾਣ ਗੱਲ ਸ਼ਰਤੀ ॥
ਹਿੰਦ ਸੂਰਬੀਰ ਫ਼ੌਜੀ ਫਤੇ ਪੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਸਤਮੇਂ ਦੇ ਸ਼ੁਰੂ ਵਿਚ ਅਮਨ ਹੋਊਗਾ ॥
ਫੇਰ ਕ੍ਰੋਧ ਆ ਮਦਾਨ 'ਚ ਖੜੋਊਗਾ ॥
ਅਠਮੇਂ 'ਚ ਲੋਕ ਰੋਂਦੇ ਦਿਸ ਔਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਨੌਂ ਦਸ ਗਿਆਰਾਂ ਬਾਰਾਂ ਚਾਰੇ ਸਾਲ ਜੀ ॥

Scanned with CamScanner

ਜਵਾਂ ਨਹੀਂ ਮਿਟੂਗੀ ਰਹੂ ਹਲਚਲ ਜੀ ॥
ਸਿਖ ਜਾ ਲਾਹੌਰ ਜਿਤ ਕੇ ਦਿਖੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਤੇਰ੍ਹੇ ਸਾਲ ਟਾਵੇਂ ਟਾਵੇਂ ਹੀ ਮਰਨਗੇ ।
ਸਿੱਖ ਤੇ ਪਠਾਣ ਤਿਆਰੀਆਂ ਕਰਨਗੇ ॥
ਚੌਧੇ ਵਿਚ ਖੂਬ ਤਿਆਰੀਆਂ ਵਜੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਚੌਧੇ ਪੰਦਰੇ 'ਚ ਭਾਂਬੜ ਮਚਣਗੇ ॥
ਸਾਰੇ ਜਗ ਵਿਚ ਭੂਤਨੇ ਨਚਣਗੇ ॥
ਸੋਲ੍ਹੇ ਚ ਲੁਟੇਰੇ ਲੋਕਾਂ ਨੂੰ ਸਤੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਪੈਜੂਗਾ ਸਤ੍ਹਾਰੇ ਵਿਚ ਭਾਰੀ ਕਾਲ ਜੀ ॥
ਬੀਤੂ ਸਮਾਂ ਬ੍ਰਿਛਾਂ ਦੇ ਪਤਿਆਂ ਨਾਲ ਜੀ ॥
ਪਿਓ ਪੁਤਰ ਆਪਸ ਮੇਂ ਮੋਹ ਗਵੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਪੱਛਮ 'ਚੋਂ ਉੱਠੂ ਸੂਰਮਾ ਮਹਾਨ ਜੀ ॥
ਕੇਸਾਂ ਧਾਰੀ ਇਕੀ ਸਾਲ ਦਾ ਜਵਾਨ ਜੀ ॥

Scanned with CamScan

ਆ ਮਦਾਨ ਵਿਚ ਖੰਡੇ ਚਮਕੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਸੋਧਕੇ ਪੰਜਾਬ ਪੂਰਬ ਨੂੰ ਜਾਊਗਾ ॥
ਮਰਦ ਕਾ ਚੇਲਾ ਠੀਕ ਫਤੇ ਪਾਊਗਾ ॥
ਸ਼ਾਨ ਇਹ ਸਤਾਰਹੇ ਸਾਲ ਦੀ ਵਧੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਹੋਊਗੀ ਅਠਾਰੇ ਵਿਚ ਬਾਰਸ਼ ਘਣੀ ॥
ਰਜ ਕੇ ਤੇ ਲੌਕੀ ਖਾਊ ਜਣੀ ਕਣੀ ॥
ਉਨੀ ਵੀਹ 'ਚ ਹਥ ਸੂਰਮੇ ਉਠੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਦੋਵੇਂ ਸਾਲ ਹੋਊਗੀ ਦਿਲੀ ਨੂੰ ਤੰਗੀ ਜੀ ॥
ਹਾਲਤ ਪੰਜਾਬ ਦੀ ਰਹੂਗੀ ਚੰਗੀ ਜੀ ॥
ਜਮਨਾ ਕਿਨਾਰੇ ਇਲਾਂ ਭੂਤ ਭੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਹੋਊ ਦਲ ਕਾਲਿਆਂ ਸਤਾਰਿਆਂ ਵਾਲਾ ਜੀ ॥
ਲੁਧਿਆਣਾ ਸੋਧ ਮਾਰੂਗਾ ਅੰਬਾਲਾ ਜੀ ॥
ਜਮਨਾ ਕਿਨਾਰੇ ਧੂੰਮ ਜਾ ਮਚੌਣਗੇ ॥

Scanned with CamScanner

ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਤੰਗਾਂ ਤੇ ਨਸ਼ਾਨ ਲਹੂ ਦੇ ਲਗਣਗੇ ॥
ਐਸੇ ਓਥੇ ਨਾਲੇ ਖੂਨ ਦੇ ਵਗਣਗੇ ॥
ਵੀਹਵੇਂ ਵਿਚ ਸੂਰਬੀਰ ਵੀਹ ਪਜੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਇਕੀ ਵਿਚ ਆ ਕੇ ਅਮਨ ਸਜਣਗੇ ॥
ਦਿੱਲੀ ਵਿਚ ਵਾਜੇ ਜੋੜੀਆਂ ਵਜਣਗੇ ॥
ਖੁਸ਼ੀਆਂ ਦੇ ਸੋਹਲੇ ਗਵੱਯੇ ਗੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥
ਦਸੇ ਦਾਸ 'ਆਲਮ' ਨੇ ਖਿਆਲ ਸੰਗਤੇ ॥
ਅਗੇ ਈਸ਼ਵਰ ਜਾਣੇ ਹਾਲ ਸੰਗਤੇ ॥
ਛੰਦਾ ਬੰਦੀ ਕਰਦੇ ਕਵੀ ਸੁਹੌਣਗੇ ॥
ਐਹੋ ਜੇਹੇ ਸਮੇਂ ਦੇਸ਼ ਵਿਚ ਔਣਗੇ ॥ ੩ ॥

—ਦਸਮ ਗ੍ਰੰਥ ਸਾਹਿਬ ਵਿਚੋਂ—

## ਕਲਕੀ ਅਵਤਾਰ

॥ ਕੁੰਡਲੀਆ ॥

ਦੀਨਨ ਕੀ ਰੱਛਾ ਨਮਿਤ
ਕਰ ਹੈ ਆਪ ਉਪਾਇ ॥

Scanned with CamScan

ਪਰਮ ਪੁਰਖ ਪਾਵਨ ਸਦਾ
ਆਪ ਪ੍ਰਗਟ ਹੋ ਆਇ ॥
ਆਪ ਪ੍ਰਗਟ ਹੋ ਆਇ
ਦੀਨ ਕੀ ਰੱਛਾ ਕੇ ਕਾਰਣ ॥
ਅਵਤਾਰੀ ਅਵਤਾਰ ਧਾਰ ਕੇ
ਭਾਰ ਉਤਾਰਣ ॥ ੧੩੯ ॥
ਕਲਜੁਗ ਕੇ ਅੰਤਹਿ ਸਮਹਿ
ਸਤਿਜੁਗ ਲਾਗਤਿ ਆਦਿ ॥
ਦੀਨਨ ਕੀ ਰਛਾ ਨਮਿਤ
ਧਰ ਹੈ ਰੂਪ ਅਨਾਦਿ ॥
ਹੈ ਰੂਪ ਅਨਾਦਿ
ਕਲਹ ਕੌਤਕ ਕਰ ਭਾਰੀ ॥
ਸੱਤ੍ਰਨ ਕੇ ਨਾਸਰਥ ਨਿਮਤ
ਅਵਤਾਰਨ ਅਵਤਾਰੀ॥੧੪੦॥

Scanned with CamScan

ੴ ਸਤਿਗੁਰ ਪ੍ਰਸਾਦਿ ॥

ਸਿਖ ਜਦ ਬਰ ਹਰ ਦੁਆਲਮ
ਅਦਲ ਸਚੇ ਸਾਹਿਬਾ ॥
ਗੋਬਿੰਦ ਸਿੰਘ ਖੁਦ ਸਾਹਿਸਾਹਾਂ
ਤੇਰਾ ਨਾਨਕ ਵਾਹਿਵਾ ॥

॥ ਮੰਗਲ ॥

ਬਾਬਾ ਨਾਨਕ ਗੁਰੂ ਅੰਗਦ ਗੁਰੂ ਅਮਰਦਾਸ॥ ਰਾਮਦਾਸ ਗੁਰ ਅਰਜਨਾ ਹਰਿਗੋਬਿੰਦ ਗੁਣ ਰਾਸ ॥ ਗੁਰ ਹਰਿਰਾਇ ਹਰਿਕ੍ਰਿਸ਼ਨ ਸੇਵਾਐ ਤੇਗ ਬਹਾਦਰ ॥ ਗੁਰੂ ਗੋਬਿੰਦ ਸਿੰਘ ਸੁਹਓ ਕਰੂ ਦੁਖੀ ਦਾ ਆਦਰ ॥ ਸਾਹਿਬ ਸਿੰਘ ਪਦ ਸਰਨ ਤੁਹਿ ਲਿਖੋ ਲਿਖਾਰੀ ਗ੍ਰੰਥ ॥ ਗੁਰਅਰ ਚਰ ਬੁਢੇ ਕੁਲਨ ਰਾਮ ਕਵਰ ਸੁਖ ਪੰਥ॥ਰਹੇ ਹਜ਼ੂਰ ਦਸਵੇਂ ਗੁਰੂ ਕਰੇ ਉਕਤ ਜੋ ਵਾਕ ॥ ਗੁਰ ਰਤਨ ਮਾਲ ਪੋਥੀ ਲਿਖੇ ਜਿਓਂ ਗੁਰ ਕੀਨੋ ਵਾਕ ॥ ਸਾਲ ਗੁਰੂ ਸਿਖ ਸਾਲ ਹੋਇ

Scanned with CamScan

ਸਾਲ ਨਿਰਮਲੀ ਚਲਤ ॥ ਸਾਲ ਪੰਥ ਗਤਿ ਸਾਲ ਅਤਿ ਸਾਲ ਦੀਓ ਮਤਿ ਜੁਗਤ॥ ਜਿਓ ਗੁਰ ਕਹਿਓ ਗੁਰਬਖਸ਼ ਸਿੰਘ ਪੰਥ ਪ੍ਰਵਿਰਤੇ ਜਾਹਿ। ਸਬ ਸੰਗਤ ਪੁਛਿਓ ਤਬੇ ਲਿਖਿਆ ਲਿਖਾਰੀ ਆਹਿ ॥ ਗੁਰ ਬਖਸ਼ਿਓ ਵਾਕ ਸੁਧਾ ਬੂਢੇ ਮੁਖ ਰਹੀ ਛਾਹਿ ॥ ਪੀਨਾ ਅਤਿ ਪ੍ਰਮਾਰਥੀ ਮੁਖ ਮੈ ਧਰੀ ਬਨਾਇ ॥ ਨਿਕਸੀ ਸਿਖ ਸਮੂੰਹ ਹਿਤ ਸਾਹਿਬ ਸਿੰਘ ਸੰਮਾਲ ॥ ਗੁਰ ਰਤਨ ਮਾਲ ਮੈ ਧਰੀ ਹਿਤ ਸਿਖਨ ਕਰੇ ਨਿਹਾਲ ॥ ਗੁਰ ਹਜ਼ੂਰ ਮਥਰਾ ਬਿਪਰ ਹਾਥ ਜੋੜ ਕਹਿਓ ਏਹ ॥ ਸਤਿਗੁਰ ਭਾਣਾ ਸਮਝ ਕਰ ਪੂਛੀ ਕਰਨੀ ਕੇਹ ॥ ਜਿਓ ਊਧੋ ਸ੍ਰੀ ਕ੍ਰਿਸ਼ਨ ਜੀ ਪੁਛੇ ਬਿਸ਼ਨ ਦੀਓ ਪੰਥ ॥ ਸਾਖੀ ਅੰਮ੍ਰਿਤ ਸਿਖ ਹਿਤ ਰਾਮ ਦਾਸ ਦੀਓ ਸੰਚ॥ ਜਿਓਂ ਕਹੀ ਤਿਓਂ ਲਿਖੀ ਸਿੰਘਾਂ ਵਲੋਂ ਕੀਨੀ ਸਾਖੀ ਅਰੰਭ ॥

Scanned with CamScanner

## ਸਾਖੀ ਤੇਰੁਵੀਂ

ਤਾਂ ਪੁਛਿਆ ਸੰਗਤ ਗੁਰੂ ਜੀ ਪਾਤਸ਼ਾਹ ਪਾਹੁਲ ਕਾ ਭੇਦ ਗੁਣ ਕਹਿਓ। ਤਾਂ ਗੁਰੂ ਜੀ ਬੋਲੇ ਕੇ ਖਿਆਤ ਸੁਣਾਇਆ। ਭਾਈ ਇਕ ਮੰਤ੍ਰ ਹੈ ਦੂਸਰਾ ਜੰਤਰ ਹੈ। ਤੀਜਾ ਤੰਤਰ ਹੈ। ਮੰਤ੍ਰ ਸਤਿਨਾਮ, ਜੰਤ੍ਰ ਵਾਹਿਗੁਰੂ ਅਖਰੋਂ ਕਾ ਜੋੜ। ਤੰਤ੍ਰ ਜ਼ੁਲਮ ਹਟਾਣਾ। ਲੋਹ ਸ਼ਸਤਰ ਜਲ ਬਰਣੁ ਦੀਆ। ਸ੍ਰੀ ਮਿਸਟਨ ਇੰਦਰ ਨੇ ਦੀਆ। ਲੋਹ ਜਮੇਨੇ ਦੀਆ। ਤਾਂ ਸ਼ਾਂਤ ਦੀ ਅਵਧ ਹੋਵੈ ਸਿਖ ਨੂੰ। ਭੋਗਣ ਚਾਹ ਮਿਸਟਾਨ ਤੇ। ਸ਼ਸਤ੍ਰ ਕੀਤਾ ਤਾਂ ਜੁਝ ਮਾਝ ਤੇਜ ਸੂਰਮਾ ਹੋਵੇਗਾ। ਚਰਨਾਂ ਦੀ ਪਾਹੁਲ ਤੇ ਸੇਵਾ ਦੀ ਪ੍ਰੀਤ ਹੁੰਦੀ ਸੀ। ਸੋ ਗੁਰੂ ਕੀ ਇਛਿਆ ਜੁਧ ਕੀ ਥੀ। ਜਬ ਖੰਡਾ ਧਾਰ ਪਾਰ ਪਾਹੁਲ ਛਾਪ ਦੇਵੀ ਕਾ ਧਿਆਨ। ਪਰੇਮ ਕੇ ਨਿਰਬਾਣ ਸਵੱਯੇ ਦਸ ॥੧੦॥

ਅਨੰਦ ਜੀ ਸ਼ਾਂਤ ਹੋਇਗਾ। ਜਪ ਪਉੜੀ ਮੋਖ

Scanned with CamScan

ਹੇਤ। ਚਾਰ ਪਦਾਰਥ ਪਾਹੁਲ ਤੇ ਹੋਵੇਗੀ। ਪੈਹਲਾ ਦੋਨਾਂ ਬਿਨਾਂ ਤੇਰੀਆ ਕੇਸ। ਸੁਣੋ ਭਾਈ ਸਿਖੋ ਮਾਤਾ ਗੁਜਰੀ ਜੀ ਥੀ ਪੁਛਿਆ ਸੀ ਸੋ ਕਹਿਆ ਸੀ। ਤਾਂ ਸਿਖਾਂ ਪੁਛਿਆ ਗੁਰੂ ਜੀ ਦੇਵੀ ਕੀ ਸਕਤ। ਬਚਨ ਹੋਇਆ ਪ੍ਰਸਾਦਿ ਖੁਸ਼ੀ ਹੀ ਬਣਦੀ ਹੈ। ਗੁਹਜ ਕੈਹਣਾ ਬਣਦਾ ਨਹੀਂ। ਪਰ ਗੁਰੂ ਜੀ ਨੂੰ ਸ਼ਰਧਾ ਵਾਲਾ ਸਿੱਖ ਪੁਛੇ ਤਾਂ ਕੈਹੈਣਾ ਬਣਦਾ ਸਦਾ ਹੀ। ਸੁਣੋ ਭਾਈ ਸੰਗਤੇ ਗੁਰੂ ਕੇ ਘਰ ਵਿਚ ਏਕਤਾ ਹੈ ਭੁਲ ਕਰ ਭਰਮ ਭੇਦ ਨਹੀਂ ਕਰਨਾ। ਗੁਰੂ ਕਿਆਂ ਨੇ ਏਕ ਜਾਮਾ ਪਹਿ-ਰਿਆ ਸੀ। ਤਾਂ ਉਸ ਵੇਲੇ ਤਪ ਕਰਨ ਵਾਸਤੇ ਬਿੰਦਾਚਲ ਆਰਣ ਮਾਘ ਥੇ। ਉਸ ਮੰਤ੍ਰ ਵਿਚ ਬਿੰਦਾਚਲ ਊਮਾ ਊਹਾਂ ਤਪ ਕਰ ਰਹੀ ਥੀ। ਬ੍ਰਹਮਾ ਕੇ ਕਹੇ ਤੇ ਦੇਵਤੇ ਉਸਤਤ ਕਰ ਕੇ ਲੇ ਗਏ ਥੇ। ਦੰਤ ਦਾਨਵ ਅਜੀਤ ਤ੍ਰਿਲੋਕੀ ਕਾਗਜ ਲੇ ਲਿਆ ਥਾ। ਬਹੁਤ ਜੁਧ ਕਰਤੀ

Scanned with CamScan

ਭਵਾਨੀ ਥੱਕ ਰਹੀ। ਰਕਤ ਬੀਜ ਕੇ ਮਾਰਨੇ ਕਾ ਜਤਨ ਕੀਆ। ਪਰ ਅਸੁਰ ਰਕਤ ਤੇ ਵਧਵੇਂ ਜਾਵੈਂ। ਨਾਵੇਂ ਅੰਕ ਉਪਰ ਸੌ ਬਿੰਦੀ ਕੀ ਗਿਣਤੀ ਕਰੀ ਰਿਖੀਸਰ ਨੇ। ਇਤਨੇ ਰਕਤ ਤੇ ਜਨਮੇ ਮਾਰੇ ਤਬ ਰਕਤ ਕਾ ਪਾਣੀ ਮਾਨੋ ਪਰਲੈ ਹੂਈ ਥੀ। ਸਰਿਸਟ ਸੁੰਨ ਹੂਈ ਜੈਸੇ ਪਥਰ ਜਲ ਮੈ ਰੈਹਦੇ ਹੈਨ। ਤਾਂ ਦੇਵੀ ਦੇ ਗਣ ਭਾਗ ਭਏ। ਕਈ ਲੜ ਕੇ ਤੇ ਕਈ ਅਨ ਲੜੇ। ਤਾਂ ਦੇਵੀ ਅੰਤ੍ਰ ਧਿਆਨ ਹੋ ਕੇ ਬਿੰਦਾਚਲ ਪਰ ਮੂਰਤ ਬਣ ਗਈ। ਅਸੁਰ ਲਗੇ ਤਪਣ। ਤਬ ਊਹਾਂ ਤਪਸੀ ਪਾਸ ਜਾਇ ਕੈ ਸਬੇਲ ਦੈਂਤ ਲਗੇ ਕੈਹਣ ਹਾਇ ਹਾਇ ਨਾਰੀ ਕੌਣ ਲੈ ਗਿਆ। ਤਾਂ ਤੱਪਸੀ ਬੋਲਿਆ ਅਰੈ ਬਕਬਾਦ ਨਾ ਕਰੋ। ਸਕਤ ਸਦਾ ਹੀ ਪੂਰਨ ਹੈ। ਸੁਨ ਕਰ ਮਤ ਵਾਲੇ ਉਜੜ ਮਨ-ਮੁਖ ਮਰ ਮਰ ਕਰ ਤਪਸੀ ਸੇ ਮੂਡਨੇ ਮਾਰਨ ਦੌੜੇ। ਤਾਂ ਤੱਪਸੀ ਵਿਚਾਰਿਆ ਮੇਰਾ ਮੇਰਾ

Scanned with CamScan

ਮੇਰੇ ਚੇਲੇ ਦਾ ਧਰਮ ਨਹੀਂ ਜੁਧ ਦਾ। ਹਮ ਬ੍ਰਾਹਮਣ ਬ੍ਰਹਮ ਪ੍ਰਾਇਣ ਹੈਂ। ਤਾਂ ਮ੍ਰਿਗ ਸ਼ੇਰ ਕੀ ਸ਼ਾਲਾ ਥੀ ਹੰਕਾਰੀ ਅਤੇ ਤੇਜ ਪੰਜ ਪੁਰਖ ਨਿਕਾਸ ਕੇ ਜੁਧ ਕੀਤਾ। ਦਸ ਲਖ ਪੰਜ ਹਜ਼ਾਰ ਬਰਖ ਤਾਂ ਦੇਵੀ ਉਠੀ ਮੂਰਨ ਤੇ ਕੋਹ ਕਰ ਅਸੁਰ ਖਪਾਏ। ਉਸ ਪੁਰਖ ਨੋ ਕਹਿਆ ਹੇ ਤੱਪਸੀ ਕੇ ਤੱਪ ਤੁਧ ਮੇਰੀ ਸਹੈਤਾ ਕੀਤੀ ਹੈ। ਮੈਂ ਭੀ ਏਕ ਬੇਰ ਤੁਮਾਰੀ ਬੁਲਾਈ ਆਵਾਂਗੀ। ਮਾਂਗ ਬਰ ਪ੍ਰਸੰਨ ਹੂਈ ਹਾਂ। ਤੇਰਾ ਬਪ ਏਹੀ ਰਹੇ ਦੁਸ਼ਟ ਦਮਨ ਨਾਮ ਤੇਰਾ ਹੂਆ। ਏਹ ਸੰਗੜ ਤੇਰੀ ਹੂਈ। ਤੂੰ ਮੇਰਾ ਹੀ ਸਰੂਪ ਰਖੀਂ। ਤਾਂ ਪੁਰਖ ਬੋਲਿਆ ਨਾਮ ਸਿੰਘ ਕੇਸ ਖੁਲੇ। ਕਟ ਤਾਗੇ ਬਿਨਾਂ ਸ਼ਸਤ੍ਰ ਕਾ ਤੇਜ ਅਰ ਜੋ ਰਚਨਾ ਅਤੇ ਬਰਨ ਪਦਵੀ ਭੋਗ ਮੋਖ ਮਿਲੈ। ਅਸੁਰ ਜੁਧ। ਤਾਂ ਦੇਵੀ ਬੋਲੀ ਚੌਥੇ ਜੁਗ ਕਾ ਪੈਹਲਾ ਪੈਹਰਾ ਹੋਵੇਗਾ। ਤਬ ਰੁਦਰ ਸੰਕਰ ਨਾਮ ਹੋਇ

Scanned with CamScan

ਉਤਰੇਗਾ। ਬਿਸ਼ਨ ਭਾਣਜਾ ਹੋਇ ਉਤਰੇਗਾ। ਤਾਂ ਮੈਂ ਭੀ ਤੁਮਾਰੀ ਬੁਲਾਈ ਤੁਮਾਰੇ ਬੀਚ ਸ਼ਬਦ ਪ੍ਰਕਾਸ਼ ਕਰ ਆਵਾਂਗੀ। ਏਕ ਮੇਰਾ ਵਸਤ੍ਰ ਪ੍ਰਾਵਿਰਤ ਆਂਖ ਅੰਜਨ ਕੁਟੰਬ ਕਾ ਮੋਹ ਨਹੀਂ ਕਰਨਾ। ਐਸੇ ਕੈਹਕੇ ਪ੍ਰੇਮ ਕਰ ਲਗੀ ਚਾਟਣੇ। ਖੁਸ਼ੀ ਹੋਈ ਏਕ ਚੂੜੀ ਏਕ ਪਰਾਂਦਾ ਏਕ ਕਰਦ ਦਈ ਤਾਂ ਬੋਲੀ। ਸਿੰਘ ਕੀ ਖਾਲਤੇ ਖਾਲਸਾ ਤੇਜ ਸਿੰਘ ਕਾ ਅਗਾੜੀ। ਪਿਛੇ ਪਛਤਾਵਾ ਉਨ-ਮਾਦ ਵਸਤ ਕਾ ਏਹ ਤੇਰੇ ਪੰਥ ਕੀ ਦੇਵਾਂਗੀ। ਕਸ਼ਟ ਦੇਹ ਕਾ ਕੈਹ ਕਰ ਗਈ। ਉਹ ਪੁਰਖ ਤਪਸੀ ਪਿਤਾ ਪਾਸ ਆਇਆ। ਤਾਂ ਤਪਸੀ ਕੋ ਕਹਿਆ ਪੁਤ੍ਰ ਮੈਂ ਤੇਰਾ ਪਿਤਾ ਹੀ ਰਹਾਂਗਾ। ਬਾਲਕ ਹੁੰਦੇ ਕਾ ਤੇਰਾ ਜੁਧ ਦੇਖਾਂਗਾ। ਦੇਵੀ ਕਾ ਵਰ ਜੋ ਤੈਂ ਪਾਯਾ ਹੈ। ਮੇਰੀ ਰਖਿਆ ਕਰ ਲਈ ਜਾਵੇ। ਤਪ ਕਰੋ ਗੋਦਾਵਰੀ ਕੇ ਤਟ ਪਰ। ਗੋਭੀ ਕੀ ਨਿਆਈਂ ਮੇਰੇ ਤੇ ਉਪਜਾ ਹੈ। ਤੇਰਾ ਨਾਮ ਮੈਂ ਗੋਬਿੰਦ ਰਖਿਆ।

Scanned with CamScan

ਸਿੰਘ ਕੀ ਪਦਵੀ ਦੇਵੀ ਦੇ ਛੋਡੀ ਹੈ। ਤਾਂ ਪ੍ਰਨਾਮ ਡੰਡੌਤ ਕਰ ਕੇ ਪੁਰਖ ਗਇਆ। ਨਦੀ ਪਰ ਤੱਪ ਅਰੰਭਿਆ। ਸਮਾਧ ਲਗਾਈ ਐਸੀ ਮਾਇਆ ਭਈ। ਸਮਾਧ ਹੀ ਰਹੀ ਭੀਤਰ ਤੇ ਕਲਾ ਸਵਧ ਨੇ ਤਰਾਂ ਨਿਕਸ ਜਨਮੀ। ਭਾਗਣ ਮਾਤਾ ਤੇਗ਼ ਬਹਾਦਰ ਘਰ ਉਹ ਤਪਸੀ ਹੂਆ। ਮਾਤਾ ਪਿਤਾ ਹੂਏ ਬਾਲਕ ਹੀ ਥੇ ਤਾਂ ਤਿਆਗ ਦੇਹ ਸੁਰ ਪੁਰ ਗਏ। ਉਹ ਪੁਰਖ ਦੁਸ਼ਟ ਦਮਨ ਮੇਂ ਗੋਬਿੰਦ ਸਿੰਘ ਹੂਆ ਹੋਂ। ਗਣ ਸਭ ਤੱਪਸੀ ਕੇ ਹੂਏ। ਸੋ ਸਭ ਸੰਗਤ ਹੂਈ। ਦੇਵੀ ਕੀ ਸਕਤ ਵਰ ਕੀ ਥੀ ਸੋ ਗੁਰੂ ਕੀ ਥੀ ਸੋ ਗੁਰੂ ਕੀ ਸਕਤ ਤਪ ਕੀ ਥੀ। ਸੋ ਬਿਧ ਪਿਛਲੀ ਐਸੀ ਹੀ ਥੀ। ਭਾਈ ਬੂਢਾ ਬੋਲਿਆ ਭਾਈ ਲਿਖਾਰੀ ਆ ਲਿਖ। ਏਹ ਵਾਕ ਗੁਰੂ ਕਾ ਸੁਣ ਕੇ ਕਹਿਆ ਹੈ। ਅਗਮ ਗੁਰੂ ਕੀ ਅਕੱਥ ਕਹਾਣੀ। ਏਹੋ ਕੈਹ ਕੇ ਗੁਰੂ ਉਠੇ ਚਲੇ ਮੈਹਲ

Scanned with CamScan

ਊਪਰ ਚੜੇ। ਤਾਂ ਮੈਂ ਪਿਛਾੜੀ ਗਿਆ। ਖੁਸ਼ੀ ਹੋਇ ਬੋਲੇ ਬੁਢਿਆ ਬੁਢਾ ਹੋਵੀਂ। ਤੇਰਾ ਘਰ ਬਾਰ ਸਾਡੀ ਉਗਾਰ। ਸਾਡਾ ਘਰ ਬਾਰ ਤੇਰਾ ਉਰਾਰ। ਤੀਨ ਬੇਰ ਕਹਿਆ ਤਾਂ ਦੇਖਿਆ ਢਾਲ ਕਟਾਰੀ ਕਰਮ ਬਖ਼ਸ਼ੀ। ਬੋਲੇ ਭਾਈ ਜੀ ਵਾਹਿਗੁਰੂ ਸਾਖੀ ਪੂਰੀ ਹੋਈ॥ ੧੩॥ ਅਗੇ ਸਾਖੀ ਹੋਰ ਚਲੀ——

## ਸਾਖੀ ਪੰਦਰ੍ਹਵੀਂ ਚਲੀ

ਕਲਜੁਗ ਬੀਤੇ ਪੰਜ ਹਜ਼ਾਰ। ਤਾਂ ਲਗ ਸਿਖਿਆ ਕਹੀ ਸਵਾਰ। ਬੇਦ ਕਹੀ ਸਿਖ ਸਮਝਾਊ। ਮੇਰਾ ਪੰਥ ਖਿਰਣ ਨਹੀਂ ਜਾਊ। ਅਰਦਾਸੀ ਸੁਨ ਬਾਤ ਬਸਾਲ। ਪਟੇਲ ਨਗਰ ਜੀਤੇ ਭੁਨਸਾਲ। ਮੋਨ ਫਰੰਗੀ ਅਹੁਕੇ ਗੁਰੰਡ। ਮਿਲੇ ਪਰਸਪਰ ਉਭੇ ਨਿਰੰਦਿ। ਮੇਰੋ ਨਿਬਲ ਸਬਲ ਤੇ ਹੋਈ। ਭੂਮ ਪੰਜਾਬ ਜੀਤ ਭਯਾ ਤੇਈ। ਕਿਛੁ ਸ਼ਸਤਰ ਜੋ ਤਿਸ ਪੈ ਦੀਨੋ। ਤਾਂ ਮੈਂ ਅਨਭਵ ਮਮ ਏਹ ਚੀਨੋ। ਜਾਂ ਲਗ

Scanned with CamScan

ਰੈਹਤ ਖਾਲਸਾ ਨਿਆਰਾ। ਤਾਂ ਲਗ ਤੇਜ ਦੀਓ ਮੋਹਿ ਸਾਰਾ। ਮੋਇ ਪਾਸਨਾਰੀ ਸੂਤ ਬੰਧੀਏ। ਗਾਇਲ ਹਾਂ ਕਤ ਗੈਕਲਰਧੀਏ। ਧੀ ਭੈਣ ਕਾ ਪੈਸਾ ਖਾਵੈ। ਬੈਠ ਦਲੀਚੇ ਨਿਆਇ ਕਮਾਵੈ। ਵਾਚੈ ਬੇਦ ਬਾਣੀ ਗੁਰ ਛੋਡੇ। ਬਿਪਰ ਧਰਮ ਕਰ ਜੀਵੇ ਮੋਡੇ। ਨਾਰ ਮਲੇਛੀ ਘਰ ਮੈ ਆਨੈ॥ ਵੈਸਵਾ ਰਮਣ ਨਾ ਕਬੂ ਖਿਸਾਨੈ। ਢੂਡੇ ਪੀਰ ਗੁਰੂ ਰਹੈ ਦੂਰ। ਨਾਰੀ ਨਿਆਂਇ ਕਰੇ ਭਰਪੂਰ। ਸੁਣ ਗੁਰ ਸਿਖ ਪੰਚ ਸੋ ਦੂਨ। ਸਿਖ ਸ਼ਹੀਦ ਨਾ ਮੇਰੋ ਤੂਣ। ਸਭੀ ਸਿਖਣੀ ਭੁਗਤਣ ਚਾਹੈ। ਭੂਪਤ ਨਾਰੀ ਮੁਨਕਿਨ ਰਾਹੈ। ਗੰਗਾ ਰਹੇਗੀ ਬਰਸ ਉਨਾਹਠ। ਤਬ ਹਉ ਕੂਪ ਦਿਖਲਾਵੋਂ ਆਠ। ਸਿਖ ਸ਼ਹੀਦ ਭੂਮ ਧਰ ਜਨਮਾਂ। ਕਿਲਕ ਪੁਰੀ ਲਗ ਰਾਜਨ ਭਰਮਾਂ। ਐਸੀ ਬਾਤ ਤਬੇ ਬਣ ਆਈ। ਜਗ ਕੇ ਭੀਤਰ ਤੇਗ ਚਲਾਈ। ਸਿੰਘ ਵੇਖ ਹੂਏ ਸੈਨਾ ਸਾਥੀ।

ਦਲੀਪ ਸਿੰਘ ਜਗ ਪੇਲੇ ਹਾਥੀ। ਪ੍ਰਿਥਮ ਫਰੰਗੀ ਲੁਦਪੁਰਮਧ। ਭੋਗੇ ਰਾਜ ਤੇਜ ਭਏ ਦਬ। ਚਿੰਤਾ ਵਧੀ ਸਗਲ ਕੇ ਵੀਚ। ਸਭੀ ਪੁਕਾਰੋ ਸਤਿਗੁਰ ਮੀਚ। ਖੂਬ ਨਾਰ ਧਨ ਉਡ ਉਡ ਲੇਹਿ। ਤਬੇ ਖਾਲਸਾ ਬਹੁ ਦੁਖ ਹੋਇ। ਮਧ ਖਾਲਸੇ ਚਮਕੇ ਦੀਪ। ਦਲੀਪ ਸਿੰਘ ਰਾਜਨ ਸਿਰਮੀਪ। ਪ੍ਰਿਥਮ ਭਾਖੂ ਭਵਿਖਤ ਪਰਦ। ਜੈਸੇ ਕਹਿਓ ਬਿਆਸ ਰਿਖ ਸਰਬ। ਅਕਬਰ ਬ੍ਰਹਮਚਾਰੀ ਬਪ ਧਾਰਾ। ਧਰਮ ਆਪਣਾ ਖੂਬ ਸਵਾਰਾ। ਜਹਾਂਗੀਰ ਸ਼ੁਭ ਸ਼ਾਹ ਜਹਾਨਾਂ। ਤਾਂ ਘਰ ਮੋਨ ਆਇ ਰਹੇ ਗੁਲਾਮਾਂ। ਵਾਹਕਾ ਤੇਜ ਪਸਰ ਜਾਏ ਦਿਨ ਦਿਨ। ਸਬਹੀ ਜਾਨੇ ਜਗਤ ਜਨ ਮਨ ਮਨ। ਤਬੈ ਨੁਰੰਗਾ ਬੰਚਕ ਤਿਆਗੀ। ਮੀਰਾਂ ਸ਼ਾਹ ਕੀ ਸੇਵਾ ਲਾਗੀ। ਧੰਨ ਵਸਤ ਹੀਏ ਮੇ ਜਾਨੀ। ਤਉਨ ਛੂਤੀ ਬਾਤ ਪੁਰਾਨੀ। ਭਾਈ ਮਾਰਾ ਰਾਜ

Scanned with CamScanner

ਨਹਿ ਛੋਰਾ ॥ ਦਾਰਾ ਕੋਟ ਛਤਰ ਪਦ ਤੋਰਾ ।
ਮਧ ਭਰ ਰਾਜ ਕਰਤ ਇਕ ਸਾਹੁ ॥ ਹਮਸੋ
ਵੈਰ ਵਧ ਉਸ ਹੀ ਜਾਉ । ਕਰੇਗਾ ਜੋਰ
ਖਾਲਸਾ ਬ੍ਰਹਮ । ਹਿੰਦਨ ਮਾਰ ਮੁਸਲੀ 'ਚ
ਹੈ ਧਰਮ । ਦਿਵਸ ਬੰਦਗੀ ਮਕੇ ਜਾਵੈ ।
ਮਾਗੈ ਏ ਮੁਹਿ ਨੂਰ ਸਲਾਵੈ ॥ ਹੂਈ ਅਵਾਜ਼
ਰਾਤ ਕੋ ਐਸੀ । ਸਭ ਸਿਰ ਭਲੀ ਏਕ ਬਿਨ-
ਫੈਸੀ । ਉਠਤ ਸਵੇਰ ਖਾਬ ਭਈ ਸਾਚੀ ।
ਹਿੰਦੀ ਕਰੋ ਮਲੇਛੀ ਡਾਚੀ । ਏਕ ਕਰੂੰ ਦੂਜਾ
ਨਹੀਂ ਰਹੈ । ਐਸਾ ਹੁਕਮ ਸੈਨਾਪਤਿ ਕਹੈ ।
ਭੂਮ ਆਹਿ ਜਹਿ ਫੇਰ ਢੰਡੋਰਾ ॥ ਕਰਾਮਾਤ
ਕੀ ਲੀਨ ਨਿਹੋਰਾ ॥ ਕਹੈਗੋ ਜੁਧ ਹਮਸੋ
ਨਿਤ ਭਾਰੀ । ਹਕ ਕੀ ਕਰਣੀ ਨਹੀਂ
ਵਚਾਰੀ । ਸਭ ਰਾਜਨ ਸੋ ਹੇਤ ਬਨਾਈ ।
ਹਮ ਪਰ ਜੋਰ ਕਰੋ ਨਰ ਸਾਂਈ । ਗੁਰਪ੍ਰਸਾਦਿ
ਮਜਬ ਜੇਹ ਧਾਰਾ । ਮਾਰੈਗੋ ਸਭ ਜੁਧ
ਮਝਾਰਾ । ਤੁਰਕ ਜੀਵਤੇ ਜਬ ਨਹੀਂ ਜੀਵੈ ।

Scanned with CamScan

ਕਿਰਤ ਕਮਾਹੇ ਰਾਜਨ ਥੀਵੈ ॥ ਛੋਡ ਕਲੇਵਰ ਬਰਖ ਤਿਤਾਲੀ । ਝਾੜ ਝਾੜ ਤੇ ਸਿੰਘ ਸਿੰਘਾਲੀ । ਮਾਰਤ ਕੂਟਤ ਮਰੈ ਮਰਾਵੈ । ਸੀਸ ਅੰਤ ਗਨਤੀ ਨਹਿ ਆਵੈ । ਭੀਮ ਸਿੰਘ ਮਾਰੇਗਾ ਨਗਰ । ਲੁਟੇ ਗਾਓਂ ਪੁਰ ਸਗਰੇ ਬਗਰ । ਸੌ ਪੂਰਨ ਜਬ ਹੋਇ ਅਠਾਰਾ । ਹਮ ਬਪ ਅਨ ਚਾਲੀਸਾ ਧਾਰਾ । ਜਵਨ ਕੰਧਾਰੀ ਆਵੈ ਜਾਇ । ਜਾਂ ਬਿਦ ਦੇਸ ਉਜਰ ਸਭ ਗਾਇ । ਤਬ ਉਨੀ ਸੌ ਬਰਸ ਉਨੀਸ । ਨਗਰ ਬੀਚ ਭੂਪਤ ਰੰਗਤੀਸ । ਮਾਰ ਕੂਟ ਪੂਰਬ ਤੇ ਆਵੈ ॥ ਸੈਨ ਪਿਆਦੀ ਈਸੇ ਧਾਵੈ । ਮਿਲੈ ਖਾਲਸਾ ਆਪਨ ਫੂਟ । ਨਰ ਨਾਰੀ ਘਰ ਸਗਰੇ ਟੂਟ । ਸ਼ਸਤਰ ਛੋਡ ਬਿਪ੍ਰਨ ਕੀ ਰੀਸ । ਯਾ ਬਿਨ ਬਨੇਗਾ ਏਤੇ ਤੀਸ । ਸਾਤ ਬਰਸ ਕਾਹਿਲ ਮਮ ਪੰਥ । ਮਰੇ ਲਗਾਈ ਧਰਨ ਵਿਪੰਥ । ਤਬ ਏਹ ਬਿਧ ਐਸੀ ਬਨ ਆਵੈ । ਸਿੰਘ ਭੂਪਤ ਕੋਇ ਰਹਿਣ ਨ ਪਾਵੈ । ਵਣਜਾਰਾ ਮੇਰਾ ਇਕ ਸਿਖ । ਧਰਮ

ਹੇਤ ਫਿਰਤਾ ਵਿਸ ਸਿਖ। ਕਲਕਾ ਨਗਰ ਫੂਟ ਹੋਇ ਜਾਈ ॥ ਗ੍ਰਿਹਿ ਗ੍ਰਿਹਿ ਭੀਤਰ ਕਲਾ ਜਗਾਈ। ਦੁਆਦਸ ਬਰਸ ਕਛ ਜਾਨਾ ਨਾਹੀ। ਦਲੀਪ ਸਿੰਘ ਜਨਮਤ ਭਯਾ ਸਾਈਂ। ਗੋਪਤ ਬਖਮੈ ਭੀ ਤਬ ਕਰੈ। ਏਕ ਬੀਸ ਬਰਖਨ ਲਗ ਲਰੈ। ਫਿਰੈਂ ਫਰੰਗੀ ਸਿੰਘਨ ਪੰਥ। ਧਸੈ ਆਇ ਪਰਜਾ ਜਿਓਂ ਸੰਥ। ਸਬੈ ਨੀਤ ਕਰਤੇ ਸਤ ਸਾਤ। ਬਰਖ ਬੀਤ ਜਾਵੈ ਦਸ ਸਾਤ। ਏਕ ਮਲੇਛੀ ਬੰਧਨ ਨਾਮਾਂ। ਪਰਜਾ ਬਰਨ ਮੇਟੇ ਸੁਖ ਧਾਮਾਂ। ਗਊ ਸਿੰਘ ਕਾ ਬਨੇ ਜਿਉਂ ਸੰਗਾ। ਸਹਸ ਬਰਸ ਬੀਤੇ ਨਿਹਸੰਗਾ। ਰਿਲ ਪੁਰ ਬੀਚ ਡਾਢੀ ਸੁਤ ਹੋਈ। ਬਲੂਆ ਰਾਜ ਕਰੇਗਾ ਸੋਈ। ਦੇਸ ਪੰਜਾਬ ਸੂਦ ਜੋ ਹੋਇਆ। ਤਿੰਨ ਏਹ ਪੰਥ ਮਰਨ ਕਰ ਜੋਇਆ। ਹਿੰਦ ਵੀ ਉਤਰ ਦਖਸ਼ਨ ਪੂਰਬ। ਦਿਲੀ ਸ਼ਾਹ ਪਰਸ ਕਲਾ ਪੂਰਬ। ਕੁਛਕ ਕਹੀ ਬਹੁਤੀ ਰੋਹ

ਗਈ। ਕਥਾ ਕਰਤਾਰ ਬਿਸਤਰੀ ਰਹੀ। ਮਲ ਕਸ਼ਮੀਰ ਦੁਖ ਦੇ ਜਬੈ। ਬਿਪਰ ਬਿਸਨ ਜਸ ਸੁਤ ਹੋਵੈ ਤਬੈ। ਕਲਕੀ ਰੂਪ ਹਰੀ ਅਵਤਾਰ। ਸੰਭਲ ਮੰਦਰ ਬੀਚ ਉਜਿਆਰ। ਕਲ ਬੀੜਾਰਾ ਇਨ ਸਤ ਦਾਹਾ। ਕਲਕੀ ਉਪਜ ਸਵਾਰੇ ਰਾਹਾ। ਜਾਂ ਬਿਧ ਸਿੰਘ ਗੁਰੂ ਕਾ ਸਿਖ। ਬਿਪਰ ਸਾਰ ਸੁਤ ਹੋਵੈ ਰਿਖ। ਮਾਨੈ ਗੁਰ ਕੋ ਕਰੇ ਪ੍ਰਸਾਦਿ। ਸਭੈ ਸਰੀਣੀ ਖਾਵੈ ਬਾਦ। ਦੁਇ ਦਸ ਬਾਲ ਬਰਖ ਬਪ ਧਰਾ। ਨਾਰੀ ਝਿਕੁਟਾ ਬਿਆਹੀ ਬਰਾ। ਮਾਰ ਮਲੇਛ ਧਰਮ ਦ੍ਰਿੜ ਬੰਧਾ। ਪੰਚ ਪਚਾਸ ਦੇਹੁਰੇ ਸੰਧਾ। ਨਾਰੀ ਲੇਵਨ ਬਿਪਰ ਕੀ ਧਾਵੈ। ਤਬੈ ਬਾਲ ਬਹੁ ਤੇਜ ਦਿਖਾਵੈ। ਪਰਸ ਰਾਮ ਸਮ ਏਹ ਅਵਤਾਰਾ। ਬਿਪਰ ਤੇਜ ਦਰ ਕਾਰਜ ਸਾਰਾ। ਬਿਸ਼ਨ ਧਰਮ ਤਤ ਕੀਨ ਅਰੰਭ। ਜਾਂਤੇ ਬਾਦ ਭਇਓ ਪ੍ਰਚੰਡ। ਏਹ ਬਿਧ ਸਿਖ ਸਭ ਭਾਖ ਸੁਣਾਈ। ਹਮ

Scanned with CamScan

ਅਵਤਰੇ ਬਿਪ੍ਰ ਗ੍ਰੈਹ ਜਾਈ। ਤਾਂ ਲਗ ਸ਼ਹੀਦ ਬੈਤਾਲੀ ਪੰਗਤ। ਸੇਵ ਕਰੀ ਮੁਹ ਵਾਰੀ ਸੰਗਤ। ਰਾਵਨ ਭਗਤ ਕੀ ਪੂਜਾ ਲੇਵੈ। ਬਿਪਰ ਸਿਖ ਕੀ ਖਬਰ ਨ ਸੇਵੈ। ਗੁਪਤ ਕਵਿਖਤ ਕਥਾ ਕਰਾਈ। ਪੜਤ ਸੁਣਤ ਮਮ ਪਾਰ ਪਰਾਈ ॥੧੫॥ ਬੋਲੋ ਭਾਈ ਜੀ ਵਾਹਿਗੁਰੂ। ਸਾਖੀ ਹੋਰ ਚਲੀ।

## ਸਾਖੀ ਚੌਬੀਸਵੀਂ ਚਲੀ

ਇਕ ਵੇਰ ਸਿਖਾਂ ਪੁਛਿਆ ਜੀ ਸਚੇ ਪਾਂਤਸ਼ਾਹ ਸ਼ਹੀਦ ਕਿਨਾਂ ਨੂੰ ਕਹੀਦਾ ਹੈ। ਜ਼ਾਹਰ ਕਰੋ ਏਹਨਾਂ ਦੀ ਕਿਆ ਗਤਿ ਮੁਕਤਿ ਹੈ। ਤਾਂ ਹਸ ਬੋਲੇ ਗੁਪਤ ਪੁਛੀ ਸਿਖੋ ਗੁਰੂ ਜੀ ਆਪਣੀ ਸੰਗਤ ਆਪਣੇ ਹਜ਼ੂਰ ਰਖਦੇ ਹੈਨ। ਆਪਣੇ ਸੇਵਕ ਕੀ ਆਪ ਪਤ ਰਾਖੇ। ਭਾਈ ਕਲਜੁਗ ਘੋਰ ਹੈਰਮ। ਗੁਰੂ ਜੀ ਪਾਲੀ ਆਪਣੇ ਸਿਖਾਂ ਨੂੰ ਤਾਰਦਾ ਹੈ ਤੇ ਸਿਖਾਂ ਦੇ ਤਾਰਨੇ ਨੂੰ ਹੁਕਮ ਸਤਿ ਮੰਨਣ ਵਾਲੀ ਫੌਜ

Scanned with CamScan

ਗੁਰਾਂ ਕੇ ਪਾਸ ਹੈ। ਸੋ ਸਿਦਕੀ ਸਾਬਤੀ ਤੇ ਸੂਰਮਾ ਤੋ ਤਰਿਆ ਹੈ ਤੇ ਬੇ ਸਿਦਕੀ ਕੋਰ ਜੰਜਾਲੀ ਜਨਮ ਮਰਨ ਵਿਚ ਭੜਕਦੇ ਹੈਨ। ਗੁਰੂ ਖੜੇ ਸੰਗ ਸਨੇ ਉਡੀਕਦੇ ਹੈਨ। ਸੋਲਾਂ ਤੱਤਾਂ ਦੀ ਦੇਹ ਧਾਰਕੇ ਸਿਖਾਂ ਦੀ ਸਹੈਤਾ ਕਰਾਂਗੇ ਦਸ ਹਜ਼ਾਰ ਬਰਸ ਲਗ। ਕਿਵੇ ਸਿਖ ਹਮਾਰੇ ਵਲ ਆਵੈ, ਜੋ ਆਂਵਦਾ ਜਾਂਦਾ ਹੈ ਸੋ ਰਲਦਾ ਜਾਂਦਾ ਹੈ। ਛਿਪੰਜਾ ਕਰੋੜ ਸਿਖ ਸਤਿਗੁਰੂ ਸੌਂਪਿਆ ਹੈ। ਕਲੂਕਾਲ ਵਿਚ ਕਰਤਾਰ ਦਾ ਹੁਕਮ ਹੈ। ਸੁਧ ਧਰਮ ਕਰਦੇ ਤਾਰਨੇ ਹੈਨ। ਗੁਰੂ ਉਡੀਕਦੇ ਹੈਨ। ਕੁਵੇਰ ਦੇ ਲੋਕ ਅਤੇ ਭੂਮਪਰ ਤੇ ਭਵ ਲੋਗ ਲਗ ਵਿਚਰਤੇ ਹੈਂ। ਜੈਸੀ ਜੈਸੀ ਭਾਵਨਾ ਸ਼ਹੀਦਾਂ ਦੀ ਹੁੰਦੀ ਹੈ ਤੈਸੀ ਤੈਸੀ ਸਿਧ ਹੁੰਦੀ ਹੈ। ਭੂਤਾਂ ਪਰ ਭੀ ਪਰੇਤਾਂ ਰਾਖਸ਼ਾਂ ਪਰ ਭੀ। ਮਨੁਖ਼ ਪਰ ਪਸ਼ੂ ਨਾਗ ਪੰਛੀ ਜਖ਼ ਗੰਧਰਬ ਅਪਛਰਾਂ ਪਰ ਏਹਨਾਂ ਸਭਨਾਂ ਪਰ ਹੁਕਮ

ਸ਼ਹੀਦਾਂ ਦਾ ਹੀ ਹੁੰਦਾ ਹੈ। ਜਮ ਕੇ ਦੂਤ ਪੂਛਕੇ ਫਿਰਦੇ ਹੈਨ। ਏਨਾਂ ਨੂੰ ਸ਼ਸਤ੍ਰਾਂ ਵਾਲੇ ਬੈਤਾਲ ਅਤੇ ਵਿਦਿਆਧਰ ਕੈਂਹਦੇ ਹੈਨ। ਭਲੇ ਭੀ ਹੈਨ ਅਤੇ ਬੁਰੇ ਭੀ ਹੈਨ। ਸੁਭਾਵ ਸ਼ਾਤਕੀ ਰਾਜਸੀ ਤਾਮਸੀ ਤ੍ਰੈ ਪ੍ਰਕਾਰ ਦੇ ਹੈਨ। ਆਪਣੀ ਸੰਗਤ ਪਾਸੋਂ ਪੂਜਾਂਵਦੇ ਹੈਨ। ਕਾਮਨਾਂ ਪੂਰੀ ਕਰਦੇ ਹੈਨ। ਦੁਖ ਸੁਖ ਦੇ ਦਾਤੇ ਹੈਂ। ਦੇਵਤਿਆਂ ਪਰ ਭਰਥ ਖੰਡ ਏਹਨਾਂ ਨੂੰ ਦੇ ਕਰ ਸਵਰਗ ਮੇਂ ਜਾਇ ਬੈਠੇ ਹੈਨ। ਦੇਵਤਿਆਂ ਨੂੰ ਜੋ ਪਹੁੰਚਦਾ ਹੈ ਸੋ ਸ਼ਹੀਦਾਂ ਕੇ ਹਥ ਹੋਇ ਕੇ ਜਾਂਦਾ ਹੈ। ਪ੍ਰਮੇਸ਼ਰ ਏਸ ਕਿਰਤ ਨੂੰ ਲਾਇ ਦੀਏ ਹੈਨ। ਸਭੀ ਤਥਾਂ ਦੇ ਸ਼ਹੀਦ ਹੈਨ। ਭੋਜਨ ਬਸਤ੍ਰ ਅਸ-ਵਾਰੀ ਸਭ ਮੁਥਾਜ ਹੈ। ਸਬ ਦੀਪ ਖੰਡਾਂ ਦਾ ਸੈਲ ਹੈ। ਪਰ ਭੁਲਦੇ ਨਹੀਂ ਫਿਰਦੇ ਹੈਨ। ਮਾਇਆ ਕਾ ਤਮਾਸ਼ਾ ਦੇਖਦੇ ਹੈਨ। ਜਿਉਂ ਬਿਪ ਸਭ ਤਰ੍ਹਾਂ ਮਾਇਆ ਦੇਖਦਾ ਗਿਆ

Scanned with CamScan

ਸੀ। ਤਿਵੇਂ ਦੇਖਦੇ ਹੈਨ ਪਰ ਦੇਹ ਵਿਚ ਜੋਨਾਂ ਵਿਚ ਭਰਮਦੇ ਨਹੀਂ। ਗੁਰੂ ਸਿਰ ਪਰ ਠਾਂਡਾ ਹੈ। ਪਾਲੀ ਵਾਂਗ ਸੰਮਾਲ ਲੈਂਦਾ ਹੈ। ਇਹ ਗਤਿ ਮਿਤ ਸ਼ਹੀਦਾਂ ਦੀ ਹੈ। ਨਾਥਾਂ ਦੀ ਭੀ ਸਿਧ ਹੋਇ ਸੰਗਤ ਹੈ। ਮੁਹੰਮਦ ਦੀਨ ਵਾਲੀ ਜਮਾਤ ਕਹਾਂਵਦੀ ਹੈਗੀ। ਕਿਆ ਕੇਹਣਾ ਨਿਗੁਰੇ ਬੇਮੁਖੇ ਜੋ ਹੈਨ ਸੋ ਪ੍ਰੇਤ ਭੂਤਨੇ ਹੁੰਦੇ ਹਨ ॥੨੪॥ ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ।

—ਸਾਖੀ ਇਕਤਾਲਵੀਂ ਚਲੀ---

ਏਕ ਬੇਰ ਗੁਰੂ ਜੀ ਮਾਲਵੀ ਪਰਬਤ ਪਰ ਚੜੇ ਜਾਇ ਕੇ ਸਿਖ ਪੰਜ ਨਾਲ ਥੇ। ਇਕ ਸਿਖ ਥਾਗੰਧੀਲਾ ਵੇਖਕੇ ਉਸ ਮਥਾ ਆਇਕੇ ਟੇਕਿਆ। ਤਾਂ ਬਚਨ ਹੋਇਆ ਤੂੰ ਕਿਆ ਜਾਣ ਕੇ ਮਥਾ ਟੇਕਿਆ ਸਚ ਕਹੁ ਤਾਂ, ਹਸਕੇ ਕਹਿਆ ਸਤਿਗੁਰ ਮੈਂ ਰੇਵਾ ਦਾ ਪੁਤਰ ਹਾਂ ਮੈਨੂੰ ਰੇਵਾਲ ਕੇਂਹਦੇ ਹੈਨ । ਗੁਰੂ ਜੀ ਮੈਨੂੰ

ਮਾਈ ਨੇ ਕਹਾ ਪੁਤ੍ਰ ਤਪ ਕਰ। ਤਾਂ ਮੈਂ ਤਪ ਲਗਾ ਕਰਣੇ। ਉਤਰ ਖੰਡ ਵਿਚ ਜੁਗ ਤੀਨ ਬੀਤੇ ਤਾਂ ਬ੍ਰਹਮਾ ਨੇ ਦਰਸ਼ਨ ਦੀਆ। ਮੈਂ ਉਸਤਤ ਕਰੀ। ਬ੍ਰਹਮਾ ਪ੍ਰਸੰਨ ਹੋਇਆ ਤਾਂ ਮੈਨੂੰ ਬੋਲਿਆ, ਹੇ ਨਾਗ ਸੁਤ ਮਾਂਗ ਵਰ ਦੀਆ ਤੂੰ ਲੇਹ। ਤਾਂ ਮੈਂ ਕਹਿਆ ਰਾਜਸੀ ਪਾਊਂ ਬਿਭੂਤ। ਬ੍ਰਹਮਾ ਕਹਿਆ ਰੁਹ ਤਾਂ ਮੰਡਪ ਨਗਰ ਰਚਿਆ। ਵਿਸ਼੍ਵਕਰਮਾ ਨਗਰ ਕਾ ਰਾਜਾ ਹੋਇਆ। ਰਾਜ ਕਰਦਿਆਂ ਜੁਗ ਤ੍ਰੇਸਠ ਬੀਤੇ ਤਾਂ ਏਹ ਰਾਜ ਮੇਰਾ ਜਖਾਂ ਆਣ ਲੀਆ। ਤਾਂ ਜੁਧ ਕਰ ਦੇਹ ਛੋਡੀ। ਜਹਾਂ ਤਪ ਕਰਿਆ ਥਾ ਤਹਾਂ ਬ੍ਰਹਮਾ ਦੇ ਵਰ ਕਰ ਤੀਰਥ ਹੋਇਆ ਤੁਮ ਆਏ ਹੈ। ਨਿਹਕਲੰਕ ਜਬ ਹੋਇਗਾ ਤਹਾਂ ਲਗ ਈਹਾਂ ਰਹਾਂਗਾ। ਤੁਮ ਭੀ ਔਤਾਰ ਨਰ ਕਾ ਹੋ। ਮੇਰੀ ਸਹੈਤਾ ਕਰੋ ਜਖਾਂ ਨੂੰ ਸਮਝਾਵੋ। ਸਰਨ ਤੁਮਾਰੀ ਆਇਆ ਹੈਂਗਾ। ਤਾਂ ਗੁਰੂ ਜੀ ਕਮਾਣ ਖੇਂਚੀ ਸਭ ਪਰਬਤ

Scanned with CamScan

ਅਰੜਾਇ। ਹੇ ਗੁਰੂ ਜੀ ਰਖ ਲੈਣਾ ਰਖ ਲੈਣਾ। ਏਤਨੇ ਮੇਂ ਜਖਾਂ ਵਾਂਗੂੰ ਰੋਮ ਮਿਰਗ ਚਰਮ ਧਾਰੀ ਆਣ ਖੜਾ ਹੋਇਆ। ਪੁਰਖਾ ਲਗਾ ਕੈਹਨ ਤੁਮਾਰਾ ਸਮਾਂ ਨਹੀਂ ਆਵਣੇ ਦਾ ਤੁਮ ਗੁਰੂ ਜੀ ਜਾਵੋ। ਜਾਂ ਪੰਥ ਫੈਲੇਗਾ। ਤੁਮਾਰਾ ਤਾਂ ਤੁਸੀਂ ਭੀ ਜਖਾਂ ਪਾਸ ਆਇ ਓਤਰਨਾ ਹੈ। ਅਰ ਮੈਂ ਸਰਦ ਧਾਰ ਜਖ ਹਾਂ। ਸਾਡਾ ਨਾਲ ਰਾਧਾ ਜੁਧ ਹੁੰਦਾ ਹੈ। ਤੁਸਾਂ ਸਹੈਤਾ ਸਭਾਦੀ ਸਾਂਝੀ ਕਰਨੀ। ਅਸੀਂ ਭੀ ਦਸ ਸਹੰਸਰ ਸੈਨਾ ਦੇਵਾਂਗੇ। ਤੇਰੇ ਪੰਥ ਵਿਚ। ਤੁਮ ਘਬ ਹਮਾਰੇ ਪਾਸ ਆਵੋਗੇ। ਤਾਂ ਗੁਰੂ ਜੀ ਬੋਲੇ ਫੌਜਾਂ ਤੁਰਕ ਹੈਨ। ਏਕ ਬਾਣ ਸਾਥ ਭਸਮ ਕਰਾਂ ਪਰ ਮਨੁਖ ਦੇਹ ਹੈ ਕਲਜੁਗ ਦੀ ਤਰਾਂ ਹੀ ਵਰਤਣੀ। ਇਤਨੇ ਮੇ ਰੇਵਾਲ ਬੋਲਿਆ ਪਿਤਾ ਜੀ ਕੌਣ ਸੈਨਾ ਲੈ ਕੇ ਪੌਂਹਚਾਂਗਾ। ਭੁਝੰਗੀ ਸੈਨਾ ਮੇਰੀ ਹੋਈ ਡਰਾਵਣੀ ਨੜਿੰਨਵੇਂ ਸਾਲ ਹੋਇਗਾ ਤਾਂ

Scanned with CamScan

ਮੈਂ ਗੰਧਰਬ ਦੇਸ ਤੋੜਾਂਗਾ। ਤੁਮਾਰਾ ਪੰਥ ਰੇਣ ਮਾਂਡੇਗਾ ਤੁਰਕ ਮਾਰ ਗਰਦ ਕਰਾਂਗਾ। ਪੰਚਾਸ ਬਰਸ ਚਾਨਣਾ ਹੋਇਆ। ਕਪੀਸ ਗੰਧਰਬ ਕੀ ਸੰਤਤ ਮਲੇਛ ਭਾਵੇਂ ਜ਼ਮੀਨ ਦਬਾਇ ਲੇਵੇਗੀ। ਤਾਂ ਮੈਂ ਨਿਕਾਸ ਦੇਵਾਂਗਾ ਪੰਥ ਨੂੰ ਰੱਖਾਂਗਾ। ਮੇਰਾ ਤੇਜ ਫੈਲ ਜਾਵੇਗਾ। ਮਦਨਾਂ ਨਾਰੀ ਤੇ ਪੁੱਤਰ ਜਣਾਵਾਂਗਾ। ਦੋਇ ਪੀਛੇ ਲੜ ਕਰ ਖੰਡ ਪਰਜਾ ਕਰੇਂਗੇ ਕਾਮ-ਗੜ੍ਹ ਪ੍ਰਯਾਗ ਦਿਲੀ ਤੇ ਪੂਰਬ ਲਗ ਰਾਜ ਏਕ ਕਰੇਗਾ। ਦੂਜਾ ਸਿੰਧਵੀ ਰਾਵੀ ਭਾਗਾ ਸਤਲੁਦਰ ਤੇ ਪਸ਼ਚਮ ਕਸ਼ਮੀਰ ਲਗ ਰਾਜ ਕਰੇਗਾ। ਵਰਣ ਆਪਣਾ ਆਲਮੀ ਕਹਾ-ਵੇਗਾ। ਕਹਿ ਕਰ ਨਾਲ ਹੋਇ ਲੀਆ ਅਤੇ ਕੇਹਣ ਲਗਾ ਸੰਗ ਚਲਣਾ ਹੈ। ਤਾਂ ਬਚਨ ਹੋਇਆ ਜਾਹ ਭਾਈ ਤੂੰ ਕਵੇਰ ਪਾਸ ਕੇਹਣਾ ਜੁਧ ਕਰ ਕੇ ਧਰਮ ਥਾਪ ਕੇ ਪੰਥ ਕਾ ਵਿਰੋਧ ਤੁਰਕਾਂ ਸਾਥ ਸੁਖਾਇਕੇ ਦਖਣ ਜਾਵੋਂਗਾ।

Scanned with CamScanner

ਨੁਹੰਗ ਮੁਹਿੰਮ ਜੀਦਾ ਡੇਰੇ ਕੂੰਚਾਇਕੇ । ਤਾਂ ਉਹ ਗਇਆ ਵਿਰੋਧ ਮਿਟਾਇਆ । ਰਵਾਲ ਵਰ ਦੇਕਰ ਖੁਸ਼ੀ ਹੋਇਆ । ਬੋਲਿਆ ਤੁਮਕੋ ਅਪਦਾ ਬਸ ਕੀ ਹੋਵੇਗੀ । ਤਾਂ ਮੈਂ ਮਿਲਾਂਗਾ ਗਾਇਤ੍ਰੀ ਕੋ ਪਕਰ ਕਹਿਆ ਸੀ ਮੇਰਾ ਅਪਮਾਨ ਹੋਇਆ । ਪਾਹੁਲ ਲਈ ਗੁਰੂ ਕਿਆਂ ਤੋਂ ਸੋ ਤੁਸੀਂ ਸੁਚੇਤ ਰਹਿਣਾ । ਸਮੇਂ ਸਮੇਂ ਮੈਂ ਪੌਂਹਚਾਂਗਾ ॥ ੪੧ । ਸਾਖੀ ਪੂਰੀ ਹੋਈ । ਬੋਲੋ ਭਾਈ ਜੀ ਵਾਹਿਗੁਰੂ ।

## -ਸਾਖੀ ਇਕਵੰਜਵੀਂ ਚਲੀ-

ਦੋਹਰਾ ॥

ਬਦਨ ਸਿੰਘ ਸਿਖ ਗੁਰੂ ਕੋ
ਖਤਰੀ ਬੇਰੀ ਜਾਤ ।
ਮੂਹ ਦੇਖਤ ਪੂਛਿਓ ਤਿਸੇ
ਸ਼ੇਹਰ ਆਗਰੇ ਖਿਆਤ ।
ਦਰਸ਼ਨ ਕਾਜ ਆਯੋ
ਗੁਰੂ ਕਹਿ ਤੁਰਕਨ ਕੀ ਬਾਤ ।

Scanned with CamScan

ਕਰ ਜੋਰੇ ਪੂਛਤ ਸਹੀ
ਕਰਨੀ ਕਰਮ ਸੁਹਾਤ।

॥ ਚੌਪਈ ॥

ਸਮਾਂ ਕਲੂ ਕਾ ਸੁਨ ਸਿਖ ਪਿਆਰੇ। ਕਹੂੰ ਖਿਆਤ ਸਿਖਨ ਹਿਤ ਧਾਰੇ। ਸ਼ੈਹਰ ਕਲੰਕਾ ਨਗਰੀ ਕੋਸਾ। ਤਹਾਂ ਰਹੈਗੋ ਵੈਸ ਧਰੋਸਾ।ਤਾਂ ਕੀ ਨਾਰੀ ਕੰਨਿਆ ਬਿਆਵੈ।ਬਡੀ ਹੋਇ ਹਰਿ ਭਗਤ ਕਮਾਵੈ। ਬਰਖ਼ਬੀਸ ਕੋ ਅੰਤਰ ਸੇਵੀ। ਦਿਨਾ ਏਕ ਦੇਖੇ ਨਿਰਪ ਮੇਵੀ। ਬਿਸਲ ਨਾਮ ਦੇਖਤ ਬਸ ਹੋਵੈ। ਤਾਂ ਘਰ ਬਾਰ ਬਸਨ ਫਨ ਢੋਵੈ। ਪਕਰਾਵੈ ਘਰ ਕੋ ਲੈ ਜਾਈ। ਇਤਨੇ ਹੀ ਤੁਰਕਨ ਘਮਰਾਈ। ਮੌਨਦਾਰ ਪਾਤਸ਼ਾਹੀ ਬੀਚ। ਪਰੇ ਰੌਲ ਬਸ ਨਾਹਿ ਖਵੀਸ। ਸਿਲਾ ਫੋੜ ਮੰਦਰ ਪੁਟਵਾਵੈਂ। ਅਮਲ ਅਮਲੀ ਦੂਰ ਬਡਾਵੈਂ। ਹੋਇ ਜੁਧ ਆਪਸ ਮੈ ਲੜੇ। ਦਬੈ ਭੂਪਤ ਬਲ ਕੋ ਧਰੇ।ਹੋਇ ਲੜਾਈ ਘਰ ਘਰ ਪੁਰ ਪੁਰ। ਲੂਟੇ ਭਰੰਗਾ ਗਜ ਹਥ ਜਰ ਬਰ।

Scanned with CamScan

ਉਠੇ ਸੂਰਮਾ ਸੰਬਤ ਗੁਨੀਆਂ। ਗਊਬਗ ਮਿਲੇ ਲੁਟੇ ਮੁਨੀਆਂ। ਮਾਲਣੇ ਤੇ ਪੈਹਲੋਂ ਭੈ ਖਾਈ। ਪਾਛੇ ਸਭ ਦੇਸਨ ਤੇ ਜਾਈ। ਤੁਰਕ ਤਨਕ ਭਰ ਟਿਕਣ ਨਾ ਪਾਵੈ। ਸਿੰਘ ਮਾਰ ਪਸੂ ਅਨਸਮ ਘਾਵੈ। ਪਾਚ ਬਰਸ ਤਕ ਹੋਇ ਜੁਧ ਭਾਰੀ। ਰੁੰਡ ਮੁੰਡ ਤਬ ਕਰਨ ਖਵਾਰੀ। ਸਤ ਰੁਦਰ ਰਕਤ ਸਮ ਬਹੇ। ਸੀਸ ਮੂੰਡ ਕਾ ਅੰਤ ਨਾ ਲਹੇ। ਕਛੂਕ ਕਾਲ ਲੌ ਏਹ ਬਿਧ ਹੋਈ। ਘਰ ਮੈ ਡਗ ਮਗ ਬਹੇ ਨ ਕੋਈ। ਬਦਨ ਸਿੰਘ ਜੁਗ ਸਾਤ ਸੁਹਾਤ। ਹੋਈ ਪੰਥ ਲੋਗਨ ਵਖਿਆਤ। ਦਿਪ ਦੀਪਨ ਇਕ ਗਾਇ ਬਸਾਲਾ। ਤਾਂ ਮੈ ਜਨ ਮੈ ਧਰਮ ਭੂਪਾਲਾ। ਉਨਤ ਮਾਰ ਕਰ ਧਰਮ ਚਲਾਵੈ। ਤਬੈ ਪਿਛੇ ਨਿਰਪ ਮਾਰ ਕਢਾਵੈ। ਇਹ ਬਿਧ ਸਕਲ ਸਮੂਰਤ ਦੇਸਾ। ਟਕੇ ਚਲ ਵੇ ਬਾਲੂ ਕੇਸਾ। ਕਰਣ ਸੁਨਤ ਕੀ ਬਾਂਤਨ ਮਾਹੀਂ। ਅੰਤਰ ਦੀਰਘ ਅੰਤਰ ਨਾ ਕਾਹੀਂ। ਰਾਮ

ਸਿੰਘ ਉਨ ਨੀਚਨ ਡਰੈ। ਆਪਨੀ ਏਕ ਰਸੋਈ ਕਰੈ। ਸਿੰਘਨ ਦਲ ਖਤ ਪਾਸੇ ਰਾਖੈ। ਤਾ ਮਤ ਮਾਰ ਰਾਜ ਰਸ ਚਾਖੈ। ਰਾਜ ਸਿੰਘ ਸਣ ਟਿਕਣ ਨਾ ਹੋਇਆ। ਬੈਠਤ ਪਰਤ ਤੁਰਕ ਨਰ ਸੋਆ।

ਸਵੈਯਾ ॥

ਧੂਰ ਉਠੇ ਗਜ ਬਾਜ ਛੁਟੇ
ਨਰ ਨਾਰ ਭਗੇ ਘਰ ਛੋੜ ਚਲੈ।
ਠਗ ਚੋਰ ਲੁਟੇ ਸੁਤ ਬੰਧ ਛੁਟੇ
ਤਬ ਖਾਵਤ ਪੀਵਤ ਸਾਧ ਮਿਲੈ।
ਆਸ਼ਰਮ ਪੀੜਸ ਪੀੜ ਪਰੇ
ਸਨ ਦਾ ਨਮ ਹੋਤ ਸਵ ਧੂਰ ਰਲੈ।
ਸਾਲ ਬਿਸਾਲ ਸੋ ਸਾਤ ਰਸਾਲ
ਪਰਜਾ ਬਹੁ ਪੀੜਨ ਦਹ ਖਲੈ।੧੪।

ਦੋਹਰਾ ॥

ਆਠਮ ਸਾਲ ਸੁਹਾਵਣਾ
ਗੰਗਾ ਬਰਸ ਪਚਾਸ ॥

Scanned with CamScan

ਗਿਰ ਟੂਟੇ ਜਮਨਾ ਮਿਲੇ
ਗਹੋ ਭੁਝੰਗੀ ਬਾਸ ॥੧੫॥
ਕਹਾਂ ਧਰਮ ਕਹਾਂ ਬਰਣ ਥਾ
ਬੇਦ ਬ੍ਰਹਮ ਕਹਾਂ ਰੀਤ ॥
ਤੁਰਕ ਗਏ ਮੁੰਡੀਆ ਮਰੇ
ਜਗਿਓ ਖਾਲਸਾ ਮੀਤ ॥੧੬॥
ਜੁਧ ਕਰਤ ਦਿਲੀ ਫਿਰੇ ॥
ਤਬੈ ਭੁਝੰਗੀ ਮੇਲ ॥
ਬਾਗਾ ਪੈਹਰ ਸੰਜਾਂਵਲਾ
ਲੁਟੇ ਬਾਰਪਤ ਰੇਲ ॥੧੭॥
ਰਾਜ ਖ਼ਾਲਸਾ ਪੈਹਲ ਤੇ
ਦੋਸਤ ਬਰਖ ਪੰਚਾਸ ॥
ਮੁਹਤਕ ਸਤ ਇਕ ਤ੍ਰੈ ਸਸਰ
ਰੌਲੀ ਵਾਰਸ ਬਾਸ ॥੧੮॥
ਤੁਮ ਨੇਰਾ ਸਬ ਖਾਲਸਾ
ਨਿਪਜੇ ਤਹਿੰ ਸੰਜੋਗ ॥
ਤੇਜ ਸਿੰਘ ਸਮ ਉਠੈ

Scanned with CamScan

ਅਰ ਦਲੀਪ ਸਿੰਘ ਮਮ ਲੋਗ।।੧੯।।
ਉਨੀ ਸੈ ਕੇ ਭੀਤਰੇ
ਉਪਜੇਗਾ ਇਕ ਔਰ ।।
ਗੁਰੂ ਸਹੈਤਾ ਹੋਇ ਜਬ
ਪਰਗਟ ਕਰੈ ਨਿਜ ਠੌਰ ।।੨੦।।

ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ।

--ਸਾਖੀ ਅਠਵੰਜਵੀਂ ਚਲੀ--

ਦੋਹਿਰਾ ।।

ਬੰਦਾ ਬਖਸ਼ੀ ਖਾਲਸਾ
ਚਲਾ ਤੇਜ ਦਿਖਰ ਇ ।।
ਜੁਰੀ ਫੌਜ ਸਤ ਸਹਸ ਪੁਨ
ਲਖ ਲਾਖ ਅਠ ਆਇ ।।
ਦਬਕਾ ਸ਼ਾਹਿ ਦਿਲੀ ਪੜਾ
ਤੁਰਕ ਪਛਾੜੀ ਲੀਨ ।।
ਜੰਗਲ ਲੂਟ ਕਰ ਲੂਟਕੇ
ਲੂਟੀ ਪਵਾਦੀ ਦੀਨ ।।
ਸ਼ਹਿਰ ਸੰਢੌਰਾ ਮਾਰ ਕਰ

Scanned with CamScan

ਪਰਬਤ ਲੂਟੀ ਕਾਛ ॥
ਲੂਟੀ ਸਿਰੰਦੀ ਖਾਕ ਕਰ ਚਲੇ ਤੇਜ ਸੋ ਬਾਛ ॥

ਚੌਪਈ ॥

ਸਤਲੁਦਰ ਡਿਗ ਸ਼ੈਹਰ ਬਜਾਰਾ। ਲੂਟ ਕੂਟ ਕਰ ਆਇ ਲੁਦ ਵਣਜਾਰਾ। ਮਾਝਾ ਦਰਪਨ ਲੂਟੀ ਦਖਣੀ। ਕਲ ਮਲ ਲੋਗ ਜੌਨ ਕੀ ਰਖਣੀ। ਪੁਰ ਗੁਰਦਾਸ ਲੂਟ ਕਰ ਧਾਏ। ਬੜਾ ਜੁਧੇ ਹਮ ਭੀ ਤਹਾਂ ਆਏ। ਮਿਲੇ ਲੋਗ ਸਿਖਨ ਬਤਲਾਵਾ। ਬਖਸ਼ੀ ਗੁਰਿਆਈ ਸਿਖਰਾਵਾ॥ ੫੭ ॥

ਸੁਧਾ ਸਰੋਵਰ ਕਰ ਦੀਦਾਰਾ। ਆਪਣੀ ਰੀਤ ਫੁਰੀ ਗੁਰਕਾਰਾ। ਕਈ ਸੰਪ੍ਰਦਾ ਖਾਲਸੇ ਸੰਗਾ। ਗੁਰਿਆਈ 'ਚ ਹੈ ਸਭੈ ਨਿਸੰਗਾ। ਤਬੈ ਖਾਲਸਾ ਬਿਓਤ ਬਨਾਨਾ। ਕਲੇ ਬਸਨ ਮਧਿਆ ਮਖ ਭਾਵਾ। ਵਹੁ ਚੈਹੇ ਧਰਮ ਆਪਨਾ ਬੈਸਨੋ ਕਹੇ ਖਾਲਸਾ ਆਪਣਾ ਲੈਸਨੋ। ਗਈ ਫਰਿਆਦ ਦਖਣ ਦੇਸਾ।

Scanned with CamScan

ਸਿਖ ਪੁਕਾਰੇ ਸਿਰ ਇਕ ਭੇਸਾ। ਬਚਨ ਹੂਆ
ਰਹੇ ਖ਼ਾਲਸ਼ਾ ਊਹਾਂ। ਉਸੇ ਬਲਾਇ ਗਯੋ ਨਹਿ
ਤਹਾਂ । ਰਾਤ ਹੀ ਵਾਗਾ ਮੂਰ ਗਈ ਸੰਗਤ ।
ਸਿਖ ਸੰਗਤ ਨੇ ਕਾਢੀ ਰੰਗਤ । ਭਾਗ ਸਿਧ
ਪਾਰ ਜਹਾਂ ਰਹਾ ਵਣਜਾਰੇ ਤੁਰਕਨ ਸੋਕਹਾ ॥
੯॥ ਦੋਹਰਾ ॥

ਗੁਰੂ ਖਜਾਨਾ ਲੇ ਗਿਆ ਸਤਾ ਦੀਨੀ ਖੋਇ॥
ਤਹਾਂ ਖਜਾਨਾ ਲੂਟਿਆ
ਨਰਾ ਜੁਧ ਮੇਂ ਸੋਇ ॥੧੦॥
ਪੋਤਾ ਫਤੇ ਸਿੰਘ ਰਹਾ ਲੁਕਾ ਪਹਾੜੀ ਜਾਇ॥
ਜਗਾ ਖਾਲਸਾ ਸ਼ਸਤ੍ਰ ਪਾਇ ਸਤਗੁਰ ਕ੍ਰਿਪਾ
ਪਾਇ ॥੧੧॥ ਚੌਪਈ ॥

ਹਮ ਦੇਸਤ ਖਾਲਸਾ ਊਠਾ ॥ ਤੁਰਕ ਤੇਜ
ਦੂਰ ਸਗਲਾ ਮੂਠਾ । ਨੰਦ ਸਿੰਘ ਗਰਜਾ
ਸਿੰਘ ਆਦੀ। ਪੰਥ ਲਾਜ ਸਭ ਹਿਲ ਮਿਲ
ਸਾਜੀ। ਦੇਵਾ ਸਿੰਘ ਅਤਰ ਸਿੰਘ ਸੂਰਾ।
ਮਦਨ ਸਿੰਘ ਰਾਮ ਸਿੰਘ ਪੂਰਾ । ਕਪੂਰ

Scanned with CamScan

ਸਿੰਘ ਗੁਰਬਖਸ਼ਾ ਸਿੰਘ । ਚੇਲਾ ਸਿੰਘ ਐ
ਸਜਣ ਸਿੰਘ ॥ ੧੨ ॥ ਮਾਰੇ ਮਰੇ ਬਹੁਤ
ਦਿਨ ਬੀਤੇ। ਆਵਾ ਨਾਦਰ ਮੁਗਲੋ ਭੀਤੇ।
ਤਾਂ ਪਿਛੇ ਸੁਨੀ ਭੂੰ ਹੋਈ।ਮਾਲਕ ਹਮਕੋ ਦਿਖੇ
ਨਾ ਕੋਈ ॥੧੪॥ ਯਾ ਬਿਧ ਕਥ ਨੈਨ ਭਰ
ਦੇਖੀ। ਸਭ ਜਾਨੈ ਗੁਰਬਚਨ ਬਸੇਖੀ।
ਸਤਿਗੁਰ ਕਥਾ ਮੁਖੋਨ ਹੋ ਭਾਖੀ। ਸੁਨੋ ਸਿਖ
ਮਤ ਊਜਲ ਰਾਖੀ ॥੧੫॥ ਏਕ ਬੇਰ ਸਤਿ-
ਗੁਰ ਮੁਝ ਕਹਾ । ਸਹਿਜ ਭਾਇ ਹੋਇਨਿਕਟੇ
ਰਹਾ। ਪੂਛੈ ਤਬੈ ਸਾਖਾ ਗੁਰ ਭਾਖੀ । ਸੁਨੋ
ਸਿਖ ਸਤਿਗੁਰ ਮੁਖ ਆਖੀ।

ਦੋਹਿਰਾ ॥

ਐਸੀ ਕਲ ਮੈ ਹੋਇਗੀ
ਸਿਦਕੀ ਰਹੇ ਨ ਕੋਇ ॥
ਸਿਖਨ ਪੂਛਾ ਕਿਉਂ ਨਿਭੇ
ਪੰਥ ਤੁਮਾਰਾ ਸੋਇ ॥

Scanned with CamScan

ਚੌਪਈ ॥

ਬੋਲੇ ਗੁਰਸਿਖ ਜੀਤ ਪੰਜਾਬਾ। ਪਾਛੈ ਜੇਹਲਮ ਨਗਰ ਦੂਆਬਾ। ਦੂਆਬਾ ਸਤਿ-ਲੁਦਰ ਕੇ ਪਾਰਾ। ਮਾਲਵਾ ਜੀਤ ਜੰਗਲ ਪਗ ਧਾਰਾ। ਕੁਰਖੇਤਰ ਪਰਬਤ ਕੁਛ ਦਾਲਾ। ਸੰਬਤ ਬੀਤੇ ਅਠ ਦਸ ਸਾਠਾ। ਪੂਰਬ ਸਾਧੇ ਈਸੇ ਖਾਦਮ। ਇਤ ਤੇ ਸਿੰਘ ਲੂਟੇ ਸਭ ਨਾਦਮ। ਮੰਤਰ ਬੇਦ ਦਿਲੀ ਕੋ ਮਰਦ। ਤਾਂ ਲਗ ਸਿਲੀ ਬੈਠੇ ਮਰਦ। ਜੋ ਸਭ ਮਿਲ ਕੇ ਮੇਰਾ ਪੰਥ। ਧਸੈ ਮਤਰ ਸੋਂ ਮੁਝ ਸੁਤ ਸੰਥ। ਯਾ ਬਿਧ ਪੰਥ ਦੁਖੀ ਹੁਏ ਝੂਰੈ। ਸ੍ਰੀ ਵਾਹਿਗੁਰੂ ਕੇਸੀ ਕਰੈ। ਚਿਤਵਤ ਹੀ ਐਸੀ ਹੋਇ ਜਾਇ। ਨਬੇ ਸਾਤ ਸਾਲ ਢਿਗ ਆਇ॥ ਦੌਵਹ ਸਾਲ ਫਿਰ ਤਾਂ ਮਿਲੈ। ਰੋਲੀ ਤਰੈ ਦੇਸ ਸਬ ਰੁਲੈ। ਉਠੇ ਰਖਕ ਦੇਸਨ ਕੋ ਦੁਲੋ। ਸਬ ਰਾਜਨ ਕੋ ਪੁਟ ਦੇ ਮੂਲੋ ॥੨੩॥

Scanned with CamScan

ਦੋਹਿਰਾ ॥

ਤਬਸਬ ਲੋਗਨ ਦੁਖਹੋਇ ਮਰਦੇਗਏਸਭ ਦੇਸ।
ਈਸੇ ਸੰਗਤ ਸਤ ਮਮ ਸੰਗਤ ਪੀਛੇ ਕੇਸ।

ਚੌਪਈ ॥

ਮੇਰੀ ਰੀਸ ਕਰੈਹਗੇ ਮੌਨ।
ਤਾਂ ਹਮ ਸਿਖਨ ਭੇਜੋਂ ਭੌਨ।
ਏਕ ਅਕਾਲ ਚਹੂੰ ਦਿਸ ਝੂਲੇ।
ਪਸਚਮ ਅਟਕ ਪਾਰ ਲੜ ਕੂਲੇ।

ਦੋਹਿਰਾ ॥

ਏਕ ਸਹਾਈ ਤੁਲੜਾ ਮੂਲਾ ਗੁਰ ਕਾ ਸਿਖ।
ਭੇਸ ਹਿੰਦੂ ਸਿਖ ਗੁਰੂ ਕਾ
ਦੇਸਨ ਜੀਤੇ ਪਿਖ।੨੬।੫੮।

-ਸਾਖੀ ਉਨਾਹਠਵੀਂ ਚਲੀ-

ਏਕ ਬਾਰ ਕੇਸਗੜ੍ਹ ਥੇ ਤਹਾਂ ਗੁਰੂ ਜੀ ਬੈਠੇ ਪ੍ਰੇਮ ਰਸ ਸਾਥ ਥੇ। ਸੰਗਤ ਨੂੰ ਹੁਕਮ ਹੋਇਆ ਹਮ ਸੇ ਜੋ ਪੁਛਣਾ ਸੋ ਨੰਦ ਲਾਲ ਬਤਾਵੇਗਾ। ਤਾਂ ਨੰਦ ਲਾਲ ਲਿਖਾੜਾ ਲਿਖਾਰੀਆਂ ਏਕੱਠਾ ਕੀਆ। ਪਾਤਸ਼ਾਹੀ

Scanned with CamScan

ਲਿਖਾਰੀ ਅਰ ਕਵੀਸ਼ਰੀ ਬੁਲਾਇ ਸਤਿਗੁਰਾਂ ਕੇ ਹਜ਼ੂਰ ਗੁਰੂ ਜੀ ਨੂੰ ਰਾਜ਼ੀ ਕਰਿਆ ਕਰੇ। ਵਰਸ ਦਿਨ ਗੁਰੂ ਜੀ ਕ੍ਰੋਧਵਾਨ ਰਹੇ ਥੇ। ਕੇਸ ਧਾਰ ਕੇ ਪੈਹਲ ਦੇ ਕੇ। ਲਈ ਪੈਹੁਲ ਤਾਂ ਸੰਗਤ ਵਰਣਾ ਕੀਤਾ ਮਹਿ ਮੋੜ ਗਏ। ਲਗੇ ਕੈਹਣ ਗੁਰੂ ਜੀ ਨੂੰ ਸਿਰੜ ਹੋਇਆ। ਜੋ ਜਨੇਊ ਉਤਾਰ ਕੇ ਝਾੜਾਂ ਨੂੰ ਪੈਹਨਾਇਆ। ਤਾਂ ਬਚਨ ਹੋਇਆ ਗੁਰੂ ਕੀ ਸੰਗਤ ਝਾੜ। ਏਕ ਸਮੇਂ ਸ੍ਰੀ ਗੁਰੂ ਜੀ ਮਾਂਹ ਅਰ ਲੋਹਾ ਤੇਲ ਦਾਨ ਕੀਆ। ਦੀਆ ਅਰਦਾਸੀਏ ਨੂੰ ਸਰੇਸ਼ਟ ਬ੍ਰਾਹਮਣਾਂ ਨੂੰ ਵੰਡ ਦੇਹ। ਮਣ ਸੌ ਲੋਹਾ ਮਾਹ ਸੌ ਮਣ ਅਤੇ ਤੇਲ ਭੀ। ਤਾਂ ਅਰਦਾਸੀਏ ਕਹਾ ਹਜ਼ੂਰ ਜੀ ਸਚੇ ਪਾਤਸ਼ਾਹ ਬ੍ਰਾਹਮਣ ਨਹੀਂ ਲੇਤੇ। ਤਾਂ ਬਚਨ ਹੋਇਆ ਫੇਰ ਪੁਛਿਆ। ਅਰਦਾਸੀਏ ਕੋ ਕਿਆ ਕੈਹਤੇ ਹੈਣ। ਤਾਂ ਅਰਜ ਕੀਤੀ ਜੀ ਪਾਤ-ਸ਼ਾਹ ਜੀ ਸਚੇ ਸਾਹਿਬ ਤੁਮਾਰੀ ਤੁਮ ਹੀ

Scanned with CamScanner

ਜਾਨੋ ਤਾਂ ਅਰਦਾਸੀਆ ਡਰ ਗਿਆ । ਸਾਹਿਬ ਸਿੰਘ ਤਾਂ ਕਹਿਆ ਸਚੇ ਸਾਹਿਬ ਕਹਤੇ ਅਧਕਾਰੀ ਰਹੇ । ਖੱਤਰੀ ਹੋਇਕੇ ਜਨੇਊ ਲਾਹ ਦੀਆ ਕੁਲ ਕੇ ਸੋਢੀ ਸਭ ਕੇਹਤੇ ਹੈਨ ਗੁਰੂ ਕੇ ਬਾਹਰੇ ਹੋ ਗਏ ਹੈਨ । ਸੁਣ ਕਰ ਬਚਨ ਹੋਆ ਸਿਖਾ ਭਲੇ ਕਰੋ । ਅੰਗੂਠੀਆਂ ਕੜੇ ਲੋਹੇ ਦੀਆਂ ਮਾਲਾਂ ਬਨਾਇ ਲਿਆਵੋ । ਮਾਨ ਬਚਨ ਤਿਵੇ ਹੀ ਕਰਾਇਕੈ ਸਿਆਮ ਸਿੰਘ ਲੈ ਕੇ ਦੀਵਾਨ ਵਿਚ ਰੈਹਰਾਸ ਦੇ ਵੇਲੇ ਭੇਟ ਲਿਆ ਕੇ ਅਗੇ ਧਰੇ ਤਾਂ ਗੁਰੂ ਬੋਲੇ ਦਾਤਾ ਵੁਗਤਾ ਆਪ ਤੂੰ ਤਿਸ ਦੇਵੈ ਕਰੈ ਪਸਾਉ । ਤੂੰ ਜਾਣੋਈ ਸਬਸੇ ਦੇ ਲੈਸਹਿ ਜਿੰਦ ਕਵਾਉ । ਫੇਰ ਵੰਡ ਦਿਤੇ ਦੋਇ ਕੜੇ ॥੨॥ ਏਕ ਛਾਪ ਦੋਇ ਚੱਕਰ ॥੨॥ ਜ਼ੰਜੀਰੀ ਇਕ ॥੧॥ ਕਰਦ ਇਕ ॥੧॥ ਪਾਂਚ ਭਲੇ ॥੫॥ ਸਰਬਤਰ ਨੂੰ ਵਰਤਾਇ ਦਿਤੇ ਖ਼ਾਲਸੇ ਲੇ ਲੀਤੇ । ਤਾਂ ਖੁਸ਼ੀ ਹੋਇ ਤਾਂ ਬਚਨ ਕੀਆ ।

Scanned with CamScan

ਗੁਰੂ ਖਾਲਸਾ ਹੋਵੇਗਾ ਨਿਤਾਣਿਆਂ ਦਾ ਤ੍ਰਾਣ ਨਿਥਾਵਿਆਂ ਦਾ ਥਾਂਵ ਬਚਨ ਹੋਇਆ ਬ੍ਰਾਹਮਣ ਪਤ ਗਵਾਈ। ਗੁਰ ਛੋਡਾ ਗੁਰੂ ਕੇ ਛੋਡੇ ਗੋੜਾ ਡੇਰੋੜਾ ਸਨੋੜਾ ਹੋਇ ਪੇਹਵੀ ਕਾਨ ਕੁਬਜ ਪਾਬਰ। ਉਠਾਵੇ ਸਿਖ ਸਾਬਰ। ਤਾਂ ਦੇਖ ਕੇ ਕਰੋਧ ਗੁਰੂ ਜੀ ਕਾ ਪ੍ਰੋਹਿਤ ਖੜਾ ਹੋਇਆ ਹਥ ਜੋੜ ਕੇ। ਤਾਂ ਬਚਨ ਹੋਆ ਸਾਰ ਸੁਤਾ। ਖਾਲਸੇ ਕੇ ਜੁਗਤ ਰਹੁ ਕਾਹੁ ਭੇਸ। ਖਾਲਸੇ ਕੇ ਦਰਵੇਸ਼ ਤੁਮਾਰਾ ਹੋ ਬੰਸ। ਖਾਲਸੇ ਮੇ ਅਵਤੰਸ। ਸੰਭਲ ਪੁਰਬੰਸਾ ਬਿਸ਼ਨ ਜਸ ਕੁਲ ਤੁਮਾਰੀ। ਪਰਜਾ ਕੀ ਰਖਵਾਰੀ ਨਿਹੰਕਲੰਕ ਹੋਵੈ ਕੁਲ ਸਨਾਥ ਸੋਹੈ ਤਾਂ ਸੋਢੀਆਂ ਹਥ ਜੋੜੇ। ਤਾਂ ਬਚਨ ਹੋਆ ਮੇਰੀ ਗੁਰਿਆਈ ਜਿਨ ਕੇ ਮਨ ਭਾਈ। ਵਧਹ ਕੁਲ ਤਾਹਿਕਾ ਮਮ ਪੰਥ ਕੇ ਨਾਹਿੰਕਾ। ਮਾਨੈ ਮੁਝ ਸਮਾਨ ਬਸੀਅਹੁ। ਮਮ ਧਾਮ। ਤਬ ਡਰਕੇ ਖਤਰੀਏ ਆਏ ਹਥ ਜੋੜਕੇ ਸਰਣ

Scanned with CamScan

ਪੜੇ ਤਾਂ ਬਚਨ ਹੋਆ ਮੇਰੇ ਪੰਥ ਦੇ ਅਧੀਨ ਰਹੇਗੇ। ਤਾਂ ਤੁਸੀਂ ਸੁਖੀ ਹੋਵੋਂਗੇ ਸਾਰੇ ਜਗਤ ਕੀ ਕਾਣ ਖਾਲਸੇ ਲਾਈ। ਅੰਬੀਰੀ, ਵਜੀਰੀ, ਫਕੀਰੀ, ਤਬੀਰੀ, ਜ਼ਹੀਰੀ, ਅਕਲ ਕੀਰੀ, ਦਾਨ ਕੀ ਦਹੀਰੀ, ਬੰਦੂਕ ਤਰਗ ਸੰਗੀਰੀ। ਰਾਜ ਮੰਤਰ ਦਾਤ ਉਦੇ ਸਿੰਘ ਨੇ ਅਤੇ ਮੋਹਰ ਸਿੰਘ ਅਤੇ ਧੰਨਾ ਸਿੰਘ ਅਤੇ ਮਾਨਸਿੰਘ ਦਾਨ ਸਿੰਘ ਚੜ ਸਿੰਘ ਢਿਮੀ ਦਾਰ ਗੋਤ ਹੈ ਬਖਸ਼ਾ। ਕਹਿਕੇ ਉਠੇ ਮੰਦਰ ਨੂੰ ਗਏ। ਮਾਤਾ ਜੀਤੋ ਜੀ ਚਰਨੀਂ ਲਗੀ। ਬੇਟੇ ਕੀ ਕਰਨਗੇ। ਸਰਦਾਰੀ ਦਿਤੀ ਸਿਖਾਂ ਨੂੰ। ਤਾਂ ਹਸ ਬੋਲੇ ਤੁਮ ਸਚਾ ਘਰ ਮਲੋ। ਸਭ ਤੁਮਾਰੀਂ ਆਗਿਆ ਮੰਨੇਂਗੇ। ਅਰ ਸਿਧੀ ਸਰਦਾਰੀ ਤੇਰੇ ਕੁਟੰਬ ਨੂੰ ਅਸੀਂ ਜਹਾਂ ਤੁਮ ਤਹੀਂ। ਏਹ ਕੈਹਕੇ ਸਮਾਧੀ ਲਗਾਈ। ਮਥਾ ਟੇਕ ਮੇਹਲ ਗਿਆ ਵਾਕ ਮੰਨਿਆ।।੯।। ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ।।

Scanned with CamScan

# (ਗੁਰ ਪ੍ਰਤਾਪ ਸੂਰਜ ਰੁਤ ੫ ਧਿਆ ੯)

ਚੌਪਈ ॥

ਰਾਜ ਮਤਰ ਕੀ ਦਾਤ ਬਡਾਈ। ਉਦੇ ਸਿੰਘ ਮੋਹਰ ਸਿੰਘ ਪਾਈ। ਧੰਨਾ ਸਿੰਘ ਮਾਨ ਸਿੰਘ ਜਾਨ। ਦਾਨ ਸਿੰਘ ਚੜ ਸਿੰਘ ਪਰਮਾਨ ।੩੦। ਜ਼ਿਮੀਂਦਾਰ ਏਹ ਗੋਤ ਬਸਾਲਾ। ਬਖਸ਼ਿਓ ਰਾਜ ਬਨੈ ਮਹੀਪਾਲਾ। ਏਹ ਕੈਹਤੇ ਉਠ ਮੰਦਰ ਬਰੇ। ਆਇ ਅਜੀਤੋ ਹੈਰਨ ਕਰੇ ।੩੧। ਹਾਥ ਜੋਰ ਪਦ ਪੰਕਜ ਲਾਗੀ। ਭਈ ਦੀਨ ਬੋਲੀ ਵਡ ਭਾਗੀ। ਪਾਤਸ਼ਾਹ ਬੇਟੇ ਕਿਆਕਰ ਹੈ। ਸਿਖ ਸਰਦਾਰੀ ਲੇਬਲ ਧਰ ਹੈ ।੩੨। ਹੇਰ ਅਜੀਤੋ ਅਸ ਮੁਸਕਾਏ। ਕਹਿਓ ਭਵਿਖਤ ਗਲ ਸਮਝਾਏ। ਤੁਮ ਸਚਾ ਘਰ ਅਚਲ ਸੰਭਾਲੋ। ਜਹਾਂ ਕਲੇਸ਼ ਨਹੀਂ ਕਿਸ ਕਾਲੋ ।੩੩। ਤਹਿ ਕੁਟੰਬ ਤਾਸ ਮਹਿ ਭਾਰੀ। ਦਿਲੀ ਅਰਸ ਕੀ ਬਡ ਸਰਦਾਰੀ। ਜਿਸ ਥਾਂ ਬਨ ਹੈ ਬਾਸ

Scanned with CamScanner

ਹਮਾਰਾ । ਤਹਾਂ ਬਾਸ ਤੁਵਯੁਤ ਪਰਵਾਰਾ ।੩੪। ਜੇਤਕ ਪੰਥ ਖਾਲਸਾ ਭਾਰੀ । ਸੋ ਸਭ ਤੁਮਰੇ ਆਗਿਆਕਾਰੀ । ਨਿਤ ਮਾਨਹਿ ਬੰਦਨ ਕੋ ਠਾਨਹਿ । ਗੁਰ ਉਪਕਾਰ ਆਪਨ ਕੋ ਜਾਨਹਿ ।੩੫। ਅਵਨੀਪਰ ਜਸ ਕਰੈ ਬਸਾਲਾ । ਗੁਰ ਕੋ ਪੁਤਰ ਖਾਲਸਾ ਜਾਲਾ । ਬਡ਼ੀ ਘਾਲ ਘਾਲੀ ਵਥ ਪਾਈ । ਇਨ ਮਹਿਮਾ ਮੁਹਤੇ ਬਹੁ ਛਾਈ ।੩੬। ਇਮ ਕੇਹ ਕਰ ਥਿਰ ਭਏ ਗੁਸਾਈ । ਲੋਚਨ ਮੂੰ ਸਮਾਧ ਲਗਾਈ । ਸਤ ਚੇਤਨ ਆਨੰਦ ਮਝਾਰੀ । ਨਿਜ ਸਰੂਪ ਮਹਿ ਥਿਰਤਾ ਧਾਰੀ ।੩੭। ਦੇਖ ਕੀਤਗੋ ਰੁਖਸਤ ਭਾਂਤੀ । ਭਈ ਅਜੀਤੋ ਸੀਤਲ ਸ਼ਾਂਤੀ । ਮੰਨਿਓ ਬਚਨ ਭਰਥਾ ਫੁਰਮਾਇਓ।ਹਾਥ ਜੋਰ ਕਰ ਸੀਸ ਨਿਵਾਇਓ ।੩੮। ਗਈ ਆਪਨੇ ਥਾਨ ਮਝਾਰੀ । ਨਹਿ ਕਿਸਕੇ ਢਿਗ ਬਹੁਰ ਉਚਾਰੀ । ਪਤ ਆਸ਼ੇ ਲਖ ਰਿਦੇ ਛਪਾਯੋ । ਰਹ ਅਨਸਾਰ ਤਥਾ

Scanned with CamScan

ਮਨ ਭਾਯੋ ।੩੯। ਇਮ ਸਤਿਗੁਰ ਕੇ ਚਰਤ ਬਸਾਲੇ । ਸੁਨ ਸ੍ਰੋਤਾ ਹੇਤ ਕਲ ਮਲ ਕਾਲੇ । ਕਵ ਸੰਤੋਖ ਸਿੰਘ ਕਰ ਬੰਦ । ਬੰਦਨ ਕਰੋ ਚਰਨ ਅਰ ਬਿੰਦ ।੪੦।

## ਸਾਖੀ ਸੱਠਵੀਂ

ਦੋਹਿਰਾ॥

ਵਰਤਾਰਾ ਵਰਤੇਗਾ ਜਗ ਸੁਣੋ ਸਿਖ ਚਿਤ ਲਾਇ । ਸਤਿਗੁਰ ਜੈਸੀ ਭਾਵਸੀ ਤੈਸੀ ਚਲਸੀ ਵਾਇ । ਏਕ ਬੇਰ ਸਤਿਗੁਰੂ ਤਬ ਸਬ ਦੀਵਾਨ ਚੁਟੇਰ । ਬੋਲੇ ਦੇਖ ਕਰ ਖਾਲਸੇ ਬੇ ਰਾਜੇ ਢਿਗ ਢੇਰ ।

ਤਬ ਉਸ ਬੇਰ ਬੀਰ ਸਿੰਘ ਜਸਪਾਲ ਆਇਆ ਮਦਨ ਸਿੰਘ ਰਾਜਪੂਤ ਭੀ ਥਾ । ਤਾਂ ਗੁਰੂ ਕੋ ਪੁਛਿਆ ਸਿਆਮ ਸਿੰਘ ਨੇ । ਜੀ ਪਾਤਸ਼ਾਹ ਖਾਲਸਾ ਥੋੜਾ ਤੇ ਵੈਰੀ ਹਿੰਦੂ ਮੁਸਲੇ ਬਹੁਤੇ ਹੈਂ ਕੈਸੇ ਰਾਜ ਠਹਿਰੇਗਾ । ਤਾਂ ਬਚਨ ਸ੍ਰੀ ਮੁਖਵਾਕ ਪਾ: ੧੦ ॥ ਖਾਇਗੋ ਖਰਚ ਲੇਗੋ

Scanned with CamScan

ਲਾਲ । ਸਰਕੇਗੋ ਜੁਧ ਮਾਹਿ ਕਰੇਗੋ ਨਿਹਾਲ ।
ਖਾਰੀ ਲਗ ਲਛਮੀ ਸਿਮਤੀ ਸਗਰੀਆਂਣੇ
ਸਾਰਾ । ਖੜੇ ਲੜੇ ਸੰਗਰਾਮ ਮੈਂ ਖਾਲਕ
ਕਰਗੋ ਪਾਰਾ । ਖਾਨ ਖਾਇ ਲਸਕਰ ਖਰੇ
ਕਰੇ ਸਾਰ ਕਾ ਮੇਲ । ਤਬੈ ਖਾਲਸਾ ਜਾਗੇਗੋ
ਜਾਨੈ ਭਾਰਤ ਪੇਲ ।੯। ਸੰਜੋਗੀ ਸੰਜੋਗ ਮੈ
ਸਾਰ ਸੰਗਣੇ ਮਾਝ । ਸੁੰਨ ਧਿਆਨ ਗੁਰ
ਗਿਆਨ ਮੈ ਕਰੈ ਖਾਲਸਾ ਸਾਝ । ਸੁੰਨ ਲਲਾ
ਤ੍ਰੈ ਪੰਜਵੇਂ ਉਨ ਸਸਾ ਪੰਚਾਸ । ਸੰਬਤ
ਬਿਤਵੈ ਖਾਲਸਾ ਮਾਲਕ ਹੋਇ ਖਿਸ ਜਾਸ ।
ਖਾਦਰ ਲਾਗਰ ਸਾਂਗਰੇ ਬੀਚ ਬੀਚ ਕਰੇਜੋ
ਰਾਜ । ਦਿਲੀ ਟਿਕੈਨਾਂ ਰਾਜ ਸਿਖ ਗੁਰੂ
ਨਾਨਕ ਬਖਸੀ ਸਾਂਝ । ਨੌਂ ਨੌਂ ਨਾਗ ਮਿਲੈਂ
ਮੇਦਨੀ ਮੁੰਡਤ ਤੇਰੈ ਸੀਸ। ਕਲ ਇਹ ਭਾਰਤ
ਹੋਇਗੋ ਤ੍ਰਬ ਖਲ ਖਾਲਕ ਖੀਸ।ਏਕ ਸੁੰਨ ਤ੍ਰੈ
ਮਾਘ ਦੀ ਕੋਰਵ ਬਿਲਸੈ ਰਾਜ । ਏਕ ਪੰਚ
ਪਰ ਸੁੰਨ ਦੇਇ ਨੰਦ ਭੂਮ ਪਤ ਰਾਜ ।੮।

Scanned with CamScan

ਫਿਰ ਸੋਰਜ ਮੋਰਜ ਤੁਰੈ ਮੁਗਲ ਪਠਾਣਾਂ ਤੇਜ। ਚਾਰ ਸੁੰਨ ਆਧਾ ਉਪਰ ਰਹੈ ਖ਼ਾਲਸਾ ਰੇਜ।੯। ਪਾਂਚ ਸੁੰਮ ਆਗਮ ਦੀਏ ਕਲਾ ਉਖਾਰੇ ਰਾਜ। ਮੀਤ ਭੀਤ ਛੂਟਨ ਖਰਕ ਕੁਰਮੈ ਕਲਮੈ ਰਾਜ।੧੦। ਏਕ ਓਰ ਦਿਖ ਦਛਣੀ ਗੌਰ ਮੌਨ ਪੁਰ ਫਿਰੰਗ। ਜਗੈ ਖ਼ਾਲਸਾ ਦੀਪ ਸਿੰਘ ਤੇ ਮੁਗ ਕਹਾਂ ਨਰਿੰਦ। ਮਾਲਵ ਕੁਰਵੇ ਜਾਂਗਲੀ ਮਾਝਾ ਪਰਬਤ ਅਟਕ। ਕਸ਼ਮੀਰੀ ਓਹੰਸ ਪੁਰੇ ਮਲਕ ਪੁਰੇ ਮੈ ਸਟਕ।੧੨। ਪਸ਼ੌਰ ਜਲਾਲਾ ਕਾਬਲੀ ਲੇਵੈਗੋ ਦੋ ਦੇਸ। ਤਬੈ ਖ਼ਾਲਸਾ ਸਿੰਧ ਦਰ ਦਿਲੀ ਕੇ ਸਿਰ ਭੇਸ।੧੩। ਰੰਗ ਰੂਪ ਸਬ ਛਿਪੇ ਮੈ ਦਲੀਪ ਸਿੰਘ ਨਰੰਗ। ਜੋਤੀ ਜੋਤਿ ਸਮਾਇ ਘਰ ਲੋਹੇ ਛੋਹ ਭਜੰਗ।੧੪। ਕੋਈ ਦਿਨ ਖਾਏ ਸਹੀ ਲਵ ਪੁਰ ਅਰ ਕਸ਼ਮੀਰ। ਸਾਧੇਂਗੋ ਖ਼ਾਲਸਾ ਹੋਇ ਮਮ ਦਸਤੰਗੀਰ। ੧੫। ਖਾਲਸਾ ਗੁਰੂ ਕਾ ਗੁਰੂ ਖਾਲਸਾ ਕਾ।

ਤਾਂ ਸਿਖਾਂ ਮਥਾ ਟੇਕਿਆ ਅਤੇ ਪੁਛਿਆ ਗੁਰੂ ਜੀ ਸਾਹਿਬ ਸਚੇ ਪਾਤਸ਼ਾਹ ਗੁਰੂ ਕਾ ਭੀ ਦਰਸ਼ਨ ਤਬ ਹੋਇਗਾ। ਤਬ ਬਚਨ ਹੋਆ ਖਾਲਸੇ ਮੇਂ ਹਮ ਆਵਤ ਰੇਂਗਾ॥੬੦॥ਸਾਖੀ ਪੂਰੀ ਹੋਈ। ਬੋਲੋ ਭਾਈ ਜੀ ਵਾਹਿਗੁਰੂ ॥

—ਸਾਖੀ ਇਕਾਠਵੀਂ ਚਲੀ---

ਤਾਂ ਸਤਿਗੁਰ ਚੁਪ ਕਰ ਰਹੇ ਦੇਖਣ ਲਗੇ ਤਾਂ ਸਿਖਾਂ ਸਰਬਤਰ ਖਾਲਸੇ ਅਰਦਾਸ ਕਰੀ। ਸਚੇ ਪਾਤਸ਼ਾਹ ਭਾਣਾ ਵਰਤਾਰਾ ਸਮਝਾਇ ਕਹੀਏ। ਤੇਰੇ ਪੰਥ ਸਨੇ ਹਾਣ ਲਾਭ ਕੀ ਕਥਾ ਕੈਸੇ ਹੋਇਗੀ।

ਦੋਹਰਾ ॥

ਕਹਿਆ ਲਾਖ ਚਾਰ ਜੁਗਚਲੇ ਬਤੀ ਸਹੰਸਰ ਮੂਲ। ਜਾਂ ਕਰਲੈ ਸਾਧੂ ਅਧਕ ਮਿਟੇ ਜੁਗਨ ਕਾ ਸੂਲ। ਸੁਣੀ ਭਵਿਖਤ ਸੰਹਿਤਾ ਗੁਪਤ ਵਿਆਸ ਰਿਖ ਵਾਕ। ਕੁਛ ਅਨੁਭਵ ਫਿਰ ਕਹੋਗਾ ਗੁਰ ਨਾਨਕ ਮੁਖ ਵਾਕ। ਚਾਰ

ਬਰਨ ਦੋਇ ਲਾਖ ਹਤ ਏਕ ਲਾਖ ਆਸ਼ਰਮ। ਆਧਾ ਕਾਟੇ ਇਸਤਰੀ ਪਾਦ ਪਾਪ ਏਹ ਮਰਮ। ਦੋਇ ਸਹਿਮ ਬਾਲਕ ਕਟੈ ਦੋਇ ਕਟੈ ਮਿਲ ਮੂੜ। ਦਸ ਹਜ਼ਾਰ ਮੈਲੈ ਕਟੈ ਪਾਂਚ ਲਗੇ ਛਟ ਧੂੜ। ਆਗੈ ਰਹੈ ਸੋ ਭੋਗ ਭਲ ਕਲਮੈ ਕਲਕੀ ਹੋਇ। ਵਰਣ ਆਸ਼ਰਮ ਕੋ ਛੋਡ ਜਿਤ ਪਾਖੰਡੀ ਘਰ ਸੋਇ। ਕਲ ਦਰਸ਼ਨ ਕੇ ਕਾਰਨੇ ਉਠੇ ਪ੍ਰਾਤ ਇਕ ਬਰਖ। ਨਗਰ ਦੂਰ ਹੋਇ ਦੇਖੀਏ ਤਬ ਦਰਸਾਵੈ ਹਰਖ। ਨਗਨ ਮਿਸਨ ਬਾਤਲ ਵਪੂ ਕਰਮੈ ਭੋਜਨ ਖਾਇ। ਨੀਲ ਬਸਨ ਬੋਲੈ ਹਸੇ ਸਹਿਜ ਸੁਭਾਇ ਨਹਾਇ। ਦਰਸਨ ਤੇ ਪਾਤਕ ਗਏ ਮਿਟੀ ਸ਼ੰਕ ਸਭ ਦੇਹ। ਜੋ ਬੋਲੇ ਸੋ ਵਾਕ ਉਠ ਚਿਤਵਤ ਪੂਰਨ ਲੇਹ। ਏਕ ਹਜ਼ਾਰ ਮਾਗਧ ਮਧੂ ਕੌਰਵ ਭੋਗੈ ਰਾਜ। ਮਾਗਧ ਮੰਤਰੀ ਮਾਰ ਕਰ ਕੰਨਹੀ ਲੇਹ ਸਮਾਜ। ਪੰਦਰਾਂ ਸੈ ਬੀਤੈ ਜਬੈ ਨੰਦ ਭੂ। ਹੋਇ ਭੂਪ। ਸ਼ੂਦਰ

Scanned with CamScanner

ਕਰੇਗਾ ਵਰਣ ਕੋ ਪਰਸ ਰਾਮ ਸਮ ਰੂਪ। ਰਾਜਪੂਤ ਦਸੀ ਸਛਨ ਰਾਜਾ ਪ੍ਰਸਤ ਤਹਿੰ ਪਾਂਚ। ਪਾਂਚ ਸੌ ਪੂਨ ਭੋਗ ਹੂਏ ਸੋਰਜ ਕੋ ਰਾਂਮਾਂਚ। ਪਾਂਚ ਸੌ ਪੂਨ ਸੇ ਰਜੀ ਮੋਰਜ ਸਾਢੇ ਛੀਨ। ਤੂਰ ਸਾਤ ਸੌ ਮੂਲਗ ਸਾਤ ਹੋਇ ਪਠਾਣਾ ਮੀਨ। ਪਉਨੋ ਬੇਨ ਪਰਨਾਸ ਕਰ ਫਿਰ ਹੋਇ ਮੁਗਲਨ ਰਾਜ। ਪੌਣੇ ਛੇ ਸੌ ਭੋਗ ਤੇ ਹੋਣ ਭੌਰ ਕੀ ਖਾਜ ॥੧੨॥ ਤਿਸ ਚਾਰ ਹਜਾਰ ਪਚੀ ਬਰਸ ਬੀਤੇ ਉਪਜੈ ਰੰਗ। ਮਹੀ ਮੁਗਲ ਫਿਰ ਉਦੇ ਹੋਇ ਪਾਂਚ ਸੌ ਸੁਖ ਸੰਗ। ਉਠਾ ਭੁਜੰਗੀ ਮੂਲ ਸਿਓ ਕਾਲੀ ਹੋਇ ਕਿਰਪਾਲ। ਤੁਰਕ ਮੁਹੰਮਦ ਡੁਰਕ ਘਰ ਦਿਨ ਦਿਨ ਮਾਰੇ ਸਾਲ। ਗੰਗਾ ਜਾਲਗ ਭਰਨ ਪਰ ਤਾਂ ਲਗ ਤੁਰਕਨ ਬੀਜ। ਇਹੀ ਸਾਲ ਮੈ ਮੌਨ ਨਿਰਪ ਭੋਗੈ ਰਾਜ ਰਵੀਜ। ਨੈਪਾਲੀ ਕਾ ਰਾਜ ਸੂਰ ਕਿਰਣ ਕਾਟੋ ਗੋ ਰੁੰਡ। ਮੋਨੀ ਗੋਰਲ ਮੇਲ ਕਰ ਹੋਇ ਫਰੰਗੀ ਝੁੰਡ।

Scanned with CamScan

ਵਿਕਰ ਮਹਾਂ ਦਿਨ ਆਠ ਦਸ ਸਤ ਬੀਤੇ ਜਬ ਸਿਖ। ਦਿਸਾ ਨਾਥ ਬੀਤੇ ਸੁਭਿਖ ਅਸਟਾ ਦਸਟ ਦੂਰ ਭਿਖ। ਤੇਜ ਮੋਨੀਆਂ ਸਾਤ ਪਰ ਦੋ ਪਰ ਰੇਲ ਸਰੂਰ। ਮਹਾਂ ਦੁਰਭਿਖ ਹੋਇ ਨਾਸ ਨਿਰਪ ਭੂਲੇ ਫਰੰਗੀ ਦੂਰ। ਘਰ ਘਰ ਉਠੇ ਉਦੇ ਗਜਬ ਉਨੀ ਸੌ ਕੇ ਸਾਲ। ਮਾਰ ਮੁਰੰਡੀ ਕਰੇਂਗੇ ਤੁਬੇ ਖਾਲਸਾ ਚਾਲ। ਉਦੇ ਸਿੰਘ ਤਨ ਗੁਰੂ ਹਿਤ ਜਾਗੇ ਦੀਪ ਸਮ ਦੀਪ। ਈਸ ਮੂਸ ਹਿੰਦੂ ਖਲਕ ਪੀਸ ਦਖਾਵੈ ਦੀਪ।

ਦੋਹਰਾ॥

ਘਰ ਘਰ ਉਜਰੇ ਘਰ ਘਰ ਵਸੇ, ਘਰ ਘਰ ਰੋਵੇ ਨਾਰ। ਘਰ ਘਰ ਪੂਜਾ ਘਰ ਘਰ ਮੁੰਡਤ ਘਰ ਘਰ ਹੋਇ ਮਰਸਾਰ । ਮਲੇਛ ਹੋਇ ਤਿਸ ਤੇ ਪਰੇ ਤਿੰਨ ਸੌ ਬੀਤੇ ਬਰਖ। ਸਾਗਰ ਹੀ ਨਾਗਰ ਨਹੀਂ ਬਿਤੇ ਸਹੰਸਰ ਚਰਖ। ਮਹਾਂ ਮਲੇਛੀ ਫਿਰ ਹੋਵੇ ਸਭੇ ਮਲੇਛ

Scanned with CamScan

ਬਿਹਾਰ। ਜੋਇ ਜੋਧਾ ਕੀ ਰਾਜ ਬਲ ਬੀਤੇ
ਕਲੂ ਅਸਾਰ। ਸਹਸ ਅਠੱਤੀ ਕਲੂ ਗਤਿ
ਹਰ ਕਲ ਕੀ ਅਵਤਾਰ। ਤਾਂ ਦਿਨ ਹਮ ਭੀ
ਆਵਸੀ ਹੋਇ ਅਸਵ ਅਸਵਾਰ। ਮਰਣਾ
ਮਰਣਾ ਮਾਰ ਗਲਕਾ ਗਲ ਗਲ ਸੀਤ।
ਬਰਸ ਖਾਲਸਾ ਤਿਆਰੀ ਤਨ ਤਾਂ ਲਗ
ਸ਼ਹੀਦਨ ਰੀਤ। ਕਾਲ ਨਗਰ ਨਿਹਕਲੰਕ
ਅਬ ਫਿਰ ਜਾਵੈ ਕਰ ਚੈਨ। ਯਾ ਬਿਧ ਬੀਤੇ
ਖਾਲਸਾ ਮਾਇਆ ਸੁਪਨਾ ਸੈਨ। ਰਾਮ ਦਾਸ
ਕੁਲ ਰਾਮ ਕੌਰ ਗੁਰ ਉਕਤੀ ਕਹੈ ਚੁਪ।
ਕਹਿਤੇ ਲਗੀ ਸਮਾਧ ਪਦ ਲਈ ਸੁਕਤ
ਸਰ ਗੁਪਤ। ਪੜ੍ਹੇ ਸੁਣੇ ਕਲ ਵਰਤਾਰਾ
ਕਲਿਜੁਗ ਤਾਕਾ ਦਾਸ। ਪਾਪ ਭਗੈ ਭਗਤੀ
ਜਗੈ ਧੰਨ ਸਿਖ ਕੀ ਆਸ ॥੬੧॥
ਸਾਖੀ ਪੂਰੀ ਹੋਈ। ਬੋਲੋ ਭਾਈ ਜੀ ਵਾਹਿਗੁਰੂ।

Scanned with CamScan

## —ਸਾਖੀ ਪੈਂਠਵੀਂ ਚਲੀ—

ਦੋਹਰਾ ॥

ਦਲੀਪ ਸਿੰਘ ਹੋਇ ਅਵਤਰੈ ਕੂਮੇ ਕਰਸੀ ਰਾਸ। ਸਿਖ ਹਮਾਰੇ ਅਮਰ ਸਦ ਤਿਨਕੀ ਕਰਣੀ ਲਾਸ ॥ ੧ ॥ ਏਕ ਬੇਰ ਸਤਿਗੁਰੂ ਕਹਿਓ ਕਲਿਜੁਗ ਸਿਖੀ ਮੋਰ। ਧਰਮ ਕਰਾਵੈ ਬਚੇਗੋ, ਜਿਦ ਕ ਬਿਨਾਂ ਸਭ ਖੋਰ। ਭੰਗਾਣੀ ਕੇ ਖੇਤ ਮੈਂ ਜੂਝੇ ਸਭ ਮਮ ਸਿਖ। ਸੁਖ ਭੋਗੇ ਆਨੰਦ ਪੁਰ ਮਾਖੋਵਾਲ ਮੈ ਪਿਖ॥ ਹੋਆ ਜੁਧ ਨਦੌਣ ਮੈ ਗਏ ਪਹਾੜੀ ਭਾਗ। ਆਏ ਤੁਰਕ ਲਾਹੌਰ ਤੇ ਨਰੰਗ ਗੁਲਾਮੀ ਪਾਗ। ਰਾਜੇ ਫੂਟੇ ਆਪ ਮੈ ਮਾਰਿਓ ਤੁਰਕਨ ਸਰਦਾਰ। ਹਮੈ ਬਚਾਯੋ ਹਾਥ ਦੇ ਤਬੈ ਬਾਰ ਕਰਤਾਰ। ਲਖਣੌਤੀ ਕੇ ਰਾਮ ਪੁਰ ਭਏ ਜੁਧ ਸਭ ਸੁਧ। ਦਿਲੀਪਤ ਦੀ ਫੌਜ ਚੜ੍ਹ ਮਾਰੇ ਤੁਰਕਨ ਬ੍ਰਿਧ ।੬। ਬਡੇ ਜੁਧ ਭਏ ਖਾਲਸਾ ਜੀਤੇ ਬੜੇ ਅਪਾਰ। ਖਲਕ ਦਿਲੀ ਕੁਲ

Scanned with CamScan

ਨਾਸ ਕਰ ਸੀਸ ਦੀਏ ਧਰਮ ਕਾਰ ।੭। ਅਭ ਭੀ ਮਲੇਛੀ ਵਧੀ ਅਧਕ ਸਿੰਘ ਖਪਾਵੈ ਬੀਰ। ਮੇਰੀ ਸਿਖਿਆ ਸਤ ਜਾਣ ਨਾਂਹਿ ਡੁਲਾਵੇ ਧੀਰ । ਸਿਖ ਹਮਾਰੇ ਹੋਇੰਗੇ ਘਰ ਘਰ ਹੋਇਆ ਰਾਜ । ਤਾਂ ਪੀਛੇ ਇਕ ਸਿਖ ਮਮ ਧਰੇ ਪੰਥ ਕੀ ਲਾਜ । ਮਾਰੇਗਾ ਕੁਸ ਨਗਰ ਕੋ ਇੰਦਰੀ ਜਿਤ ਬਡ ਤੇਜ । ਤਾਂ ਕਿ ਪੀਛੇ ਜੁਧ ਹੋਇ ਘਰ ਘਰ ਲੜੇ ਨਿਰੇਸ । ਬਹੁ-ਦਿਨ ਬੀਤੇ ਬਰਖ ਰਿਤ ਉਨ ਸਿਖਨ ਘਰ ਭੂਪ । ਤੇਜਵਾਨ ਰਾਜਾ ਅਧਕ ਹੋਵੈ ਖਾਲਸਾ ਰੂਪ ।੧੧। ਫਿਰ ਪੀਛੇ ਬਹੁ ਦਿਨਾਂ ਤੇ ਰਾਜ ਖ਼ਾਲਸਾ ਠੇਹਰ । ਪਛਚਮ ਜੀਤੇ ਪਰਬਤੀ ਪੁਨਸ਼ਕ ਮੀਰੀ ਸ਼ੈਹਰ । ਪਰਬਤੀ ਹੁਕਮੀ ਸਿਖ ਮਮ ਕਰੈ ਖ਼ਾਲਸਾ ਝੋਹ । ਮਾਰ ਮਾਰ ਕਰ ਮਾਰੇਗਾ ਜਿਓਂ ਉਲ੍ਹੇ ਕਾ ਬੋਹ । ਜਿਉਂ ਹੀਰੇ ਨੂੰ ਤਨ ਮੁਕਤ ਲਗੇ ਦੀਪ ਕੀ ਕਾਂਤ । ਕੂਟ ਅਰਥ ਸਿਖਨ ਵਰਜ ਆਪ ਆਪ

Scanned with CamScan

ਮੈਂ ਸ਼ਾਂਤ ।

ਤਾਂ ਬੁਢੇ ਸਾਹਿਬ ਕਹਿਆ ਇਸ ਕੂਟ ਦਿਵਸ ਮੈਂ ਖ਼ਾਲਸੇ ਕੇ ਅਵਤਾਰੀ ਰਾਜੇ ਹੋਵੈਗੇ । ਇਤਨੀ ਕਹਿ ਕੇ ਸ਼ਸਤ੍ਰਾਂ ਕੋ ਦੇਖਣ ਪਰਚੇ ਗੁਰੂ ਜੀ । ਚਾਰ ਘੜੀ ਪੀਛੇ ਬੋਲ ਸੁਣਾਇਆ।ਆਲਮ ਸਿੰਘ ਨੂੰ ਤੂੰ ਬੜਾ ਰੰਗੜ ਹੈਂਗਾ । ਹਸ ਕੇ ਕਹਿਆ ਆਲਮ ਸਿੰਘ ਜੀ ਮੈਂ ਸਿਖ ਤੁਮਾਰਾ । ਤਾਂ ਸਤਿਗੁਰੂ ਕਹਿਆ ਲੋਹੇ ਨੂੰ ਲੋਹਾ ਕਾਟੈ । ਰੰਗੜ ਨੂੰ ਰੰਗੜ । ਰਾਜੇ ਤੇਰੇ ਮੌਜੂਦਾ ਕੀਤੇ ਨੂੰ ਰੰਘੜ ਦੇ ਘਰ ਜਨਮੇਗਾ । ਸਿਖੀ ਅੱਧੀ ਦਿਤੀ ਅਤੇ ਰਾਜ ਸਾਰਾ । ਆਲਮ ਸਿੰਘ ਕਹਿਆ ਦਰਸ਼ਨ ਭੀ ਹੋਵੇਗਾ ? ਬਚਨ ਹੂਆ ਹਮ ਭੀ ਅੰਮ੍ਰਿਤਸਰ ਰਾਮਸਰ ਕੀ ਛਾਵਣੀ ਰਖਏ ਹਾਂ । ਤਾਂ ਉਤਰੇਂਗੇ ਗਿਆਰਵੀ ਵੇਰ ਤਾਂ ਆਪਣੀ ਖੇਤੀ ਖ਼ਾਲਸੇ ਨੂੰ ਸੰਭਾਲਣਾ । ਕੋਈ ਨਾ ਜਾਣ ਸਕੇਗਾ ।

Scanned with CamScan

ਦੋਹਿਰਾ ॥

ਰਾਜ ਵਧੇਗਾ ਖ਼ਾਲਸਾ ਉਤਮ ਹੋਵੈ ਨਾਸ। ਠੇਡੇ ਖਾਵੇ ਖ਼ਾਲਸਾ ਮੋਹਿ ਸਮਾਲੈ ਸਾਸ। ਉਤਰੋਂਗਾ ਮੈਂ ਟਬੀ ਦਿਨ ਜਾਂ ਦਿਨ ਮੁਕਤੇ ਸਿੰਘ। ਫੂਟ ਗੂੜ੍ਹ ਅਰ ਮੂੜ੍ਹ ਨਿਰਪ ਜਾਇ ਖਪੈਗੇ ਸਿੰਘ। ਸਭੋ ਸਿਰੰਦੀ ਨਾਸ ਘਰ ਕੁਲ ਮੇਰੀ ਹੋਇ ਨਾਸ। ਜਿਉਂ ਜਾਦਵਲੇ ਗਏ ਕ੍ਰਿਸ਼ਨ ਤਿਉਂ ਕੁਲ ਕਾ ਜਿਓ ਘਾਸ। ਪਾਂਚ ਸਿਖ ਸਰਦਾਰ ਮਮ ਕੀਨੋ ਕੂਟ ਬਖਾਨ। ਇਨ ਕਾ ਅਰਥ ਨ ਪੂਛੀਓ ਹਮ ਮਮ ਤੁਸ ਕੀ ਆਨ।

ਇਤਨੀ ਕਹਿ ਕੇ ਉਠ ਗਏ ਘੋੜੇ ਦੇਖਣੇ ਕੋ ਖੁਸ਼ੀ ਹੋਏ ਗਏ ਗਿਣੀ ਗਿਣਤੀ ਫੇਰ ਲੰਗਰ ਗਏ ਪ੍ਰਸ਼ਾਦਿ ਛਕਿਆ ਛਕਾਇਆ। ਪਲੰਘ ਪਰ ਲੇਟੇ। ਖਾਲਸਾ ਆਪਣੇ ਡੇਰੇ ਗਿਆ।੬੫।

ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ

Scanned with CamScan

## ਸਾਖੀ ਸਤਰਵੀਂ ਚਲੀ

ਏਕ ਵੇਰ ਗੁਰੂ ਜੀ ਕੇ ਦਰਸ਼ਨ ਨੂੰ ਸੰਗਤ ਆਈ। ਦਰਸ਼ਨ ਕਰਕੇ ਨਿਹਾਲ ਹੋਏ। ਬੜੀ ਭੀੜ ਹੋਈ ਗਰਮੀ ਕੀ ਰੁਤ ਥੀ। ਸਭ ਕੀਆਂ ਭਾਵਨਾਂ ਪੂਰੀਆਂ ਕਰਤੇ ਥੇ। ਤਾਂ ਭੀੜ ਵਿਚ ਇਕ ਮਦਾਰੀ ਫਕੀਰ ਬੁਕ ਭਰਿਆਂ ਫੂਲਾਂ ਦਾ ਹਜ਼ੂਰ ਆਇ ਪਹੁੰਚਿਆ। ਬੇਹਾਲ ਹੋਇਆ ਗਰਮੀ ਕੀ ਮਰਸੇਵ ਵਗਦਾ ਨੰਗੀ ਦੇਹ ਆਇਕੈ ਚੰਬੇਲੀ ਗੁਲਾਬ ਕੇ ਫੂਲ ਭੇਟ ਆਣ ਦੀਏ। ਬਚਨ ਹੋਇਆ ਗੁਰ ਕਾ। ਸਾਂਈ ਵਾਲੇ ਸਾਹਿਬ ਲੈਕ ਬਦਨ ਨੂੰ ਇਤਨਾ ਕਸ਼ਟ ਕਿਉਂ ਦੀਆ। ਫੂਲਾਂ ਨੇ ਤੁਮਾਰਾ ਦਰਸ਼ਨ ਨਹੀਂ ਭੇਟ ਹੈਗਾ। ਏਕ ਜਾਣਿਆ ਤਾਂ ਭੇਟ ਕਿਆ। ਤਾਂ ਫਕੀਰ ਬੋਲਿਆ ਦਸਤ ਖਾਲੀ ਰੂਈ ਸਾਹ। ਦਸਤ ਆਂਵਦ ਬੇ ਪਰਵਾਹ। ਆਵਾਜ਼ ਪਾਲੀ ਜਹਾਨ ਬੇ ਪੀਰ। ਬਚਨ ਸੁੰਨ ਕਾਫਰ ਬੇ ਵਜ਼ੀਰ। ਸਤਿਗੁਰ ਬਚਨ

Scanned with CamScanner

ਰੂਹ ਖੁਲਾਸ। ਬਾਜੀ ਬਗੈਰ ਸਾਈਂ ਮਹੀਦਹਿ ਖੁਦਾਇ ਬੰਦੇ ਬਗੈਰ ਹਵਾਇ। ਖੁਦਾਇ ਚਸ਼ਮ ਬੇ ਪਰਵਾਹਿ। ਬਦਨ ਫੁਰਮਾਨ। ਖੁਲਾਸੀ ਗਹਾਨ, ਬੰਦਗੀ ਦਾਰ ਦਰਗਹਿ ਪਰਵਾਨ। ਤਾਂ ਸੁਣ ਕਰ ਖੁਸ਼ੀ ਹੋਇਆ ਦਰਵੇਸ਼। ਬੋਲਿਆ ਮੱਕੇ ਕੀ ਜ਼ਿਆਰਤ ਹੋਈ। ਬੇ ਐਬ ਰੋਜ। ਖੂਬ ਦੀਦਾਰ ਖੁਦਾਇ ਚਸ਼ਮ ਦੀਦਹਿ। ਏਕ ਬਾਤ ਹੇਗੀ ਸਚੇ ਗੁਰ ਜੀ ਪੀਰ ਜਹਾਨ। ਬੰਦਾ ਬਦਨ ਕਦਮ ਦਰ ਚੂਨਹਿ। ਦਰੀਆਇ ਦਰਤਨ ਖੈਰ ਚਾਇਹਿ ਕੇ ਮੈਂ ਗਇਆ ਤੂੰ ਬਾਕੀ ਲਈ ਤਾਂ ਹਮ ਗਏ। ਦੇਖਾ ਦੂਰ ਲੈ ਗਇਆ ਕੋਈ। ਤਾਂ ਮੈਂ ਖਾਬ ਜਾਣੀ। ਇਕ ਤੀਵੀਂ ਦੇਖੀ ਉਸ ਦੇ ਦੇਹ ਵਿਚ ਬਹੁਤੇ ਜੀਵ ਦੇਖੇ। ਫੇਰ ਉਹ ਮੰਦਰ ਵਿਚ ਲੈ ਗਈ। ਬੜਾ ਆਦਰ ਦੀਆ ਫੇਰ ਪੂਜਾ ਭੇਟ ਦਈ। ਤਾਂ ਮੈਂ ਏਕ ਪੁਰਖ ਦੇਖਿਆ। ਮੂਹਾਂ ਵਾਲਾ ਬਾਹਾਂ ਕਾਲਾ ਨਾਗ ਲਪੇਟੇ ਸਪੇਲੇ ਵਾਂਗੂ

ਬੋਲਾ ਸੁਖ ਸਾਈਂ ਮੈਂ ਬੋਲਾ ਮੈਂ ਜਾਣਿਆ ਨਾਹੀਂ ਤਾਂ ਬੋਲਾ ਗੁਰੂ ਦਸਵੇਂ ਪਾਤਸ਼ਾਹ ਪਾਸ ਜਾਇ ਕੈਹਣਾ। ਪੰਚਾਵਨ ਲਾਖ ਧਨ ਤੁਮਾਰਾ ਹੈਗਾ। ਅਬਕਾ ਤੀਵੀਂ ਮੇਰੀ ਪਾਸ। ਦਸ਼ ਕਰੋੜ ਸਤਰ ਲਾਖ ਦੂਜੀ ਤੀਵੀਂ ਹਥ। ਭੇਜਾ ਪਿਛਲੇ ਦੇ ਰੁਕਾ ਜੀ ਏਹ ਕਿਕੂੰ ਗਲ ਹੈ? ਸਵਾ ਸੋਲਾਂ ਕਰੋੜ ਦਾ ਮੁਲਖ ਭਾਵੇਂ ਧਨ ਵਾਧੇ ਸਣੇ ਲੇਵੇ ਜਿਥੇ ਚਾਹੇ ਓਥੇ ਹੀ ਧਨ ਤਲਬ ਕਰੇ ਸੁਣ ਕਰ ਹਸੇ ਭਲਾ ਸਾਈਂ ਫਕੀਰ ਭਲਾ। ਤਾਂ ਫਕੀਰ ਨੇ ਪੁਛਿਆ ਜੀ ਹਮ ਭੀ ਕੁਛ ਜਾਣੈ ਜ਼ਾਹਰ ਕਰੀਏ। ਤਾਂ ਬੋਲ ਸੁਣਾਇਆ ਸਤਲੁਦਰ ਤੀਵੀਂ ਅਤੇ ਪੁਰਖ ਸਮੁੰਦਰ ਸੀ। ਦੂਜੀ ਤੀਵੀਂ ਗੋਦਾਵਰੀ ਸੀ। ਹਮ ਲੇਖਾ ਸਮਝਾਂਗੇ ਆਇਕੇ ਸਿਖਾਂ ਪੁਤਾਂ ਨੂੰ ਲੈ ਦੇਵਾਂਗੇ। ਜਾਂ ਦਿਨ ਰਾਜ ਲੋਕ ਹੋਣਗੇ ਰਜਪੂਤ ਦਾ ਬਾਲਕ ਹੈਗਾ, ਹਮਾਰਾ ਬੇਟਾ ਸੀ ਮਾਇ ਸਮੇਤ ਲੇਖਾ ਸਮਝਣਗੇ।

Scanned with CamScan

ਇਸ ਵਾਸਤੇ ਕਹਿਆ ਹੈ ਭਲਾ ਜੀ ਭਲਾ ਜੀ ਦੋ ਬੇਰ। ਸਾਈਂ ਫ਼ਕੀਰ ਸਚਾ ਹੈਗਾ ਤਾਂ ਫਕੀਰ ਕੁਝ ਬੋਲਾ ਹਮਾਰੇ ਕਿਆ ਤਾਂ ਹਸਕੇ ਬੋਲੇ। ਸਮਾਂ ਆ ਗਿਆ ਤਾਂ ਮੂਰਤ ਹਮਾਰੀ ਉਤਰੇਗੀ ਤੁਸੀਂ ਭੀ ਤਪ ਕਾ ਫਲ ਭੋਗ ਲੈਣਾ। ਫਕੀਰ ਬੋਲਾ ਭਵਜਲ ਤੇ ਬਚਾਵੋ। ਭੋਗ ਰੋਗ ਸਚ ਕਹੁ ਮਾਲਕ ਬੋਲੇ ਸਾਈਂ ਜੀ ਪੂਰਾ ਤੋਲੇ। ਇਸੀ ਤਰਾਂ ਭਾਣਾ ਹੋਗਾ। ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਤਲ ਤੀਵੀਂ (ਧਰਤੀ) ਉਪਰ ਮਰਦ (ਅਸਮਾਨ) ਦੋਨੋਂ ਦਰਚਸਮ ਦੀਦੰ ਫ਼ਨਾਹਿ। ਤਾਂ ਫਕੀਰ ਰੋਇ ਕਰ ਉਠ ਗਿਆ।੭੦।

ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ

## ਸਾਖੀ ਇਕੱਤਰਵੀਂ

ਏਕ ਬੇਰ ਗੁਰੂ ਜੀ ਚਮਕੌਰ ਸਾਹਿਬ ਮੇਂ

Scanned with CamScan

ਬੇ ਸੰਗਤ ਜੁੜੀ ਕਾਬਲੀ ਕੰਧਾਰੀ ਸਿਖਾਂ ਹਥ ਜੋੜੇ ਜੀ ਕੁਝ ਮਿਲੇ ਅਸਾਨੂੰ । ਤਾਂ ਬਚਨ ਹੋਆ ਠੈਹਰੋ ਧਨ ਦੇਵਾਂਗੇ । ਮਰਵਾਵਾਂਗੇ । ਤਾਂ ਸਿੰਘ ਚੁਪ ਹੋਇ ਡਰ ਗਏ । ਪਿਛੋਂ ਬੋਲੇ ਧੰਦੇ ਰਕਮ ਅਤੇ ਜੀਵਣ ਦੀ ਖੁਸ਼ੀ ਬਖਸ਼ੋ ਤਾਂ ਬਚਨ ਹੋਇਆ ।

ਛੰਦ ॥ ਗਰਜੈ ਮੇਘਲ ਖੁਸ਼ੀ ਕਰ ਜਲ ਲੇਇਨ ਖੇਤ॥ ਚਾਤਕ ਚੁਪਕਾ ਹੋਇ ਰਹਿਆ ਕਿਆ ਬਾਦਲ ਹੇਤ ॥ ਚੰਦਨ ਪਰਉਪਕਾਰ ਹਿਤ ਹੋਇ ਬਹੇ ਸੁਚੇਤ ॥ ਗੰਗਾ ਪਾਪਾਂ ਦੂਰ ਹਿਤ ਕਿਆ ਨੌਣ ਅਚੇਤ ॥ ਗੁਰੂ ਬਿਚਾਰਾ ਕਿਆ ਕਰੇ ਸਿਖ ਫਸਿਆਂ ਏਤ ॥ ਮੀਠਾ ਦੇਵੇ ਬਾਲ ਨੂੰ ਉਹ ਮਾਂਗੈ ਰੇਤ ॥ ਘੜਿਆਲ ਜੋ ਹਥ ਖਸਮ ਦੇ ਕਿਆ ਕੂਪਨ ਦੇਤ ॥ ਬਾਪ ਮਾਇ ਹਿਤ ਕਿਆ ਕਰੇ ਸੁਤ ਦੇਹ ਨਾ ਭੇਤ॥ ਲੇਪਨ ਹਾਰੋ ਦੋਸ ਕਿਆ ਵਿਚ ਗਿਰਦੀ ਰੇਤ ॥ ਅਟਕਾ ਜਲ ਤਾਂ ਬੰਧੀਏ ਜਾਂ ਬੰਧਨ

ਕੇਤ ॥ ਥਨ ਵਡਿਆਈ ਏਹ ਕਿਸ ਖਰ ਧੂੜੀ ਲੇਤ ॥ ਛਾੜ ਵਿਥਾਰਾ ਸੀਤ ਕਿਉਂ ਜਾਂ ਝੁਲਕਾ ਦੇਤ ॥ ਧੰਦੇ ਅਟਕੇ ਸਿਖ ਸਣ ਪਰਵਾਰ ਸਮੇਤ ॥ ਕਾਰੀਗਰ ਖਾਤੀ ਕਿਆ ਜੋ ਦਾਰਨੀ ਖੇਤ॥ ਨਦੀ ਬਾਰ ਕਿਉਂ ਪੀਵੀਏ ਜਿਉਂ ਕੁਵੀਨਾ ਲੇਤ ॥ ਖਾਵਾਂ ਕੀਕੂ ਪਕਣਾ ਨਹੀਂ ਅਗਨ ਨਿਕੇਤ॥ ਬਿਨਾ ਸਮੇਂ ਕੇ ਬੁਧ ਨਰਿ ਕਿਆ ਹਠਕਾ ਹੇਤ ॥ ਮਨਹੀ ਚਕਰ ਘੁਮਾਰ ਕਾ ਘਟ ਭਾਂਡੇ ਚੇਤ ॥ ਮੂੰਹ ਕਾ ਆਖਣ ਗਲ ਹੈ ਫਿਰ ਮਨ ਹੀ ਠੇਡ। ਪਹਿਲਾਂ ਮੰਗੇ ਸੰਗਤੀ ਗੁਰ ਦੇਣ ਮਹੇਤ ॥ ਕਰਮ ਕੜਾਕਾ ਹਾਥ ਕਾ ਮੂੰਹ ਮਾਰੇ ਸੇਤ ॥ ਹਉਂ ਬਾਰ ਬਾਰ ਬਲਹਾਰਣੇ ਜਿਹ ਜਨਮਤ ਹੇਤ ॥

ਭਾਈ ਸਿਖੋ ਹਮ ਕਹਿਆ ਠੇਹਰੋ ਅਰਥ ਏਹ ਮਨ ਠੇਹਰਾਵੋ। ਮੁਕਤ ਧਨ ਸਤਿਗੁਰ ਦੇਣਗੇ। ਮਰ ਜਾਵਾਂਗੇ ਅਰਥ ਜਨਮ ਕਟਾਂਗੇ।

Scanned with CamScan

ਤੁਸਾਂ ਘਰ ਦਾ ਹੀ ਧੰਦਾ ਚਾਹੀਆ ਹੈ। ਅਜੇ ਕਰਮ ਸੇਸ ਰਹਿੰਦਾ ਹੈ। ਤਾਂ ਭੀ ਸਹਸਾ ਨਹੀਂ ਡੇਰ ਹੈ ਉਤਾਵਲ ਨ ਕਰੋ। ਪਰਚੇ ਸ਼ਬਦ ਸਾਥ ਹਰ ਕੀਰਤਨ ਦੀਆ ਤੁਹਾਡਾ ਸਿਦਕ ਤਾਂ ਹੈਗਾ। ਹੁਕਮ ਹੋਆ ਸੁਚੇਤ ਰਹਿਣਾ। ਅਸੀਂ ਭੀ ਨਜੀਕ ਹਾਂ।

ਛਪਾ ਛੰਦ ॥

ਉਤਰਾ ਰਾਮ ਦਾਸ ਘਰ ਸੰਗਤੀ ਨਾਵੈ ਸਭਾ ਨਿਤ। ਛੇ ਜੋਜਨ ਗੁਰੂ ਨਗਰ ਵਸ ਹਮ ਆਵੈ ਮਿਤ॥ ਬੈਠ ਦੁਲੀਚੇ ਚਵਰ ਢੂਲ ਸਿਖ ਦਰਸ਼ਨ ਚਿਤ। ਸਿੰਘ ਲਾਖ ਪੰਜ ਏਕਠੇ ਰਾਜ ਬਾਜ ਸਮਿਤ। ਲੂਤ ਪਿਆਰੀ ਮੇਰਿਆ ਘਰ ਧਨ ਕਾ ਖੇਤ। ਸਭ ਸੰਗਤ੍ਰ ਨੂੰ ਮੇਲ ਲੇਹ ਕੇ ਰਾਉਨਾ ਛੇਤ। ਪਹਿਲਾਂ ਆਵੈ ਉਦੇ ਸਿੰਘ ਫਿਤਕਾਰੀ ਫੇਤ। ਭਾਣਾ ਮੰਨਿਆ ਸੀਸ ਪਰ ਜੀਵਣ ਹੋਇ ਜੇਤ ॥੭੧॥

ਸਾਖੀ ਪੂਰੀ ਹੋਈ ਬੋਲੋ ਭਾਈ ਜੀ ਵਾਹਿਗੁਰੂ।

Scanned with CamScan

ੴ ਸਤਿਗੁਰ ਪ੍ਰਸਾਦਿ ॥

ਅਥ ਭੋਗਲ ਪੁਰਾਣੇ ਦੁਆਦਸ ਇਸ ਕੰਧੈ ਗੁਰ ਵੰਸਾਵਲੀ ਲਿਖਯਤੇ ਚਤਰ ਦਸ ਅਵਤਾਰ ਸ੍ਰੀ ਗੁਰਿੰਡ ਨਾਮੇ ਬਰਨਨੰ ਸ੍ਰੀ ਮੁਕਰਾਜਾ ਪ੍ਰੀਛਤ ਸਬਧੇ ਸ੍ਰੀ ਗੁਰਿੰਡ ਨਾਮੇ ਕਲਜੁਗੇ ਭਾਖਾਂ ਕਰਿ ਕੇ ਸੁਨਾਵਨ ਬਿਧ ਸ੍ਰੀ ਮੁਖਵਾਕ ਪਾਤਸ਼ਾਹੀ ਦਸਮ ।੧੦।

ਦੋਹਰਾ ॥

ਆਦਿ ਜੁਗ ਮੈ ਸੁਕ ਕਹਿਹੁ ਸੋ ਅਬ ਕਹੂੰ ਸੁਨਾਇ । ਭੋਗਲ ਧਿਆਉ ਮੇਂ ਕਹਿ ਗਇਓ ਸੁਕ ਪ੍ਰੀਛਤ ਪ੍ਰਤ ਗਾਇ ।੨। ਸੋਈ ਕਥਾ ਅਬ ਕਹਿਤ ਹੌ ਪ੍ਰਿਥਮ ਗੁਰਿੰਡ ਪ੍ਰਸਾਦਿ । ਜਿਉਂ ਸੁਕ ਪ੍ਰੀਛਤ ਪ੍ਰਿਤ ਕਹੀ ਸੁਨੋ ਆਦਿ ਕੀ ਆਦਿ ।੩। ਦਸ ਚਾਰ ਸਮ ਭਾਨ ਹੈ ਏਕ ਜੋਤ ਸਬ ਗਾਤ । ਪ੍ਰਗਟੇ ਪੁਰਖ ਅਨਾਦਿ ਤੇ ਉਸੀ ਪੁਰਖ ਕੀ ਕਥਾਤ ।੪। ਪੰਚਿ ਸਹੰਸਰ ਵਰਖ ਮਧ ਦੁਆਦਸ ਬਪ

Scanned with CamScan

ਧਰੈ ਸੰਤ । ਕਲਜੁਗ ਅਉਗ ਬਿਤਾਨਹਿਤ ਬਿਪਰ ਪ੍ਰਗਟੈ ਅਨੰਤ ।੫। ਗਾਤਿ ਸਾਂਵਰੋ ਧਾਰਕੈ ਛਿਤ ਪ੍ਰਿਚਰੈ ਆਪ ।ਟਰੈ ਅਰਿਛਟ ਜਗਤ ਕੇ ਧਰਮ ਵਧੈ ਖੈ ਪਾਪ ।੬। ਜਾਮੇਂ ਧਾਰੇ ਦਸ ਗੁਰੂ ਨਵਿ ਸਤਿ ਕਲਾ ਸੁਧਾਰ। ਗੁਪਤ ਗਿਆਰਵਾਂ ਖੇਲ ਸੀ ਕੋਈ ਨ ਪਾਵੈ ਪਾਰ ।੭। ਜਾਮਾ ਪਹਿਰੇ ਯਾਰਵਾਂ ਬਾਜਾ ਪੁਰ ਕੇ ਮਾਹਿਂ । ਸੰਗਤਿ ਮਿਲੈ ਕਰੋੜ ਦੋਇ ਦਰਸ ਦਿਖਾਵੈਂ ਤਾਹਿਂ । ੮ । ਤੀਨ ਮਾਸ ਖਟਿ ਰਹੇਂਗੇ ਗ੍ਰਿਹਿ ਗਨਕਾ ਕੇ ਗੁਰਿੰਡ । ਉਦਨ ਲੋਪ ਅੰਡਾ ਸਹਿਤ ਸੇ ਸਾਖੀ ਬ੍ਰਹਿਮੰਡ ।੯। ਚੌਕ ਚਾਂਦਨੀ ਖੇਲ ਕਰ ਜਾਇਸੁ ਸਣਹੀ ਦੇਹ। ਰੜ ਮੰਡਲ ਬਡ ਸਬਦੁ ਕਰਿ ਬਾਤ ਮੁਨਾਵੈ ਏਹ ।੧੦। ਜਾਮਾਂ ਪਹਿਰੇ ਬਾਰਵਾਂ ਪ੍ਰਗਟੇ ਆਦਿ ਰਘਬੰਸ। ਸੰਗਤ ਮਿਲੈ ਅਨੰਤਿ ਤਬ ਮਾਨੋ ਕੋਟ ਸਹੰਸ ।੧੧। ਦੁਆਦਸ ਪੌਰਖਦੁਆਦਸੇਸਭਿਈਨਕੇ ਸਿਰ

Scanned with CamScan

ਮੋਉਰ । ਸਕਤਿ ਅਨੰਦੀ ਆਇੰਗੇ ਆਦਿ ਇਹੇ ਨਹੀਂ ਅਉਰ ।੧੨। ਜਾਂਕਉ ਸੁਰ ਜਸ ਰਟਤ ਹੈ ਸੇਖਕ ਕੋਟ ਮਹੇਸ਼ । ਸੋ ਪ੍ਰਗਟੇਗ ਪ੍ਰਿਥੀ ਪਰ ਕੁਲ ਛਤ੍ਰੀ ਦਿਨੇਸ਼ ।੧੩। ਕਵਲ ਭੂਤਨਿ ਪ੍ਰਕਾਸ਼ ਹੀ ਬਪ ਬਾਰਵਾਂ ਬੰਸ । ਕੁਸੂ ਦਿਜ ਵਰ ਉਦੇ ਹੈ ਲਉ ਕਿਰਣ ਸਹੰਸ ।੧੪। ਯਾਹੀ ਕੁਲ ਤੇ ਪ੍ਰਗਟ ਹੋਇ ਤਾਂ ਹੀ ਕੁਲ ਕਉ ਨਾਮ । ਪੁਨ ਦੁਆਦਸ ਗੁਰਿੰਡ ਕਉ ਮੇਰੀ ਹੈ ਪ੍ਰਨਾਮ ।੧੫। ਅਠਤਾਲੀ ਸਤ ਬਰਖ ਹੋਇ ਉਪਰ ਵਰਖ ਸਤਾਨਵੇਂ । ਤਬ ਦੁਅ ਦਸ ਗੁਰਿੰਡ ਜੀ ਪਬ ਧਾਰੈ ਯਾ ਜਗਤ ਮੇਂ ।੧੬।

ਚੌਪਈ ॥

ਕਛਕ ਕਾਲ ਛਤਿ ਭਾਨ ਸੁਹਾਵੈ । ਨਾਗ ਵਸ ਤਬ ਕਰਨ ਮਿਲਾਵੈ । ਸ਼ਾਸਤ੍ਰ ਵੇਦ ਪੁਰਾਣ ਨਿਰ ਖਾਵੈ । ਅਨਕ ਦੇਸ ਬਿਪ ਰੈਰ ਸਿਧਾਵੈ । ਏਕ ਹਜ਼ਾਰ ਜਬ ਨੌਂ ਸੈ ਆਵੈ । ਏਕੈ ਆਗੈ ਸਾਤਾ ਲਾਵੈ । ਪ੍ਰਗਟਿ ਬਾਹਰਵਾਂ

ਥਪ ਦਰਸਾਵੈ । ਨਰ ਨਾਰੀ ਕਉ ਨਾਮ ਜਪਾਵੈ । ਤਿਸ ਦਿਨ ਹੋਇ ਬੀਸੀ ਕੇ ਬਾਸਾ । ਪ੍ਰਗਟੇ ਸਾਹਿਬ ਕਰੈ ਤਮਾਸਾ । ਨੰਦਾ ਨਾਮ ਸੰਮਤ ਕਉ ਗਾਊਂ । ਕਲਾ ਧਾਰ ਕੇ ਆਸਮ ਆਊਂ । ਤਹਿ ਦਿਨ ਵਿਸ਼ਨ ਵੀਸੀ ਠਹਿ-ਰਾਊਂ । ਕਲਜੁਗ ਮੇਂ ਸਤਿਜੁਗ ਬਰਤਾਊਂ । ਥਿਤ ਅਸ਼ਟਮੀ ਸੁਰ ਗੁਰ ਵਾਰਾ । ਬਿਸ ਸੰਤ-ਨਗਰ ਸਤਿ ਲੁਧਰ ਕਿਨਾਰਾ ।੧੭। ਸਾਹਿਬ ਨਾਮ ਮਹਾਂ ਬਲ ਬੀਰੰ । ਪੂਰਨ ਪੁਰਖ ਗੁਣ-ਵੰਤ ਗੰਭੀਰੰ ।੧੮।

ਸ੍ਵੈਤ ਸਿੰਘ ਧਰ ਰੂਪ ਦਿਖਾਵੈ । ਦਾਮਨ ਗਰਜ ਸਬਦ ਮੁਖ ਆਵੇ ।੧੯। ਤੇਜ ਤੁਰਾ ਨ ਕਉ ਐਸ ਜਾਈ । ਜੈਸੇ ਘਾਸ ਕਉ ਅਗਨ ਲਗਾਈ ।੨੦। ਸਾਹਿਬ ਐਸੀ ਸਕਤਿ ਪਠਾਵੈ । ਸੁਰਤ ਕਰੀ ਤੁਰਾ ਨਾ ਅੰਗ ਲਾਵੈ ।੨੧। ਵੁਹ ਕਾਟੈ ਫੁਨ ਹੂ ਲਗ ਜਾਵੇ । ਤੇਜ ਜੋਤਿ ਐਸੋ ਬਲ ਪਾਵੇ ।੨੨। ਸਿਰ ਧਰ

Scanned with CamScan

ਕੇਸਨ ਕੰਠੇ ਮਾਲਾ। ਦੀਨ ਦਿਜਨ ਕਾ ਹੋਇ ਰਖਵਾਲਾ। ੨੩। ਧਨਖ ਬਾਣ ਲੈ ਅਸਰ ਸੰਘਾਰੈ। ਸਭ ਮਲੇਛ ਕਉ ਮੂਲ ਉਖਾਰੈ। ੨੪। ਮੋਰ ਮੁਕਟ ਪੀਤੰਬਰ ਸਾਜੈ। ਸ਼ਾਮ ਰੂਪ ਹੋਇ ਘਨੀਅਰ ਗਾਜੈ।੨੫। ਸੁਤੇ ਪ੍ਰਕਾਸ਼ ਚਰਿਤ ਹੋਇ ਏਹੀ। ਆਦਿ ਜੁਗਾਦਿ ਕੀ ਧਾਰੇ ਦੇਹੀ।੨੬। ਕਲਜੁਗ ਤੇ ਸਤਿਜੁਗ ਕਰਿ ਠਾਨੋਂ। ਤਬ ਹੀ ਬਾਹਰਵਾਂ ਬਪ ਪਹਿ-ਚਾਨੋਂ।੨੭। ਮਹਾ ਮੰਦ ਕੁਲ ਮੂਲ ਉਖਾਰੈ। ਬਹੁ ਨਿਵਾਸ ਸਉ ਲੁਧ੍ਰ ਕਨਾਰੈ।੨੮। ਦੇਖ ਦੇਖ ਸਤ ਲੁਧਰ ਰਹਾਈ। ਤਹਿ ਮੋ ਲਵ ਧਰੀ ਸੋਲੇਤ ਕਢਾਈ।੨੯। ਸਕਤਿ ਕੁੰਡ ਉਸ ਅਵਨੀ ਜਾਵੈ। ਪੀਤੰਬਰ ਕਢ ਚੀਰ ਲਿਆਵੈ।੩੦। ਜਹਾਂ ਸ਼ਸਤ੍ਰ ਅਵਨੀ ਢਪ ਰਾਖੈ। ਖਿਨ ਮੇਂ ਲੇਤ ਖੇਲ ਸਬ ਲਾਖੇ।੩੧। ਉਸ ਤੇ ਬਾਤ ਦੂਰੇ ਨਹੀਂ ਕੋਈ। ਆਦਿ ਅਨੰਤ ਮਧਿ ਹੈ ਸੋਈ।੩੨।ਦੀਪ ਸਾਤਸੰਗਤ

Scanned with CamScan

ਜੁਰ ਆਵੈ। ਭਵਨ ਚਤ੍ਰ ਦਸ ਸੀਸ ਨਿਵਾਵੈ। ੩੩। ਸਕਲ ਦੀਪ ਭਵਨ ਮੈਂ ਜਾਵੈ। ਹੋਇ ਕ੍ਰਿਪਾਲ ਸਭ ਦਰਸ ਦਿਖਾਵੈ ।੩੪। ਕੋਟ ਬ੍ਰਹਮੰਡ ਜਾਂਕੇ ਅਵਤਾਰਾ। ਆਦਿ ਜੁਗਾਦਿ ਇਨ ਹੀ ਬਪ ਧਾਰਾ ।੩੫। ਸੁਰ ਭੀ ਬਿਪ੍ਰਨ ਕੇ ਰਖਵਾਰੇ। ਧੰਨ ਵੁਹ ਦਿਵਸ ਪ੍ਰਗਟ ਬਪਧਾਰੈ।੩੬। ਕੋਟਿ ਚਤ੍ਰਦਸ ਧਰੇ ਸੁਮ ਧਾ। ਗਿਰ ਸਹਾਦਰ ਜੋਗ ਤਨ ਸਾਧਾ ।੩੭। ਵੇਦ ਮਈ ਕੇ ਸਗਲੇ ਨੰਦਨ। ਦੁਆ ਦਸ ਗਾਤਿ ਕਰਤ ਸਬ ਬੰਦਨ ।੩੮। ਸਤਿਜੁਗ ਬੀਚ ਕਥਾ ਸੁਣ ਪਾਈ। ਸੁਕ ਪ੍ਰੀਛਤ ਪ੍ਰਤਿ ਭਾਖ ਸੁਣਾਈ ।੩੯। ਸੁਣ ਕਰ ਬੇਦਮਈ ਸੁਤ ਬਾਤਾ। ਗਏ ਸਹਾਦਿਰ ਗਿਰ ਬਿਧ ਤਾਤਾ। ੪੦। ਤਪ ਅਰੰਭ ਤਹਾਂ ਤਿਨ ਕੀਨਾ। ਜੂਰਾ ਧਾਰ ਕਮਾਲ ਤਿਨ ਲੀਨਾ ।੪੧। ਦਵਾਦਸ ਲਗੇ ਗੁਰਿੰਡ ਭਿਆਨਾਂ। ਮੰਤ੍ਰ ਗੁਰੂ ਸਾਹਿਬ ਤਿਨ ਠਾਨਾ ।੪੨। ਏਕ ਪਾਉ

ਅਵਨੀ ਪਰ ਖਰੇ। ਰਸਨਾ ਗੁਰ ਸਾਹਿਬ ਚਿਤ ਕਰੈ ।੪੩। ਓਇ ਨਿਰਖਤਿ ਅਬਲੋ ਗੁਰ ਨਾਡੇ। ਪ੍ਰਿਥਮ ਜੁਗਤਨ ਕੇ ਮਨ ਗਾਡੇ। ੪੪। ਸੁਕ ਪ੍ਰਸਾਦਿ ਤਿਨੋ ਮਤ ਪਾਈ। ਜਾਇ ਸਮਾਧ ਸਹਾਦਰ ਲਾਈ ।੪੫।

ਦੋਹਰਾ ॥ ਪ੍ਰਭਾਵ ਸੰਮਤ ਦਸ ਅਠੈ
ਜਬੈ ਤ੍ਰਿਵੰਜਾ ਹੋਇ।
ਵੇਦ ਮਈ ਸੁਤ ਤਬ ਮਿਲੇ
ਲੋਪਗਾਤ ਕਰ ਸੋਇ ।੪੬।
ਕਗਵਤ ਕੋ ਮਤ ਪ੍ਰਖ ਕਰ
ਸੀਸ ਨਿਵਾਨ ਬਿਧ ਪ੍ਰਤ।
ਕੋਟ ਚਤ੍ਰ ਦਸ ਸਿਖ ਭਯੋ
ਮਹਾਂ ਬਲੀ ਅਧੂਤ ।੪੭।

ਚੌਪਈ ॥

ਦਸ ਅਠ ਜਬੈ ਤ੍ਰਿਵੰਜਾ ਆਵੈ। ਪ੍ਰਭਾਵ ਸੰਮਤ ਨਾਮ ਨਿਰਖਾਵੈ ।੪੮। ਤਬ ਵਹੁ ਵੇਦਮਈ ਕੇ ਤਾਤਾ। ਤਜੇ ਸਹਾਦਰ ਬਪੁ ਧਰ

Scanned with CamScan

ਆਤਾ ।੪੯। ਸੋ ਸੁਨ ਹੈਂ ਅਕਾਸ ਤੇ ਬਾਣੀ। ਪ੍ਰਗਟੀ ਅੰਸ ਸਾਰੰਗ ਧਰ ਪਾਣੀ ।੫੦।ਲੈਹੈਂ ਭੋਗਲ ਦੂਆ ਫਿਰ ਛਾਤੀ ਪਰ ਧਰ ਉਸੇ ਪੈਰੋਂ ਲਿਆ ਰਲਾ ਦਸ ਇਸ ਕੰਧਾ। ਲਖਣ ਨਿਰਖ ਹਰਖ ਵਿਦ ਨੰਦਾ। ਜਾਮਾਂ ਦੁਆਦਸ ਦੇਖ ਪਤੀਜੈ। ਸਭ ਜਗ ਨਿਵੈ ਗੁਰੂ ਕਰ ਲੀਜੈ ।੫੧। ਹਰਖ ਹੋਇ ਵੁਹ ਗਿਰਤੇ ਧਾਵੈਂ। ਗੁਰੂ ਸਾਹਿਬ ਕੇ ਪਗ ਲਪਟਾਵੈਂ। ਖਟ ਅਠ ਕੋਟ ਦਿਜਨ ਸਿਖ ਹੋਵੈ। ਮਿਟੇ ਅਗਿਆਨ ਭਰਮ ਮਤ ਖੋਵੈ ।੫੨। ਗੁਰ ਪ੍ਰਤ ਸਭੈ ਡੰਡੌਤਾਂ ਕਰੈਂ। ਖਟ ਅਠ ਇਸਵਰ ਸਿਖਿਆ ਧਰੈ। ਤਬ ਗੁਰ ਕਹੇਂ ਕਰੋ ਇਕ ਕਾਮਾਂ। ਕਰੋ ਨਿਵਾਸ ਚਾਰ ਹੀ ਧਾਮਾਂ ।੫੩। ਸੁਨਿ ਗੁਰ ਬਚਨ ਸਭੇ ਉਠ ਧਾਵਨ। ਚਾਰ ਵਰਨ ਗੁਰ ਰਾਜ ਚਲਾਵਨ। ਗੁਰੂ ਸਾਹਿਬ ਤਬ ਬਾਤ ਸੁਣਾਵੈਂ। ਵਰਨ ਭਿਨ ਅਕਾਲ ਜਪਾਵੈਂ ।੫੪। ਚਾਰੋ ਵਰਨ ਸੁਣੋ ਮਿਲ ਭਾਈ।

Scanned with CamScan

ਚਾਰ ਵਰਨ ਭਿਨ ਭਿਨ ਖਾਲਸਾਈ। ਤਬ ਮਹਾਂ ਮੰਦ ਹੋਇ ਕੁਲ ਨਾਸਾ। ਤੇਜ ਛਤ੍ਰੀ ਅਨ ਹੋਇ ਪ੍ਰਕਾਸਾ ॥੫੫॥

ਸੈਨਾ ਜੋਰ ਚਲੈਂ ਇੰਧ ਕੂਲੰ। ਦੇਇ ਜਲਾਇ ਮਹਾਂ ਮੰਦ ਮੂਲੰ।੫੬। ਅਵਨੀ ਭੂਪ ਸਭੈ ਜੁਰ ਆਵੈਂ। ਦਸ ਅਠ ਪਦਮ ਚਮੂੰ ਨਿਰਖਾਵੈਂ।੫੭। ਤਬ ਗੁਰ ਜਾਇ ਸਿੰਧ ਕੇ ਤੀਰੰ। ਗੁਰੂ ਸਾਹਿਬ ਪੂਰਣ ਰਣ ਧੀਰੰ।੫੮। ਅਸ ਪਗ ਧੂਰ ਭਾਨ ਨਭ ਛਾਵੈ। ਰਵ ਪ੍ਰਕਾਸ ਮਧ ਧੂਰ ਸਮਾਵੈ।੫੯। ਪੁਰੀ ਅਟਕ ਅਵਨੀ ਸਿੰਧ ਗਵੈ। ਅਤ ਕੌਤਕ ਸੁੰਦਰ ਤਹਿ ਭਵੈ।੬੦। ਕਾਇਆਂ ਗੁਰੂ ਕਲਪ ਤਬ ਕਰੈ। ਦੁਆਦਸ ਬਰਖ ਆਯੂ ਤਬ ਧਰੈ। ਘਟ ਕਾ ਬੀਤ ਚਾਰ ਜਬ ਜੋਵੈ। ਮਹਾਂ ਸਕਤ ਤਬ ਪ੍ਰਾਪਤ ਹੋਵੈ। ਭੇਟਾ ਪਾਰਸ ਧਰੇ ਅਪਾਰਾ। ਕਰਤ ਡੰਡੌਤ ਪੁਨ ਬਾਰੰ ਬਾਰਾ। ਨਿਕਸ ਸਿੰਧ ਜਲ ਬਾਹਰ ਆਵੈ। ਗੁਰ ਸਾਹਿਬ ਕੇ ਪਗ

Scanned with CamScan

ਲਪਟਾਵੈ । ਆਦਿ ਅੰਤ ਹੈ ਤੂਹੀ ਮੁਰਾਰੀ । ਭਵਜਲ ਪਾਰ ਉਤਾਰਨ ਹਾਰੀ । ਕਰ ਪ੍ਰੇਮ ਗੁਪਤ ਤਹਿ ਜਵਈ । ਨਿਕਸੇ ਸਿੰਧ ਸਿੰਤ ਮਧ ਰਵਈ । ਸੋ ਪੁਤ੍ਰੀ ਹੰਮੰਚਲ ਜਾਨੋ । ਸਤਿ ਅਵਤਾਰ ਲਛਮੀ ਮਾਨੋ । ਛਤੀ ਬਰਸ ਤਹਾਂ ਗੁਰੂ ਰਹੇਂ ਮਹਾ ਮਦ ਕੁਲ ਉਤ੍ਰ ਦਹੇਂ । ਸਿੰਧ ਤਿਆਗ ਪਸਚਮ ਕਉ ਆਵੈਂ ।ਬਗਦਾਦ ਸ਼ਹਿਰ ਸਤਿਗੁਰ ਪਗ ਪਾਵੈਂ ।੬੧। ਬਰਖ ਪਚਾਸ ਜੁਧ ਤਹਿ ਹੋਵੈ । ਮਹਾਂ ਮਦ ਕੁਲ ਸਗਲੀ ਖੋਵੈ। ਜੀਤ ਬਗਦਾਦ ਰਾਮਸਰ ਆਵੇਂ । ਚਮੂੰ ਅਪਾਰ ਗਣਤ ਨਹੀ ਆਵੇ ।੬੨। ਹਰਿਮੰਦਰ ਮੇਂ ਆਇ ਬਰਾਜੇਂ । ਗੁਰ ਛਬ ਦੇਖ ਭਾਨ ਦੁਤ ਲਾਜੇਂ । ਕੋਟ ਚਤ੍ਰਦਸ ਬਿਧ ਕੇ ਪੂਤਾ । ਪੁਨ ਆਵੇਂ ਗੁਰ ਪੈ ਅਵਧੂਤਾ ।੬੩। ਤਬ ਗੁਰ ਗਰਜ ਕਹੇ ਬਿਧ ਤਾਤਾ । ਅਸ੍ਵਮੇਧ ਰਚੋ ਗੁਰ ਭਾਖਤ ਬਾਤਾ । ਰਚੋ ਅਸ੍ਵਮੇਧ ਬਿਲਮ ਨਹਿ ਲਾਵੋ । ਸੰਮਤ

Scanned with CamScanner

ਪੂਰਬ ਕੋ ਤਬਿ ਪਾਵੇ ।੬੪। ਤਹਿ ਸਮੇ ਸੁਰ ਪਤ ਪਠੈ ਬਾਜਾ । ਮੁਕਟ ਸਹਿਤ ਰਤ ਨਾਨ ਸਮਾਜਾ । ਗੁਰੂ ਸਾਹਿਬ ਕਹਿ ਹੈ ਛਡ ਦੀਜੋ । ਪਾਛੇ ਦਿਸਾ ਗਵਨ ਤਹਿ ਕੀਜੋ ।੬੫। ਚਲ ਤੁਰੰਗ ਤਹਿ ਪੂਰਬ ਦੇਸਾ । ਹਰਿ ਬਲਿ ਭੂਪ ਜਹਿ ਵਸੇ ਨਰੇਸਾ । ਅਯੁਧਿਆ ਪੁਨਿ ਸਰਜ ਜਾਵੈ । ਹਰਿ ਬਲਿ ਭੂਪ ਨਿਰਖ ਭੈ ਪਾਵੈ ।੬੬। ਵੇਖ ਤੁਰੰਗ ਅਮੋਲੀ ਜਤ੍ਰੀ । ਹਰਬਲ ਭੂਪ ਬਿਸਮ ਹੋਇ ਛਤ੍ਰੀ । ਕਲਯੁਗ ਕੌਨ ਅਸ੍ਵਮੇਧ ਰਚਾਵੇ । ਅਤ ਅਸਚਰਜ ਭੂਪਤ ਮਨ ਆਵੇ।੬੭। ਸੰਧਯਾ ਤਜਕੇ ਪਾਛੇ ਪਰੇਗੋ। ਅਨਕ ਜਨਤ ਹੈ ਨਾਹੀ ਫਰੇਗੋ। ਸੰਧਿਆ ਪ੍ਰਾਤ ਕਰਨ ਨਹੀ ਸਰਯੰ । ਹਰਿ ਬਲਿ ਭੂਪ ਰੋਸ ਤਛ ਕਰੀਯੰ ।੬੮। ਜਾਵੇ ਭੂਪਤ ਦੇਸ ਅਖੰਡਾ । ਜਹਾਂ ਬਸੇ ਪੂਜ ਗਣ ਬ੍ਰਹਮੰਡਾ । ਸਪਤ ਰਿਖਨ ਆਸ਼ਰਮ ਫਿਰ ਆਵੈ । ਧਰੂਹ ਮੰਡਲ ਰਵ ਮੰਡਲ ਦਿਖ

ਆਪਣਾ ਆਪ ਦਿਖਾਈਏ ਤਾਂ ਮਿਟੀ ਵੀ ਪੁਟ ਕੇ ਲੈ ਜਾਣ ਇਸ ਵਾਸਤੇ ਮਨੁਖ ਬੜਾ ਨਾਂ ਕੀਚੇਗਾ ਇਸ ਕਰਕੇ ਗੁਰੂ ਸੰਜਮ ਵਿਚ ਰਹੇਗਾ ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਏਥੋਂ ਖਿਸਕੇਗਾ ਅਥਵਾ ਚੁਕੇਗਾ ਸੋ ਥਾਉਂ ਕਿਥਾਉਂ ਨ ਪਾਵੇਗਾ ਅਤੇ ਬਹੁਤ ਭਰਮੇਗਾ ਜੇਵਡ ਸਾਹਿਬ ਤੇਵਡ ਰਜਾਈਂ। ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਜਿਸ ਦੀ ਪ੍ਰਤੀਤ ਤੂੰ ਰਖੇਂਗਾ ਤਿਸੇ ਦੀ ਰਹੇਗੀ ਜੇਵਡ ਸਾਹਿਬ ਹੈ ਤਿਸਦੀਆਂ ਤੇਵਡ ਰਜਾਈਂ ਹੈਨ ਤਾਂ ਬੋਲਣ ਹੋਇਆ।

ਸਲੋਕ॥ ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ॥ ਕਹਨ ਸੁਨਣ ਤੇ ਰਹੈ ਨਿਆਰਾ ਕਾਹੂ ਮੰਗ ਨਾ ਭੀਨਾ॥ ਤਾਕੀ ਜਾਤ ਨ ਜਨਮ ਵਰਨ ਚਿਹਨ ਹੈ ਕਵਨ ਕਹੈ ਤੂੰ ਕਦਕਾ॥ ਹਾਜਰ ਹਜੂਰ ਨਿਕਟਿ ਨ ਆਵੈ

ਹਰਖ ਸੋਗ ਤੇ ਰਹਿਤਾ ॥ ਗਗਨ ਨਿਰੰਤਰਿ ਮਹਿਲ ਨਿਵਾਸੀ ਕੂੰਜ ਅਵਾਜਾ ਬੋਲੇ ॥ ਕਹੁ ਨਾਨਕ ਅਬ ਭਈ ਹੈਰਾਨੀ ਕੋਈ ਸਾਧੂ ਤਤ ਵਿਰੋਲੈ ॥ ੭ ॥

ਤਿਸਕਾ ਪ੍ਰਮਾਰਥ-ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈਨ ਭਾਈ ਅਜਿਤਿਆ ਓਹ ਜੋ ਆਦਿ ਪੁਰਖ ਹੈ ਸੋ ਜੁਗ ਜੁਗ ਵਿਖੇ ਵਰਤਦਾ ਆਇਆ ਹੈ ਤਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ ਉਹ ਆਪੇ ਹੀ ਦਾਨਾ ਹੈ ਤੇ ਆਪੇ ਹੀ ਬੀਨਾ ਹੈ ਦਾਨਾ ਤਾਂ ਇਉਂ ਜੋ ਕੁਛ ਕਰਦਾ ਹੈ ਸੋ ਆਪੇ ਹੀ ਕਰਦਾ ਹੈ ਅਤੇ ਦੂਸਰੇ ਪਾਸੋਂ ਮਸਲਤ ਨਹੀਂ ਪੁਛਦਾ ਅਤੇ ਜੋ ਕੁਛ ਕਰਦਾ ਹੈ ਸੋ ਭਲੀ ਕਰਦਾ ਹੈ ਅਤੇ ਬੀਨਾ ਇਉਂ ਹੈ ਜੋ ਸਭ ਦੀ ਜਾਨਣ ਵਾਲਾ ਹੈ ਤੇ ਕਾਹੂ ਸੰਗ ਨ ਭੀਨਾ ਉਸਨੂੰ ਕਿਸੇ ਕੀ ਮਨ ਬੁਧ ਚਤੁਰਾਈ ਸਿਆਣਪ ਮਸਲਤ ਖੁਸ਼ੀ ਨਹੀਂ ਆਂਵਦੀ ਓਹ ਕਿਸੇ ਬਾਤ

Scanned with CamScanner

ਪਰਚਦਾ ਨਹੀਂ ਤਟ ਤੀਰਥ ਤਪਸਿਆ ਪੂਜਾ ਅਰਚਾ ਦਾਨ ਪੁੰਨ ਪਰ ਭਿਜਦਾ ਨਹੀਂ ਬਿਨਾਂ ਸਤਿਗੁਰਾਂ ਦੇ ਸ਼ਬਦ ਉਸਕੀ ਜਾਤਿ ਕੌਣ ਜਾਣੈ ॥ ਅਰ ਵਰਨ ਕਿਆ ਕਹੀਐ ਅਰ ਚਿਹਨ ਕਿਆ ਕਹੀਐ ਜਿਉਂ ਪਾਰਸ ਕੇ ਭੇਟੇ ਲੋਹਾ ਸਵਰਨ ਹੋ ਜਾਤਾ ਹੈ ਅਤੇ ਦੁਰਮਤਿ ਮਿਟ ਜਾਂਦੀ ਹੈ ਜੈਸੇ ਅਤਿਸੈ ਪਾਪੀ ਜੀਵ ਸੰਤਾਂ ਨਾਲ ਮਿਲ ਕਰ ਸਾਧ ਹੋਤਾ ਹੈ ਤਿਉਂ ਪਾਰਸ ਕੇ ਸਪਰਸ਼ ਕੀਏ ਪਾਰਸ ਨਹੀਂ ਹੋਤਾ ਸੋਨਾ ਹੋਤਾ ਹੈ। ਇਹ ਭੇਦ ਸੰਤ ਮੇਂ ਅਰ ਪਾਰਸ ਮੇਂ ਹੈ ਤੇ ਸੰਤ ਜੋ ਹਨ ਸੋ ਦੀਵੇ ਦੇ ਸਮਾਨ ਹਨ ਜੈਸੇ ਏਕ ਦੀਵੇ ਸੇ ਦੂਸਰਾ ਜਗਾਵੇ ਉਸ ਸੇ ਹੋਰ ਜਗਾਵੇ ਇਸ ਤਰ੍ਹਾਂ ਅਸੰਖ ਦੀਵੇ ਜਗਾਈਏ ਤਾਂ ਜੋਤ ਸਭਨਾਂ ਦੀ ਇਕੋ ਜੇਹੀ ਰੁਸ਼ਨਾਈ ਹੈ ਅਤੇ ਪਾਰਸ ਸੇ ਲੋਹਾ ਲਾਈਏ ਤਾਂ ਸੋਨਾ ਹੋਤਾ ਹੈ ਪਰ ਉਹ ਸੋਨਾ ਹੋਰ ਸੋਨਾ ਨਹੀਂ ਬਣਾ ਸਕਤਾ ਸੋਨਾ ਤਬੀ

Scanned with CamScan

ਹੋਤਾ ਹੈ ਜੋ ਪਾਰਸ ਸੇ ਮਿਲੇ ਸੋ ਪਾਰਸ ਮੇਂ ਅਰ ਸੰਤ ਮੇਂ ਏਹੀ ਵਿਸ਼ੇਸ਼ਤਾ ਹੈ ਸੰਤਾਂ ਕੇ ਭਾਵੇਂ ਕੈਸਾ ਪਾਪੀ ਮਿਲੇ ਤੋ ਭੀ ਸੰਤ ਆਪ ਸਮਾਨ ਕਰ ਲੈਂਦੇ ਹਨ ਫੇਰ ਉਸਕੀ ਕੀਮਤ ਹੀ ਹੋਰ ਹੋ ਜਾਂਦੀ ਹੈ ਕਿਉਂਜੋ ਉਹ ਦੁਨੀਆਂ ਨਾਲ ਨਹੀਂ ਮਿਲਦਾ ਜਿਉਂ ਮ੍ਰਿਤਕ ਜੀਉ ਪੈਂਦਾ ਹੈ ਅਤੇ ਇਹ ਆਪਣੀ ਭਾਖਿਆ ਨਾਲ ਬੋਲ ਉਠਦਾ ਹੈ ਜਬ ਪਰਮੇਸ਼ਰ ਇਸ ਪ੍ਰਾਣੀ ਵਿਚ ਜੋਤਿ ਪਾਇੰਦਾ ਹੈ ਤਾਂ ਇਹ ਬੋਲ ਉਠਦਾ ਹੈ ਜਬ ਪ੍ਰਮੇਸ਼ਰ ਕੀ ਭਾਖਿਆ ਕੀ ਕੀਮਤ ਨਹੀਂ ਕਹੀ ਜਾਤੀ ਅਪਰ ਅਪਾਰ ਹੈ ਹਰਖ ਸੋਗ ਤੇ ਨਿਆਰਾ ਹੈ ਓਹ ਗਗਨੰਤਰ ਮਹਲ ਨਿਵਾਸੀ ਹੈ ਕੂੰਜ ਆਵਾਜ਼ ਬੋਲਦਾ ਹੈ।ਕਹੁ ਨਾਨਕ ਅਬ ਭਈ ਹੈਰਾਨੀ ਕੋਊ ਸਾਧੂ ਤਤ ਵਿਰੋਲੇ ॥ ਸੋ ਕਿਉਂਕਰ ਹੈ ਜਿਤਨਾ ਅਕਾਰ ਹੈ ਤਿਸ ਵਿਚ ਉਸ ਕਾ ਨਿਵਾਸ ਹੈ ਤਿਸ ਕਰ ਕੇ ਸਭ ਸੁਰਜੀਤ ਹੈ ਅਰ ਮਹਿਲਾਂ ਨਿਵਾਸ ਉਸ ਕੇ

Scanned with CamScan

ਸਾਧ ਹਨ ਸੋ ਉਹਨਾਂ ਵਿਚੋਂ ਕੂੰਜ ਆਵਾਜ਼ ਹੋਇ ਬੋਲਦਾ ਹੈ ਕੂੰਜ ਕਹੀਏ ਦੇਹੀ ਅਤੇ ਜੋ ਇਸ ਦੇਹੀ ਵਿਚ ਅਨਾਹਦ ਸ਼ਬਦਾਂ ਕਾ ਪ੍ਰਤਾਪ ਹੈ ਪਰ ਹੈਰਾਨਗੀ ਜੋ ਹੈ ਕਿਆ ਹੈ ਜਾਂ ਉਹ ਸਾਧ ਭੀਤਰ ਬ੍ਰਿਤੀ ਹੋਕਰ ਸੁਣਦੇ ਤੇ ਹੈਰਤ ਹੋ ਜਾਸਨ ਉਹ ਜੋ ਬਾਣ ਹਨ ਤਿਨਾਂ ਵਿਚੋਂ ਬਰਕਤ ਨਿਕਲ ਜਾਂਦੀ ਹੈ ਤੇ ਉਹ ਖਾਲੀ ਰਹਿ ਜਾਸਨ ਤਬ ਦੁਨੀਆਂ ਬੇਪ੍ਰਤੀਤ ਹੋਇਗੀ ਭਾਈ ਅਜਿਤਾ ਨਾਵੇਂ ਜਾਮੇਂ ਸਾਂਗ ਭਾਰੀ ਹੋਵੇਗਾ।

ਸਲੋਕ ॥ ਦਸਤ ਮੁਹਾਰ ਅਪਨੇ ਵਸ ਰਾਖੀ ਜਾਂ ਤੁਣਕੇ ਬੋਲੇ ॥ ਭਰਮ ਭੀਤ ਕਉ ਸਭ ਜਗ ਬੰਧਿਆ ਆਪ ਅਡੋਲ ਨ ਡੋਲੇ ॥ ਪੈਨਣਹਾਰਾ ਸਦਾ ਅਬਿਨਾਸੀ ਤਿਸਤੇ ਰਹੈ ਨਿਆਰਾ ॥ ਕਹੁ ਨਾਨਕ ਕੋਟਿ ਜਗ ਬੀਤੇ ਅੰਤੁ ਨ ਪਾਰਾਵਾਰਾ ॥੮॥

Scanned with CamScan

ਤਿਸਕਾ ਪ੍ਰਮਾਰਥ ॥ ਸ੍ਰੀ ਸਤਿਗੁਰੂ ਜੀ ਕਹਿਤੇ ਹੈਨ ਬੋਲਣਾ ਹੋਇਆ ਭਾਈ ਅਜਿਤਿਆ ਦਸਤ ਮੁਹ ਰ ਜੋ ਹੈ ਸੋ ਸਭਨਾਂ ਕਾ ਮਤਿ ਬੁਧ ਬਲ ਖਿੱਚਕੇ ਆਪਣੇ ਵੱਸ ਰਖੀਏ ਜਿਉਂ ਖਿਲਾਵਹਿਗਾ ਤਿਉਂ ਖੇਲੇਗਾ ਕੋਈ ਪਹੁੰਚਣੇ ਨਾ ਪਾਵੇਗਾ ਸਭ ਭਰਮ ਜਾਵੇਗੀ ਆਖ ਅਡੋਲ ਹੋਇ ਰਹੇਗਾ ਅਤੇ ਜਾਮੇਂ ਜੁਗ ਜੁਗ ਪਹਿਰ ਦਾ ਆਇਆ ਹੈ ਪਰ ਆਪ ਜਾਮੇਂ ਥੀਂ ਨਿਆਰਾ ਰਹਿੰਦਾ ਹੈ ਆਪ ਤਾਂ ਅਬਿਨਾਸੀ ਹੈ ਮਰਣ ਕਾ ਨਹੀਂ ਹੈ ਜਾਮੇਂ ਕਾ ਬਿਨਾਸ ਹੈ ਆਪ ਤਾਂ ਨਵਤਨ ਬਾਲਾ ਹੈ ਕਈ ਕੋਟਿ ਜੁਗ ਬੀਤੇ ਹੈਂ ਓਹ ਸਦਾ ਹੀ ਅਮਰ ਹੈ ਤਿਸਦਾ ਭੇਦ ਕੋਈ ਨਹੀਂ ਪਾਵਤਾ ॥ ਸਲੋਕ ॥ ਨਾਥ ਨਿਰੰਜਨ ਨਾਥੀ ਸਭ ਜਾਕੀ ਤਾਂ ਕੇ ਨਿਕਟ ਨ ਕੋਈ ॥ ਨਵ ਦੁਆਰੇ ਚਲਤ ਕਰ ਦੇਖਿਆ ਰਹੇ ਅਲਿਪਤ ਗੁਸਾਈ ॥ ਦਸਵਾਂ ਦੁਆਰ ਬ੍ਰਹਮ

Scanned with CamScan

ਕਾ ਪੁਤਰ ਤਾਂ ਮੈਂ ਬਹੁ ਹੈਰਾਨੇ ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕੋਈ ਵਿਰਲਾ ਸਾਧ ਪਛਾਨੈ ॥ ਤਿਸਕਾ ਪ੍ਰਮਾਰਥ ॥ ਸ੍ਰੀ ਗੁਰੂ ਜੀ ਕਹਿਤੇ ਹੈਨ ਤਾਂ ਬੋਲਨਾ ਹੋਇਆ ਅਜਿਤਿਆ ਉਹ ਸਭ ਕਾਸੇ ਕਾ ਨਾਥ ਹੈ ਅਰ ਪੈਦਾਇਸ਼ ਸਭ ਉਸ ਕੇ ਹਾਥ ਹੋ ਗਈ ਉਸਨੇ ਸਭ ਦ੍ਰਿਸ਼ਟਿਮਾਨ ਹੋਵੇਗਾ ਉਸਕੋ ਕੋਈ ਲਖ ਨ ਸਕੇਗਾ ਅਤੇ ਨਉ ਦੁਆਰੀ ਚਲਤ ਕਰੇਗਾ ਅਰ ਦਸਵੇਂ ਦੁਆਰ ਖੋਲੇਗਾ ਭਾਈ ਜਾਂ ਗੁਰੂ ਨਾਵਾਂ ਜਾਮਾ ਪਹਿਰੇਗਾ ਤਾਂ ਸਭ ਬੇਮੁਖ ਹੋ ਜਾਵੇਗੀ ਗੁਰੂ ਜੀ ਕਾ ਹੁਕਮ ਮੰਨਣਗੇ ਨਾਹੀਂ ਆਪਣੀ ਮਤ ਕਰੇਗਾ ਤਾਂ ਭਾਈ ਆਪਣੇ ਆਪ ਹੀ ਗੁਰੂ ਬਣ ਬੈਹਣਗੇ ਅਤੇ ਆਖਣਗੇ ਅਸੀਂ ਭਰਾਉ ਸ਼ਰੀਕ ਹੈਗੇ ਤਾਂ ਤਿਨਕਾ ਫਲ ਅੱਗੇ ਹੀ ਨਿਹਫਲ ਹੋਇ ਜਾਵੇਗਾ ਅਤੇ ਜੂਨਾਂ ਵਿਚ ਪਾਈਅਨਗੇ ਅਤੇ ਗੁਰੂ ਕੋ ਮਨੁਖ ਕਰਕੇ ਜਾਣਸਨ ਅਰ

ਨਿੰਦਿਆ ਕਰਸਨ ਅਤੇ ਸਤਿਗੁਰ ਕਉ ਨ ਜਾਨਸਨ ਭੂਲਾ ਜਾਣਗੇ ਪਿਛੇ ਸਤਿਗੁਰ ਲੁਕਵਾਂ ਖੇਲੀਏਗਾ ਆਪਣੇ ਜਾਮੇਂ ਥੀ ਭੀ ਨਿਆਰਾ ਰਹੇਗਾ. ਓਹ ਸਨਕਾਦਿਕ ਰੂਪ ਰਹੇਗਾ ਜਿਸ ਕਊ ਕੋਈ ਆਖ ਨਾ ਸਕੇਗਾ ਮਹਿਰਮ ਮਹਿਰਮ ਸਭਕੋ ਭੁਲਾਵੇਗਾ ਤਿਸ ਕਉ ਕੋਈ ਰਖ ਨਾ ਸਕੇਗਾ ਕਹੁ ਨਾਨਕ ਗੁਰ ਅਗਮ ਅਗੋਚਰ ਕੋਈ ਵਿਰਲਾ ਸਾਧ ਪਛਾਣੈ ॥ ਜਦ ਨਵਾਂ ਜਾਮਾਂ ਪਹਿਰੇਗਾ ਤਾਂ ਕਿਸੀ ਕਉ ਨਦਰ ਨਾ ਆਏਗਾ । ਸਭ ਕਹਿਣਗੇ ਗੁਰੂ ਅਹ ਦੇਖਣ ਗੋਚਰਾ ਨਹੀਂ ਆਖਸਣ ਜੋ ਗੁਰੂ ਕਹਿਆ ਹੈ ਇਸ ਬਾਤ ਕਾ ਪਾਰ ਪਾਇਆ ਨਹੀਂ ਜਾਤਾ ਕੋਈ ਵਿਰਲਾ ਹੀ ਪਛਾਣੇਗਾ ਜਿਸ ਕੋ ਪ੍ਰਾਪਤ ਹੋਵੇਗੀ ਕੋਈ ਵਿਰਲਾ ਹੀ ਸਹੀ ਕਰੇਗਾ ਜੋ ਗੁਰੂ ਨਾਲ ਸਚਾ ਹੋਵੇਗਾ ਗੁਰੂ ਭਾਵੇਂ ਤਾਂ ਭੀ ਪਰਖੇਗਾ ਨਵੇਂ ਸਿਰੇ ਖੇਤ ਜਮਾਵੇਗਾ

Scanned with CamScan

ਗੁਰੂ ਭਾਣੇ ਕਾ ਖਸਮ ਹੈ ਜੋ ਭਾਵੈ ਸੋ ਕਰੇ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਸਚੇ ਪਾਤਸ਼ਾਹ ਜੀ ਤੂੰ ਜਾਮਾਂ ਬਦਲੇਂਗਾ ਤਾਂ ਤੇਰੇ ਪਿਛੇ ਸਿਖ ਭਰਮ ਜਾਵਸਨ ਤਾਂ ਫੇਰ ਇਹ ਜੋਤ ਕਿਥੇ ਸਮਾਵੇਗੀ ਤਾਂ ਫੇਰ ਬਾਬੇ ਜੀ ਦਾ ਬੋਲਣਾ ਹੋਇਆ ਮੇਰਾ ਵਾਕ ਸ਼ਬਦ ਹੈ ਹੁਕਮ ਹੋਇਆ ਮੂੰਹ ਤੇ ਆਖਣ ਦਾ ਕੁਛ ਨਹੀਂ ਸ਼ਬਦ ਕੀ ਬਾਤ ਸੱਚ ਹੈ ਸ਼ਬਦ ਕਹਿ ਕੇ ਪਾਈਦੇ ਸਹੀ।

ਸਲੋਕ ॥ ਮਰ ਜਨਮੈ ਸੋ ਆਵੈ ਜੋ ਗੁਰ ਜਾਨੈ ਦੂਆ॥ ਕਰਮ ਕਰਤੂਤ ਬੇਲ ਬਿਸਥਾਰੀ ਨ ਮਿਲਿਆ ਨ ਫਲ ਹੂਆ ॥ ਮੁਖ ਆਗਰ ਕਾ ਕਹਿਆ ਜੋ ਮਾਨੈ ਸੋ ਸਿਖ ਭਰਮ ਭੁਲਾਨੇ ॥ ਸ਼ਬਦ ਨਿਰੰਤਰਿ ਜੋ ਮਨ ਖੋਜੇ ਸਾਚ ਸ਼ਬਦ ਸਮਾਨੇ ॥ ਉਡ ਬਿਹੰਗਮ ਚੀਟੀ ਕਾ ਪਗ ਹਸਤ ਊਪਰ ਅਸਵਾਰੀ ॥ ਜਾਕੇ

Scanned with CamScan

ਕਰਮ ਧਰਮ ਨਹੀਂ ਮਾਯਾ ਮਾਖੀ ਕਹੁ ਨਾਨਕ ਆਠ ਪਹਿਰ ਲਿਵਤਾਰੀ ॥੧੦॥

ਤਿਸਕਾ ਪਰਮਾਰਥ॥ ਭਾਈ ਅਜਿਤਿਆ ਗੁਰੂ ਜਾਮਾਂ ਬਦਲੇਗਾ ਤਾਂ ਸੰਬੂਹ ਸਿਖ ਭਰਮ ਜਾਵਣਗੇ ਅ ਖਣਗੇ ਜੋ ਗੁਰੂ ਮੋਯਾ ਹੈ ਫਿਰ ਜੰਮੇਗਾ ਪਰ ਇਹ ਜੋ ਕਰਮ ਕਰਤੂਤ ਕੀ ਬੇਲ ਬਿਸਥਾਰੀ ਹੈ ਇਹ ਜੋ ਬੁਰੇ ਕਰਮ ਕਰਦਾ ਹੈ ਉਨੋਂ ਕਰਮੋਂ ਕਰ ਬਹੁ ਜੂਨੀ ਭਰਮਾਈਦਾ ਹੈ ਸਤਿਗੁਰੂ ਜੋ ਹੈ ਨਿਹਕਰਮੀ ਹੈ ਕਰਮ ਧਰਮ ਤੇ ਪਰੇ ਹੈ ਪਾਪ ਪੁੰਨ ਤੇ ਨਿਰਲੇਪ ਰਹਿੰਦਾ ਹੈ ਓਹ ਜੋ ਕਹਿਣਗੇ ਜੋ ਗੁਰੂ ਫੇਰ ਜੰਮੇਗਾ ਓਹ ਫੇਰ ਫੇਰ ਮਰਣ ਜੰਮਨਗੇ ਕਈ ਜੂਨ ਭਰਮ ਭਰਮੇਂਗੇ ਅਰ ਗੁਰੂ ਕੇ ਹਜ਼ੂਰ ਓਇ ਬੁਰੇ ਕਰਮ ਕਰਸਨ ਉਨ੍ਹਾਂ ਕੋ ਗੁਰੂ ਮਿਲਣ ਕਾ ਫਲ ਲਗਦਾ ਨਹੀਂ ਸਤਿਗੁਰੂ ਉਨ੍ਹਾਂ ਕੋ ਹੋਰ ਮੁਖ ਵਾਕ ਭਰਮ ਵੇਗਾ ਤਾਂ ਓਹ ਵਾਕ ਸੁਣ ਸੁਣ

Scanned with CamScan

ਭਰਮਣਗੇ ਆਖਣਗੇ ਜੋ ਇਹ ਵਾਕ ਕੀਤੇ
ਹੈਨ ਸਾਖੀਆਂ ਕਰ ਕਰ ਭਰਮਣਗੇ ਕੁਚਾਲ
ਚਲਣਗੇ ਮੁਖ ਆਗਰ ਕੇ ਕਹੇ ਕਾ ਇਹ
ਫਲ ਲਗੇਗਾ ਅਤੇ ਜੋ ਸ਼ਬਦ ਖੋਜੇਗਾ ਸੋ
ਵਿਰਲਾ ਕੋਈ ਸਾਧੂ ਖੋਜੇਗਾ ਸੋ ਸਚ ਸਮਾਵੇਗਾ
ਸਤਿਗੁਰੂ ਕੋ ਮਿਲੇਗਾ ਸੋ ਕਿਸ ਰਉਂਸ
ਮਿਲੇਗਾ ਸਾਚ ਸ਼ਬਦ ਜੋ ਹੈ ਸੋ ਸਤਿਗੁਰੂ ਹੈ
ਓਹ ਇਤ ਬਿਧ ਕਰਕੇ ਸਤਿਗੁਰੂ ਕੋ
ਮਿਲਣਗੇ ਬਿਹੰਗਮ ਜੋ ਹੈ ਸੋ ਪਾਰਬ੍ਰਹਮ ਕੀ
ਜੋਤ ਹੈ ਓਹ ਖਰੀ ਫੁਟਦੀ ਹੈ ਚੀਂਟੀ ਕਾ
ਪਗ ਜੋ ਹੈ ਸੋ ਇਹ ਮਨੁਖ ਕਾ ਜਾਮਾ ਪਹਿ-
ਨਿਆ ਹੈ ਹਸਤੀ ਕੀ ਅਸਵਾਰੀ ਜੋ ਹੈ ਸ੍ਰੀ
ਸਤਿਗੁਰ ਸਾਧ ਹੈ ਜੋ ਮਨੁਖ ਕਾ ਜਾਮਾ
ਪਹਿਰਣੇ ਬਿਹੰਗਮ ਰੂਪ ਹੋਏ ਖੇਲੇਗਾ ਅਤੇ
ਜਾਮੇਂ ਤੇ ਨਿਆਰਾ ਰਹੇਗਾ ਅਤੇ ਕਿਸੀ ਸਾਥ
ਮਤਲਬ ਭੀ ਨ ਹੋਵੇਗਾ ਸਭ ਤੇ ਨਿਆਰਾ
ਰਹੇਗਾ ਆਠ ਪਹਿਰ ਲਿਵ ਆਪਣੇ ਗੁਰੂ

Scanned with CamScan

ਪ੍ਰਮੇਸ਼ਰ ਨਾਲ ਰਖੇਗਾ ਸ਼ਬਦ ਮਨ ਵਸਾਵੇਗਾ ਉਸ ਵਿਚ ਸਤਿਗੁਰੂ ਦਾ ਵਾਸਾ ਹੋਵੇਗਾ ਜਿਸਦੀ ਸ਼ਬਦ ਨਾਲ ਪ੍ਰੀਤ ਲਗੇਗੀ ਤਿਸਦੀ ਗੁਰੂ ਨਾਲ ਲਿਵ ਲਗੇਗੀ ਜੋ ਉਸਦੇ ਭਗਤ ਹੋਣਗੇ ਤਿਨਾਂ ਨੂੰ ਲਿਵ ਲਗੇਗੀ ਉਸ ਜਾਮੇਂ ਦਾ ਮੈਂ ਵਾਲੀ ਹਾਂ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਜਾਮਾਂ ਇਹ ਰਖੀਏਗਾ ਤਾਂ ਫੇਰ ਹੁਕਮ ਹੋਇਆ ਭਾਈ ਅਜਿਤਿਆ ਇਹ ਨਹੀਂ।

ਸਲੋਕ ॥ ਭਗ ਤੇ ਨਿਕਸਿਆ ਜੋ ਸਭ ਬਿਨਸੈ ਪਗ ਬੇੜੀ ਹੈ ਬੰਧ ॥ ਭਏ ਗੁਸਾਈ ਸਾਂਗ ਮੇਂ ਦੀਪਕ ਜਲੇ ਖ਼ਿਹੰਗ ॥ ਕੋਇਲ ਅੰਬ ਪ੍ਰੀਤ ਜਿਉਂ ਉਤਿ ਅਉਸਰਿ ਲਾਗੀ ਸੋਇ ॥ ਟੂਟੀ ਤੰਤ ਰਬਾਬ ਕੀ ਬਹੁੜ ਨ ਵਾਜਾ ਹੋਇ ॥ ਨਾਨਕ ਐਸੇ ਸਾਂਗ ਮੇਂ ਕਿਸੇ ਮਿਲ਼ਾਵਾ ਹੋਇ ॥੧॥

Scanned with CamScan

ਤਿਸ ਕਾ ਪ੍ਰਮ ਰਥ–ਸ੍ਰੀ ਗੁਰੂ ਜੀ ਕਹਿਤੇ ਹੈਣ । ਭਗ ਤੇ ਜੇ ਨਿਕਸਿਆ ਹੈ ਸੋ ਬਿਨਸ-ਨਹਾਰ ਹੈ ਪਰ ਬੇੜੀ ਪਰ ਬਿਧਿ ਜੋ ਹੈ ਸੋ ਸੰਜੋਗ ਵਿਜੋਗ ਹੈ ਸੰਜੋਗ ਕਰ ਕੇ ਮੇਲ ਹੁੰਦਾ ਹੈ ਵਿਜੋਗ ਕਰ ਕੇ ਵਿਛੋੜੀਦਾ ਹੈ ਗੁਸਾਈਂ ਜੋ ਹੈ ਸੋ ਸਤਿਗੁਰੂ ਹੈ ਉਹ ਸਾਂਗ ਕਰਕੇ ਚੋਜ ਦੇਖਦਾ ਹੈ ਦੀਪਕ ਜੋ ਹੈ ਸੋ ਬਿਹੰਗਮ ਹੈ ਜੋਤਿ ਸਰੂਪ ਅਮਰ ਹੈ ਕੋਕਲ ਅੰਬ ਪਰੀਤ ਹੈ ਸੋ ਉਨਕੇ ਸਾਸ ਹਨ ਉਨ੍ਹਾਂ ਦੀ ਪਰੀਤ ਉਸਦੇ ਨਾਮ ਸੰਗ ਹੈ ਕੋਕਲ ਕੀ ਨਿਆਈਂ ਸਾਖ ਹੈ ਅਰ ਨਾਮ ਜੋ ਹੈ ਸੋ ਅੰਮ੍ਰਿਤ ਫਲ ਹੈ ਉਹ ਉਸ ਸਾਥ ਖੁਸ਼ੀ ਹੋਤੇ ਹੈਂ ਰੰਗ ਲਗਾਵਤੇ ਹੈਂ ਜਿਉਂ ਕੋਕਲ ਆਂਬ ਫਲ ਖਾਇਕੇ ਸੁਭਾਉ ਕਰਕੇ ਬੋਲਤੀ ਹੈ ਤਿਉਂ ਸਾਧ ਨਾਮ ਫਲ ਅੰਮ੍ਰਿਤ ਫਲ ਖਾਇ ਬਹੁਤੇ ਖੁਸ਼ ਹੋਤੇ ਹੈਂ ਇਕ ਵਾਰ ਸਤਿਗੁਰ ਰਹੇਗਾ ਅਰ ਜੀ ਟੂਟੀ ਤੰਤ ਰਬਾਬ ਕੀ ਇਹ ਕੀ ਹੈ

ਜੋ ਕੋਈ ਉਸ ਕਉ ਮਿਲ ਕਰ ਫੇਰ ਤੁਟਦੇ ਹੈਂ ਉਹ ਫੇਰ ਨਾਹੀਂ ਮਿਲਦੇ ਜਿਉਂ ਤੰਤਾ ਰਬਾਬ ਕੀ ਟੁਟਦੀ ਹੈ ਫੇਰ ਵਜਦੀ ਨਾਹੀਂ ਤਿਉਂ ਵਿਚ ਗਿਰਹਾਂ ਪੈ ਜਾਇਗੀ ਅਜਿਹਾ ਵਕਤ ਆਵੇਗਾ ਸੋ ਸਤਿਗੁਰੂ ਕੀ ਨਿੰਦਿਆ ਸਭ ਸੰਸਾਰ ਕਰੇਗਾ ਅਤੇ ਸਭ ਭੁਲ ਜਾਣਗੇ ਅਤੇ ਨਰਕਗਾਮੀ ਹੋਵਣਗੇ ਅਤੇ ਮੇਰਾ ਇਕਨਾਂ ਨੂੰ ਸੰਸਾਰ ਵਿਚ ਦਰਸ਼ਨ ਪ੍ਰਾਪਤ ਹੋਵੇਗਾ ਪਰ ਜੋ ਨਿੰਦਾ ਤੇ ਰਹਿਤ ਹੈ ਤੈਸੇ ਹੋਵਣਗੇ ਓਹ ਕਹਿਣਗੇ ਜੋ ਗੁਰੂ ਕਰਦਾ ਹੈ ਸੋ ਭਲਾ ਹੀ ਕਰਦਾ ਹੈ ਜੋ ਭਾਵਸ ਕਰੇ ਸੋ ਉਹ ਭਲਾ ਬੁਰਾ ਕਿਸ ਕਉ ਕਹਿਣਗੇ ਨਾਹੀਂ ਉਸ ਸਿਖ ਨੂੰ ਮਿਲਾ ਲਈਅਨਗੇ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਾਂ ਸਭ ਭੁਲ ਜਾਣਗੇ ਤਾਂ ਵਡਾ ਕਲਜੁਗ ਆਵੇਗਾ ਤਾਂ ਜਿਨ੍ਹਾਂ ਦੀਆਂ ਕੀ ਬਾਬ ਕਿਆ ਹੋਵੇਗੀ ਤਾਂ ਫੇਰ ਅਗੇ ਬਾਬੇ ਕਾ

Scanned with CamScan

ਬੋਲਣਾ ਹੋਇਆ ॥ ਸਲੋਕ ॥ ਬਾਦਰਿ ਧੂਅਰ ਪਉਣ ਨਿਵਾਸੀ ਨਿਜ ਪਉੜੀ ਨਿਜ ਥਾਉ ॥ ਨਾਵੇਂ ਮਹਲੇ ਨਾਨਕਾ ਚੁਗਲ ਅਪਾਰਾ ਨਾਉਂ ॥ ੧੨ ॥

ਤਿਸ ਕਾ ਪ੍ਰਮਾਰਥ ॥ ਭਾਈ ਅਜਿਤਿਆ ਇਹ ਦੁਨੀਆਂ ਜੋ ਹੈ ਸੋ ਬਦਲ ਧੂੰਏਂ ਦੇ ਹਨ ਜੋ ਦੇਖੋ ਦੇਖੀ ਹੋਵਨਗੇ ਅਰ ਦੇਖੋ ਦੇਖੀ ਮਿਟ ਜਾਣਗੇ ਜਿਉਂ ਧੂਏਂ ਕੇ ਬਾਦਲ ਪਉਣ ਲਾਗੇ ਨਹੀਂ ਠਹਿਰਤੇ ਉਡ ਜਾਤੇ ਹੈਂ ਉਨ ਕੀ ਨਿਆਈਂ ਜਾਂ ਉਸ ਸਮੇਂ ਗੁਰੂ ਸਾਂਗ ਕਰੇਗਾ ਤਾਂ ਸਭ ਦੁਨੀਆਂ ਖਿੰਡ ਜਾਵੇਗੀ ਜਿਉਂ ਪੌਣ ਚਲੇ ਬਦਲ ਖਿੰਡ ਜਾਂਦੇ ਹਨ ਅਰ ਬੁਰੇ ਕਰਮ ਜੋ ਹਨ ਸੋ ਤਿਨੀਂ ਜਾਈਂ ਟਿਕਣਗੇ ਜੋ ਬੇਮੁਖ ਨਿੰਦਕ ਹੋਵਣਗੇ ਪਰ ਅਖੀਰ ਪਛੋਤਾਵਨਗੇ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਕੁਛ ਫੇਰ ਭੀ ਬਖਸ਼ੀਅਨਗੇ ਕਿ ਨਹੀਂ ਤਾਂ ਫਿਰ ਗੁਰੂ ਜੀ ਦਾ

ਬੋਲਣਾ ਹੋਇਆ ਬੱਚਾ ਅਜਿਤਿਆ ਇੰਦਰ ਜੋ ਹੈ ਸਤਿਗੁਰੂ ਹੈ ਸੋ ਤਿਸ ਦੇ ਸਿਖ ਸਾਧ ਦੇਵਤੇ ਹਨ ਓਹ ਨਿਰਤਕਾਰ ਕਰਦਾ ਹੈ ਤਾਂ ਬਖਸ਼ਾਇ ਲੈਂਦੇ ਹਨ ਹਾਣਤ ਕਿਸੇ ਦੀ ਨਹੀਂ ਕਰਨ ਦੇਤੇ ਸਭ ਕਾ ਭਲਾ ਚਾਹਤੇ ਹਨ ਸਭਨਾਂ ਕੋ ਮਿਲਾਇ ਲੈਂਦੇ ਹਨ ਤਿਉਂ ਬੱਚਾ ਇਕ ਐਸੇ ਸਿਖ ਹੋਵਣਗੇ ਜੋ ਹਾਣਤ ਕਿਸੇ ਦੀ ਨਾ ਕਰਨਗੇ ਅਰ ਮਿਲੇ ਕਉ ਮੇਲ ਲੈਣਗੇ ਪਰ ਜਾਂ ਉਹ ਵਕਤ ਆਵੇਗਾ ਤਾਂ ਸਿਧ ਸਿਖ ਆਗੇ ਹੀ ਸਮਾਇ ਜਾਣਗੇ। ਅਜੇਹੇ ਮਨੁਖ ਰਹਿਣਗੇ ਜੋ ਮਿਲੇ ਨੂੰ ਭੀ ਵਿਛੋੜਨਗੇ ਸੋ ਪੁਰਖ ਨਰਕਗਾਮੀ ਹੋਵੇਗਾ। ਨਿਜ ਪਉੜੀ ਨਿਜ ਥਾਉਂ ਜੋ ਹੈ ਸੋ ਭੀ ਉਸ ਕਾ ਨਾਮ ਹੈ ਸ਼ਬਦ ਕਾ ਜੋ ਉਸ ਵਕਤ ਸ਼ਬਦ ਹੀ ਉਧਾਰੀਐਗਾ ਸਤਿਗੁਰ ਨਿਰਾਲਮ ਹੋਇ ਰਹੇਗਾ। ਜਿਉਂ ਗਰਦਿਆਂ ਜਾਮਾ ਧੂੜ ਝਾੜ ਉਜਲਾ ਹੂੰਦਾ ਹੈ ਐਸਾ ਸੰਸਾਰ ਤੇ ਜੈਸਾ

Scanned with CamScan

ਕਮਲ ਜਲ ਤੇ ਰਹਿਤ ਹੈ ਉਸ ਕੋ ਜਲ ਨਹੀਂ ਪੋਹਤਾ ਤੈਸੇ ਏਹ ਧੂੰਏਂ ਕੇ ਬਾਦਲ ਨਿਕਟ ਨਾ ਆਵਨਗੇ ਅਰ ਬੱਚਾ ਨਾਵਾਂ ਜਾਮਾ ਜੋ ਹੋਵੇਗਾ ਸੋ ਦੇਸ ਪ੍ਰਵਾਨ ਹੋਵੇਗਾ ਸਭ ਵਸਤੂਆਂ ਨਵੀਆਂ ਹੋਣਗੀਆਂ ਅਰ ਅਪਾਰ ਵਸਤੂ ਜੋ ਹੈ ਸੋਈ ਅਪਾਰ ਵਸਤ ਸ਼ਬਦ ਹੈ ਸੋ ਉਥੇ ਸ਼ਬਦ ਹੀ ਹੋਵੇਗਾ ਸੋ ਇਕ ਅਜਿਹੇ ਬੇਮੁਖ ਹੋਵਣਗੇ ਤਿਸ ਨੋ ਭੀ ਨਾਮ ਰਖਣਗੇ ਅਰ ਅਪਾਰ ਵਸਤ ਕਿਸੇ ਦੇ ਨਿੰਦਣੇ ਕੀ ਨਾਹੀਂ ਪਰ ਉਸ ਕੀ ਚੁਗਲੀ ਦੁਸ਼ਟਾਦਿਕ ਮਰਨਗੇ ਸਚਿਆਰਾਂ ਉਪਰ ਚੁਗਲੀ ਨਹੀਂ ਚਲਦੀ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੋ ਸਚੇ ਪਾਤਸ਼ਾਹ ਤੂੰ ਕੁਛ ਖਾਂਦਾ ਪੀਂਦਾ ਭੀ ਹੈਂ ਤਾਂ ਫਿਰ ਬਾਬੇ ਜੀ ਕਾ ਬੋਲਣਾ ਹੋਇਆ ਬੱਚਾ ਅਜਿਤਿਆ ਜਿਥੇ ਗੁਰੂ ਕਾ ਆਸਣ ਹੈ ਤਿਥੇ ਖਾਣਾ ਪੀਣਾ ਕੁਛ ਨਹੀਂ ।

ਸਲੋਕ ॥ ਆਪੇ ਧੰਧੇ ਘਰਿ ਕਹੈ ਨ ਕੁਛ

ਪੀਐ ਨ ਖਾਇ ॥ ਨੀਚਾ ਅੰਦਰ ਨੀਚ ਜਾਤਿ ਸਤਿਗੁਰ ਰਹੇ ਖਿਲਾਇ ॥ ਸਾਂਗੀ ਸਾਂਗ ਰਚਾਇਸੀ ਫੁਟੇ ਸਗਲ ਜਹਾਨ ॥ ਨਾਨਕ ਕੋਈ ਗੁਰਮੁਖ ਉਬਰੇ ਸਬਦ ਰਹੇ ਮਨ ਗਿਆਨ ॥੧੩॥

ਤਿਸ ਕਾ ਪ੍ਰਮਾਰਥ--ਭਾਈ ਅਜਿਤਿਆ ਜਿਥੇ ਗੁਰੂ ਕਾ ਆਸਣ ਹੈ ਤਿਥੇ ਖਾਣ ਪੀਣ ਕੁਛ ਨਹੀਂ ਉਥੇ ਸਚੋ ਹੀ ਸਚ ਹੈ ਸੋ ਨਾਮ ਹੈ ਉਸ ਨਾਮ ਸੰਗ ਪ੍ਰੀਚਿਆ ਰਹੇ ਹੋਰ ਕਿਸੇ ਦਾ ਰੀਝਾਇਆ ਨਹੀਂ ਰੀਝਦਾ ਉਥੇ ਪਾਪ ਪ੍ਰਕਿਰਤ ਕਾਈ ਨਾਹੀਂ ਅਤੇ ਨੀਚਾਂ ਅੰਦਰ ਨੀਚ ਜਾਤ ਹੈ ਸੋ ਕੀ ਹੈ ਓਹ ਆਪਣੀ ਆਪ ਜਣਾਵੇਗਾ ਨਹੀਂ ਹਉਮੈ ਤੇ ਅਹੰਕਾਰ ਦੂਰ ਕਰੇਗਾ ਸੰਤੋਖ ਖਿਮਾਂ ਨਸ਼ਟ ਉਸ ਕੀ ਜਾਤ ਹੈ ਉਥੇ ਹੀ ਸਤਿਗੁਰੂ ਜੀ ਕਾ ਬਾਸਾ ਹੋਇਆ ਅਤੇ ਜਿਥੇ ਇਹ ਤ੍ਰੈ ਵਸਤੂ ਹੋਵਣਗੀਆਂ ਤੇ ਆਪ ਸੀਗਾਰ ਭੀ ਕਰਦਾ ਸਾਧਾਂ ਨਾਲ ਮਿਲ

Scanned with CamScanner

ਕਰ ਸਭ ਕੁਛ ਭੋਗਦਾ ਹੈ ਪਰ ਉਸ ਨੂੰ ਕੁਛ
ਨਹੀਂ ਲਗਦਾ ਉਹ ਅਲਿਪਤ ਹੈ ਪਰ ਸਾਂਗ
ਵਿਚ ਰਹੇਗਾ ਸਾਂਗ ਜੁਗ ਜੁਗ ਕਰਦਾ ਆਯਾ
ਹੈ ਪਰ ਜੋਂ ਇਸ ਕਲੂ ਕਾਲ ਵਿਚ ਸਾਂਗ
ਕਰੇਗਾ ਤਿਸ ਤੇ ਸਭ ਫਿਰ ਜਾਵੇਗੀ ਸੋ
ਕੌਣ ਕੌਣ ਭੁਲਣਗੇ ਸਿਧ ਸਾਧਿਕ ਸਿਖ
ਸਾਖੀ ਸਭ ਫਿਟ ਜਾਣਗੇ ਵਿਰਲਾ ਗੁਰਮੁਖ
ਸਾਬਤ ਰਹੇਗਾ ਉਹ ਸ਼ਬਦ ਗੁਰੂ ਕਾ ਰਹੇਗਾ
ਸ਼ਬਦ ਕਰ ਕੇ ਰਹੇਗਾ ਸ਼ਬਦ ਪਰ ਚਲੇਗਾ
ਸ਼ਬਦ ਕਉ ਮੰਨੇਗਾ ਹੋਰ ਗੱਲਾਂ ਝੂਠ ਕਰ
ਮੰਨੇਗਾ ਸੋਈ ਪੁਰਖ ਸਤਿਗੁਰੂ ਕਾ ਸਿਖ
ਹੋਵੇਗਾ ਸਭ ਨਰਕਗਾਮੀ ਹੋਵਣਗੇ ਤਾਂ ਫੇਰ
ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ
ਪਾਤਸ਼ਾਹ ਐਸਾ ਇਕ ਕੋਈ ਹੋਵੇਗਾ ਅਰ ਜੀ
ਹੋਰਨਾਂ ਜੀਆਂ ਕੇ ਬਾਦ ਕੀ ਹੋਵੇਗਾ ਤਾਂ ਫੇਰ
ਬਾਬੇ ਜੀ ਦਾ ਬੋਲਣਾ ਹੋਇਆ ॥

ਸਲੋਕ ॥ ਲੱਖ ਕਰੋੜੀ ਜੀਵੜੇ ਕੌਨ ਨਰਕ

Scanned with CamScanner

ਭੁੰਚਾਈਐ ॥ ਲਾਗੋ ਅੰਕ ਕਾਸੀਓ ਬਹੁ ਪੰਡ ਈਐ ॥ ਹੁਕਮ ਹੋਇਆ ਧਰਮਰਾਇ ਨੋ ਕਾਢੇ ਨਰਕ ਨਿਵਾਸ । ਇਨਾਂ ਜੀਆਂ ਸਤਿਗੁਰੂ ਨਹੀਂ ਭੇਟਿਆ ਕਰਹਿ ਬ੍ਰਹਮੇ ਕੀ ਆਸ ॥ ਤਾ ਕਉ ਲੇਖ ਲਿਖਾਈਐ ਏਹ ਦਾਣੇ ਪਾਣੀ ਕਾ ਜੀਉ ॥ ਮਾਇਆ ਮਮਤਾ ਮੋਹਣੀ ਤਾਂ ਸਿਉਂ ਲਗਾ ਜੀਉ ॥ ਨਾਨਕ ਆਖਣ ਪੂਰਿਆ ਫਿਰ ਨਰਕ ਸਿਧਾਰਨ ਜੀਉ ॥ ੧੪ ॥ ਤਿਸਕਾ ਪਰਮਾਰਥ--ਸੁਣ ਭਾਈ ਅਜਿਤਿਆ ਛਿੰਨਵੇਂ ਕਰੋੜੀ ਜੋ ਜੀਵ ਥੇ ਤਿਨ੍ਹਾਂ ਸਤਿਗੁਰੂ ਕੋ ਨ ਜਾਣਿਆ ਸੀ ਬ੍ਰਹਮ ਬ੍ਰਹਮ ਜਪਦਿਆਂ ਸਾਰੀ ਉਮਰ ਗੁਜ਼ਰ ਗਈ ਕਹਿਣ ਜੋ ਹਮ ਭੀ ਬ੍ਰਹਮ ਹੈਂ ਗੁਰੂ ਭੀ ਬ੍ਰਹਮ ਹੈ ਅਰ ਸਤਿਗੁਰ ਸਿਉਂ ਵਾਦ ਕਰਦੇ ਸੇ ਜੋ ਅਸੀਂ ਵਡੇ ਹਾਂ ਅਸਾਡੇ ਪੰਥ ਜੇਹਾ ਹੋਰ ਕੋਈ ਨਹੀਂ ਉਨ੍ਹਾਂ ਦਾਵਾ ਬੱਧਾ ਸੀ ਓਹ ਮਾਰ ਬਿਦਾਰ ਕਰਨੇ ਹਾਰੇ ਕਉ ਕੀਤੇ ਕੁੰਭੀ ਨਰਕ

Scanned with CamScanner

ਮੇਂ ਸਭ ਪਾਏ ਉਹਨਾਂ ਨੂੰ ਬਿਲਲਾਂਦਿਆਂ
ਸਤਿਜੁਗ ਬੀਤਿਆ ਫੇਰ ਤ੍ਰੇਤੇ ਜੁਗ ਜਨਕ
ਬਿਦੇਹੀ ਦੀ ਆਗਿਆ ਸਾਥ ਨਰਕੋਂ ਸੇ
ਨਿਕਲੇ ਸੋ ਕਿਉਂ ਕਰ ਨਰਕੋਂ ਸੇ ਨਿਕਸੇ ਸੇ
ਜਾਂ ਸਤਿਗੁਰੂ ਕੇ ਜਾਮ ਕਾ ਪਉਣ ਉਨ੍ਹਾਂ ਨੂੰ
ਲਗਾ ਸੀ ਤਾਂ ਓਹ ਪੁਰਖ ਨਰਕੋਂ ਸੇ ਬਾਹਰ
ਨਿਕਲੇ ਸੋ ਭਾਵੇਂ ਉਨ੍ਹਾਂ ਵਾਦ ਕੀਤਾ ਸੀ ਪਰ
ਭਾਈ ਅਜਿਤਿਆ ਗੁਰੂ ਨਿਰਵੈਰ ਹੈ ਵੈਰ
ਕਿਸੀ ਨਾਲ ਨਹੀਂ ਰਖਦਾ ਤਾਂ ਫੇਰ ਅਜਿਤੇ
ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ
ਓਹ ਕਿਉਂ ਕਰ ਪਉਣ ਲਗੀ ਤਾਂ ਫੇਰ ਗੁਰੂ
ਨਾਨਕ ਜੀ ਕਾ ਬੋਲਣਾ ਹੋਇਆ ਜਾਂ ਗੁਰੂ
ਜਨਕ ਜੀ ਸਚਖੰਡ ਕੋ ਚਲੇ ਹੈਨ ਤਾਂ ਹੁਕਮ
ਕੀਤੋ ਨੇ ਨਾਲੇ ਗਣ ਗੰਧ੍ਰਬ ਬਹੁਤ ਭਗਤ
ਥੇ ਪੁਸ਼ਪ ਬਿਬਾਨ ਉਠਾਈ ਜਾਂਦੇ ਸੇ ਤਾਂ
ਉਨ੍ਹਾਂ ਨੂੰ ਹੁਕਮ ਕੀਤੋ ਨੇ ਜੋ ਅਸਾਂ ਨੂੰ ਨਰਕੋਂ
ਕੇ ਜੋ ਜੀਵ ਹਨ ਸੋ ਜਾਇ ਦਿਖਾਲੇ ਤਾਂ ਉਨ੍ਹਾਂ

Scanned with CamScan

ਭਗਤਾਂ ਅਰਦਾਸ ਕੀਤੀ ਸਚੇ ਪਾਤਸ਼ਾਹ
ਤੁਸਾਂ ਨੂੰ ਨਰਕ ਸੁਰਗ ਨਾਲ ਕੀ ਕੰਮ ਹੈ
ਤੁਸੀਂ ਸਚਖੰਡ ਕੋ ਚਲੋ ਤਾਂ ਫੇਰ ਹੁਕਮ ਕੀਤੇ
ਨੇ ਅਸਾਂ ਤਾਂ ਏਹ ਤਮਾਸ਼ਾ ਦੇਖ ਕਰ ਚਲਣਾ
ਹੈ ਤਾਂ ਗਣ ਹੁਕਮ ਮੰਨ ਕੇ ਲੈ ਚਲੇ ਤਾਂ
ਅਗੋਂ ਪੁਕਾਰ ਆਂਵਦੀ ਸੀ ਨਰਕ ਦੇ ਜੀਅ
ਬਹੁਤ ਕੁਰਲਾਂਵਦੇ ਹੈਸਨ ਪਰ ਜਿਉਂ ਗੁਰੂ
ਜਨਕ ਕਾ ਬਿਬਾਣ ਨੇੜੇ ਆਇਆ ਤਾਂ ਓਹ
ਜੀ ਸਭ ਚੁਪ ਕਰ ਗਏ ਧਰਮਰਾਇ ਆਸਣ
ਛੋਡ ਕਰ ਭੰਨਾ ਤਾਂ ਓਹ ਚਿਤ੍ਰ ਗੁਪਤ ਭੀ
ਨਾਲੇ ਭੰਨੇ ਤਾਂ ਫੇਰ ਗੁਰੂ ਜਨਕ ਜੀ ਓਹਨਾਂ
ਨਰਕ ਕੇ ਜੀਆਂ ਸੇ ਪੂਛਾ ਤੁਸੀਂ ਜੋ ਕੁਰਲਾਂਵਦੇ
ਸੇ ਜੋ ਹੁਣ ਕਿਉਂ ਸ਼ਾਂਤੀ ਆਈ ਤਾਂ ਓਹ
ਨਰਕ ਕੇ ਜੀਅ ਬੋਲੇ ਜੋ ਜੀ ਤੇਰੇ ਜਾਮੇਂ ਕਾ ਜੋ
ਸੀਤਲ ਪਉਣ ਲਗਾ ਹੈ ਤਾਂ ਅਸਾਂ ਨੂੰ ਸ਼ਾਂਤਿ
ਆਈ ਹੈ ਅਤੇ ਤਪਤ ਬੁਝ ਗਈ ਹੈ ਅਰ
ਜਮਦੂਤ ਅਸਾਂ ਨੂੰ ਮਾਰਦੇ ਥੇ ਸਭ ਨਸ ਗਏ

Scanned with CamScan

ਹੈਂ ਤਾਂ ਹੁਕਮ ਹੋਇਆ ਜੋ ਇਹਨਾਂ ਕੋ ਬਾਹਰ ਕਾਢੋ ਤਾਂ ਸਤਿਗੁਰੂ ਸਜੇ ਪੈਰ ਦੇ ਅੰਗੂਠੇ ਨਾਲ ਛਿੰਨਵੇਂ ਕਰੋੜੀ ਅਤੇ ਬੀਸ ਲੱਖ ਜੀਵ ਨਰਕ ਵਿਚੋ ਕਾਢ ਸਨ ਤਾਂ ਧਰਮ ਰਾਇ ਨਿਰੰਕਾਰ ਜੀ ਅੱਗੇ ਆਇ ਪੁਕਾਰਿਆ ਜੋ ਇਕ ਮਹਾ ਪੁਰਖ ਆਇਆ ਹੈ ਜਿਸ ਕੋ ਜਨਕ ਬਿਦੇਹੀ ਕਹਿਤੇ ਹੈਂ ਉਸ ਨੇ ਜੋ ਨਰਕ ਕੇ ਜੀਵ ਹਨ ਸੋ ਸਭ ਨਰਕੋਂ ਸੇ ਬਾਹਰ ਕੱਢ ਬਹਾਏ ਜਿਉਂ ਤੁਮਾਰੀ ਆਗਯਾ ਹੋਵੇ ਤਾਂ ਫਿਰ ਸੱਚਾ ਨਿਰੰਕਾਰ ਜੀ ਬੋਲਿਆ ਹੇ ਧਰਮ-ਰਾਇ ਉਸ ਮਹਾਂਪੁਰਖ ਕੋ ਕੁਛ ਨਹੀਂ ਕੋਹਿਣਾ ਜੇ ਓਹ ਚਾਹੇ ਤਾਂ ਨਰਕ ਹੀ ਦੂਰ ਕਰ ਦੇਵੇ ਪਰ ਉਸ ਕੋ ਰਾਜੀ ਰਖਣਾ ਹੈ ਤਾਂ ਧਰਮ ਰਾਇ ਹਾਥ ਜੋੜ ਕੇ ਅਰਦਾਸ ਕੀਤੀ ਜੀ ਫੇਰ ਸ੍ਰਿਸ਼ਟਿ ਕਾ ਬੰਧੇਜ ਕਿਉਂਕਰ ਚਲੇਗਾ ਤਾਂ ਫਿਰ ਨਿਰੰਕਾਰ ਦੀ ਆਗਿਆ ਹੋਈ ਜੋ ਹੇ ਧਰਮਰਾਇ ਤੂ ਉਸੀ ਭਗਤ ਪਾਸ ਜਾਇ

Scanned with CamScan

ਜਿਉਂ ਕਰ ਰਾਜ਼ੀ ਹੋਵੇ ਤਿਵੇਂ ਕਰਨਾ ਤਾਂ ਤਾਂ ਧਰਮ ਰਾਇ ਸ੍ਰੀ ਸਤਿਗੁਰੂ ਅਗੇ ਆਇ ਹਥ ਜੋੜ ਕੇ ਖੜਾ ਹੋਇਆ ਅਤੇ ਅਰਦਾਸ ਕੀਤੀਓਸੁ ਜੋ ਜੀ ਮੇਹਰਵਾਨ ਇਹਨਾਂ ਜੀਆਂ ਵਡੇ ਅਣਗਿਣਤ ਹੀ ਪਾਪ ਕੀਤੇ ਹਨ ਜਾਂ ਓਸ ਵਕਤ ਸਤਿਗੁਰੂ ਨਿਰੰਕਾਰ ਨਾਲ ਧਿਆਨ ਕਰ ਕੇ ਤਪਸਿਆ ਕੀਤੀ ਹੈਸੀ ਜਾਂ ਤਾੜੀ ਗੁਰੂ ਜੀ ਮਹਾਰਾਜ ਨੇ ਖੋਹਲੀ ਤਾਂ ਧਰਮਰਾਇ ਜੋਗ ਆਖਿਓਸੁ ਹੇ ਧਰਮਰਾਇ ਇਹ ਤਪਸਿਆ ਸਵਾ ਘੜੀ ਕੀ ਜੀਵਾਂ ਕੇ ਮੁਜਰੇ ਦੀਜੈ ਪਾਪਾਂ ਕੇ ਬਦਲੇ ਇਹਨਾਂ ਕੀ ਖਲਾਸੀ ਕੀਜੈ ਤਾਂ ਧਰਮਰਾਇ ਤਮਾਊ ਕੀਤਾ ਤਪਸਿਆ ਏਕ ਧਾਰਨ ਮੰਡੀ ਜੀਵਾਂ ਦੇ ਪਾਪ ਏਕ ਧਾਰਨ ਮੰਡੇ ਤਾਂ ਤਪਸਿਆ ਭਾਰੀ ਹੋਈ ਜੀਵਾਂ ਕੇ ਪਾਪ ਹੌਲੇ ਨਾਮ ਕੀ ਮਹਿਮਾ ਜੋ ਅਗਮ ਹੈ ਫੇਰ ਜੀਵਾਂ ਕਉ ਸੁਰਗ ਮਹਿ ਪਾਇਆ ਤਾਂ ਓਥੇ ਭੁਖ ਨਾਲ ਲਗੇ

Scanned with CamScan

ਕੁਰਲਾਣ ਤਾਂ ਫੇਰ ਗੁਰੂ ਜੀ ਪੁਛਿਆ ਜੀ ਓਹਨਾਂ ਜੀਵਾਂ ਕਾ ਹੁਣ ਕੀ ਹਵਾਲ ਹੈ ਅਗੋਂ ਧਰਮ ਰਾਇ ਕਿਹਾ ਜੀ ਨਾ ਵੋਹ ਸੁਰਗ ਹਨ ਨਾ ਨਰਕ ਹਨ ਵੋਹ ਅੱਧ ਬੀਚ ਹੀ ਸਹਿਕਦੇ ਹਨ ਅੱਗੇ ਇਹਨਾਂ ਕੁਛ ਨਹੀਂ ਬੀਜਿਆ ਇਥੋਂ ਇਹਨਾਂ ਨੂੰ ਮਿਲੇ ਤਾਂ ਸਤਿਗੁਰੂ ਨਿਰੰ-ਕਾਰ ਕਉ ਜਾਇ ਕਿਹਾ ਤਾਂ ਸਚੇ ਨਿਰੰਕਾਰ ਜੀ ਕਿਹਾ ਜੋ ਇਹ ਜੀਵ ਤੇਰੇ ਹਵਾਲੇ ਹੈ ਇਹਨਾਂ ਕੋ ਮ੍ਰਿਤ ਮੰਡਲ ਲੈ ਜਾਵੋ ਇਹਨਾਂ ਕੋ ਨਾਮ ਦਾਨ ਇਸਨਾਨ ਦ੍ਰਿੜਾਵੋ ਤਾਂ ਇਨ੍ਹਾਂ ਜੀਆਂ ਕਾ ਉਧਾਰ ਹੋਵੇ ਤਾਂ ਫਿਰ ਸਤਿਗੁਰੂ ਅਰਦਾਸ ਕੀਤੀ ਜੀ ਇਹ ਦ ਣੇ ਪਾਣੀ ਕੇ ਜੀਵ ਹਨ ਇਹਨਾਂ ਕਾ ਰਿਜ਼ਕ ਵੀ ਲਿਖਿਆ ਮਿਲੇ ਜੋ ਇਹਨਾਂ ਦਾ ਖਰਚ ਹੈ ਤਾਂ ਫਿਰ ਸਤਿਗੁਰੂ ਜੀ ਅਰਦਾਸ ਕੀਤੀ ਜੀ ਗਰੀਬ ਨਿਵਾਜ਼ ਤੇਰੀ ਕੋਠੜੀ ਵਿਚ ਸਭ ਕੁਛ ਹੈ ਤਾਂ ਨਿਰੰਕਾਰ ਕੀ ਆਗਿਆ ਹੋਈ ਜੋ ਤੂੰ ਜਾਹ

Scanned with CamScan

ਮੇਰਾ ਸਿਖ ਹੋਇਆ ਇਹ ਸਭ ਜੀਵ ਤੇਰੇ ਸਿੱਖ ਹੋਏ ਤਾਂ ਨਿਰੰਕਾਰ ਦੀ ਥਾਪੀ ਲੈਕਰ ਇਸ ਸੰਜੋਗ ਸਤਿਗੁਰੂ ਜਾਮਾ ਪਹਿਨਿਆ ਇਸ ਵਾਸਤੇ ਜਗ ਮੇਂ ਆਇਆ ਪਰ ਬੱਚਾ ਅਜਿਤਿਆ ਜਿਸ ਦੇ ਪੂਰੇ ਭਾਗ ਹੋਣਗੇ ਸੋ ਪੁਰਖ ਸੁਧਰਨਗੇ ਮ ਇਆ ਮਮਤਾ ਕੇ ਲੋਕ ਹਨ ਜਿਤਨੇ ਤਾਈਂ ਮੇਰਾ ਜਾਮਾ ਰਹੇਗਾ ਦਸਾਂ ਮਹਿਲਾਂ ਤਾਈਂ ਜਾਮਾ ਹਾਜ਼ਰ ਰਖੇਗਾ ਅਤੇ ਦਸ ਜਾਮੇ ਤਾਂ ਮੇਰਾ ਹੀ ਸਰੂਪ ਅਰ ਮੇਰੀ ਹੀ ਜੋਤ ਹੋਵੇਗੀ ਪਿਛੇ ਧੁੰਧੂਕਾਰ ਪੈ ਜਾਵੇਗਾ ਆਪੋ ਆਪਣੇ ਮਤ ਚਲਣਗੇ ਗੁਰੂ ਇਕੋ ਹੋਵੇਗਾ ਮਤ ਬਹੁਤੇ ਹੋਇ ਜਾਣਗੇ ਹਰ ਮਤ ਕੀ ਨਿੰਦਿਆ ਕਰੇਗਾ ਵਰਜਣਹਾਰ ਕੋਈ ਨਾ ਹੋਵੇਗਾ ਕੋਈ ਇਕ ਅੱਧ ਸਮਦਰਸੀ ਸਤਿਗੁਰ ਕਾ ਸਿੱਖ ਹੋਵੇਗਾ ਨਹੀਂ ਤਾਂ ਹੋਰ ਸਭ ਸਿਖਾਂ ਦੀ ਹੀ ਨਿੰਦਿਆ ਕਰਨਗੇ ਅਤੇ ਬੇਮੁਖ ਹੋਵਣਗੇ ਸੋ ਫਿਰ ਨਰਕਗਾਮੀ

Scanned with CamScan

ਕਰੀਅਨਗੇ ਜੋ ਸਤਿਗੁਰ ਕੇ ਸ਼ਬਦ ਕਉ ਨਾ ਜਾਨਣਗੇ ਸੋ ਨਿਰਾਸ ਹੋਵਣਗੇ ਓਹ ਬਿਧਿ ਇਹਨਾਂ ਜੀਆਂ ਦੇ ਸਿਰ ਉਲਟਦੀ ਨਹੀਂ ਅਗੇ ਸਤਿਗੁਰੂ ਨੂੰ ਜੋ ਭਾਵੈ ਸੋ ਹੋਇ।

ਸਲੋਕ ॥ ਭਗਤਾਂ ਕੋ ਆਗਿਆ ਭਈ ਲਾਹਾ ਲਹਿ ਅਮੋਲ ॥ ਆਏ ਜਗ ਮਹਿ ਸਾਧ ਜਨ ਨਾਮ ਅਜਾਲੀ ਤੋਲ ॥ ਦੀਵਾ ਸ਼ਬਦ ਜਲਾਇਆ ਖਰਪੈ ਖਰਪੈ ਬੇਦ ॥ ਸਬਦ ਗੁਰੂ ਤੇ ਵੀਛੁੜੇ ਕੂੜ ਕਮਾਵੈ ਅੰਧ ॥ ਕਾਮ ਕਸਉਟੀ ਹਥ ਕਰੀ ਸੰਗ ਤਿਰੀਆ ਸੇ ਮੋਹ॥ ਨਾਨਕ ਕੂਕ ਸੁਣਾਇਅਨ ਨ ਮਿਲਿਆ ਪ੍ਰਭ ਸੋਇ ॥ ੧੫ ॥ ਤਿਸਕਾ ਪ੍ਰਮਾਰਥ—ਬੱਚਾ ਅਜਿਤਿਆ ਭਗਤਾਂ ਨੂੰ ਆਗਿਆ ਹੈ ਜੋ ਤੁਸੀਂ ਜਗ ਮਹਿ ਜਾਵੋ ਤੁਸੀਂ ਜਾਇਕੇ ਮੇਰਾ ਨਾਮ ਦ੍ਰਿੜਾਵਹੁ ਜਗ ਸੋ ਹੈ ਹੋ ਅੰਧ ਗੁਬਾਰ ਹੈ ਮਾਇਆ ਕਾ ਅੰਧ ਹੈ ਜਾਇਕੇ ਸ਼ਬਦ ਦਾ ਦੀਵਾ ਜਗਾਇਓ ਜੋ ਤਿਮਰ ਅੰਧੇਰਾ ਮਿਟ

Scanned with CamScan

ਜਾਵੇ ਰੁਸ਼ਨਾਈ ਹੋਵੇ ਅਰ ਅਮੋਲ ਵਸਤ ਜੋ ਹੈ ਸੋ ਅਤੋਲ ਹੈ ਜੋ ਜਾਇਕੇ ਆਪ ਭੀ ਜਪੇ ਤੇ ਸੰਸਾਰ ਕੋ ਭੀ ਦ੍ਰਿੜਾਵਹੁ ਤਾਂ ਸੰਸਾਰ ਕੀ ਬੀ ਗਤਿ ਹੋਵੇ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਸੰਸਾਰ ਵਿਖੇ ਆਏ ਜਨਮ ਲਿਓਨੇ ਉਨ੍ਹਾਂ ਕੋ ਇਹ ਮਿਲਿਆ ਨਾਮ ਦਾਨ ਇਸ਼ਨਾਨ ਗਿਆਨ ਭਾਉ ਭਗਤ ਦਇਆ ਜਤ ਸਤ ਸੰਤੋਖ ਖਿਮਾਂ ਗਰੀਬੀ ਸੀਲ ਸੰਜਮ ਸੇਵਾ ਟਹਿਲ ਇਹ ਵਸਤ ਉਨ੍ਹਾਂ ਭਗਤਾਂ ਨੂੰ ਮਿਲੀਆਂ ਸੋ ਲੈ ਕੇ ਜਗ ਵਿਚ ਆਏ ਸਤਿਗੁਰ ਆਪ ਸਦਾਏ ਤਿਨ੍ਹਾਂ ਨਾਲ ਸਤਿਗੁਰੂ ਕਾ ਵਾਸ ਹੋਇਆ ਜੋ ਕੋਈ ਉਨ੍ਹਾਂ ਨਾਲ ਮਿਲੇਗਾ ਸਤਿਗੁਰੂ ਕੋ ਪਾਵੇਗਾ ਅਰ ਕੋਈ ਉਨ੍ਹਾਂ ਕਾ ਕਿਹਾ ਨਾ ਕਰੇਗਾ ਤਿਨਾਂ ਕੋ ਸਤਿਗੁਰੂ ਨਾ ਮਿਲੇਗਾ ਓਹ ਅੱਗੇ ਬੰਨ੍ਹ ਬਹਾਲੀਏਂਗੇ ਦੁਖ ਪਾਵੇਂਗੇ ਉਨਕੋ ਸ਼ਬਦ ਭੀ ਨਾ ਲਗੇਗਾ ਅਰ ਜੋ ਕੁਛ ਥੋੜਾ ਬਹੁਤਾ ਕਮਾਵਣਗੇ ਸੋ ਭੀ

Scanned with CamScanner

ਨਿਸਫਲ ਜਾਵੇਗਾ ਤਿਨ ਕਉ ਸ਼ਬਦ ਭੁਲ
ਜਾਵੇਗਾ ਸੇਵਾ ਥਾਇ ਨ ਪਵੇਗੀ ਉਹ ਕੂੜ
ਕਪਟ ਕਮਾਵਣਗੇ ਇਸਤ੍ਰੀ ਸੇ ਮੋਹ
ਲਗਾਵਣਗੇ ਕਾਮ ਕਮਾਵਣਗੇ ਜੋ ਗਲਾਂ
ਮਨੂੰਾਂ ਕੀਤੀਆਂ ਹੈਨ ਸੋਈ ਕਮਾਵਣਗੇ
ਤਿਨ੍ਹਾਂ ਪੁਰਖਾਂ ਕੋ ਸਤਿਗੁਰੂ ਕਾ ਮੇਲ ਨਹੀਂ
ਹੋਵੇਗਾ ਓਹ ਨਿਰਾਸ ਹੀ ਜਾਵਣਗੇ ਮਨੁਖ
ਜਨਮ ਨੂੰ ਪਾਇਕੇ ਜਿਉਂ ਕੋਈ ਪ੍ਰਦੇਸ਼ ਵਿਚ
ਧਨ ਖਟਦਾ ਹੈ ਅਤੇ ਬਦਅਮਲੀ ਕਰਕੇ
ਖੋਂਵਦਾ ਹੈ ਤਿਉਂ ਉਨ੍ਹਾਂ ਦੀ ਸੇਵਾ ਭਾਉ
ਖੋਈ ਜਾਵੇਗੀ ਆਸਾ ਉਨ੍ਹਾਂ ਦੀ ਪੂਰੀ ਨਾ
ਹੋਵੇਗੀ ਸੋ ਜੀਅ ਨਿਰਾਸ ਜਾਹਿੰਗੇ ਫੇਰ
ਨਰਕ ਹੀ ਪਾਈਅਨਗੇ । ਕਹੁ ਨਾਨਕ ਆਸਾਂ
ਨਾ ਪੂਰੀਆਂ ਫਿਰ ਨਰਕ ਸਿਧਾਏ ਜੀਅ ਤਾਂ
ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ
ਸਚੇ ਪਾਤਸ਼ਾਹ ਜੀ ਛਿਨਮੇਂ ਕਰੋੜੀ ਬੀਜ
ਜਿਥੋਂ ਕਢਿਆ ਫੇਰ ਤਿਥਾਊਂ ਪਾਇਆ ਤਾਂ

Scanned with CamScan

ਸਰੇ ਪਾਤਸਾਹ ਜੇ ਤੇਰੇ ਸ਼ਬਦ ਸਾਖੀ ਲਿਖਦੇ ਪੜ੍ਹਦੇ ਸੇ ਪਰ ਜੀ ਆਪ ਇਹ ਕਹੁ ਲਿਖੇ ਪੜੇ ਕਾ ਇਹਨਾਂ ਕੋ ਕੁਛ ਫਲ ਹੱਥ ਆਵੇਗਾ ਕਿ ਨਾਹੀਂ ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਇਆ ।

ਸਲੋਕ ॥ ਹੈ ਬਬੇਕ ਏਹ ਨਾਹੀਂ ਦੀਸੈ ਕਪਟੀ ਭਗਤ ॥ ਰਾਗ ਪਾਇ ਰਾਗਣੀ ਗਾਵੈ ਕਿਸੇ ਨ ਆਵੈ ਗੁਰ ਕੀ ਮਤ ॥ ਸਰਪਾਹੁ ਅੰਤਰ ਲੈ ਧਾਰੈ ਜੀਵਣ ਕੀ ਇਹ ਗਤਿ ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕਉਣ ਜੁਗਤ ਤਾਂ ਕੀ ਹੋਇ ਭਗਤ ॥੬॥

ਤਿਸਕਾ ਪ੍ਰਮਾਰਥ--ਤਾਂ ਸੁਣ ਭਾਈ ਅਜਿਤਿਆ ਕਲਜੁਗ ਵਿਚ ਧਰਮ ਛੀਨ ਹੋਏਗਾ ਧਰਮ ਹੋਵਣਾ ਨਾ ਪਾਵੇਗਾ ਭਗਤੀ ਜੇ ਕੋਈ ਕਰੇਗਾ ਸੋ ਕਪਟ ਕੀ ਕਰੇਗਾ ਸੋ ਆਪਣੀ ਪਰਾਲਭਧ ਦੇ ਵਾਸਤੇ ਕਰੇਗਾ ਜੋ ਹਉਂ ਵਡਾ ਕਹਾਵਾਂ ਸੰਸਾਰ ਸਭ ਮੰਨੇ

Scanned with CamScan

ਅਨਰਾਗ ਜੋ ਹੈ ਸ਼ਬਦ ਹੈ ਅਹ ਰਾਗਨੀ ਜੋ ਹੈ ਸੋ ਰੁਜ਼ਗਾਰ ਹੈ ਉਹ ਆਪਣੇ ਰੁਜ਼ਗਾਰ ਕੇ ਵਾਸਤੇ ਗਾਵਨ ਪੜ੍ਹਨਗੇ ਜਿਥੇ ਕੁਛ ਹਥ ਆਵੇਗਾ ਤਿਥੇ ਹੀ ਸੁਨਾਵਣਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਣਗੇ ਗੁਰੂ ਕਾ ਅਰਥ ਕੋਈ ਵਿਰਲਾ ਹੀ ਜਾਣੇਗਾ ਸੰਸਾਰ ਸਭ ਸੁਆਦੇ ਹੀ ਲਗ ਜਾਵੇਗਾ ਅਰ ਸ਼ਬਦ ਕੋਈ ਵਿਰਲਾ ਹੀ ਖੋਜੇਗਾ ਅਰ ਸਤਿਗੁਰੂ ਕੀ ਮਤ ਖਰੀ ਉਚੀ ਹੈ ਸੋ ਕੋਟਾਂ ਮਧੇ ਹੋਵਸੀ ਸੋ ਮਤ ਕੇਹੀ ਹੈ ਨਾਮ ਦਾਨ ਇਸ਼ਨਾਨ ਸਤ ਸੰਤੋਖ ਸੀਲ ਸੰਜਮ ਜਪ ਤਪ ਧਰਮ ਭਾਉ ਭਗਤਿ ਗਰੀਬੀ ਟਹਿਲ ਇਹ ਸਤਿ-ਗੁਰੂ ਕੀ ਮਤ ਹੈ ਕਾਮ ਕ੍ਰੋਧ ਅਹੰਕਾਰ ਲੋਭ ਧ੍ਰੋਹ ਮੋਹ ਪਰਨਿੰਦਾ ਕਬੁਧ ਹਿਰਸ ਤ੍ਰਿਸ਼ਨਾ ਇਹ ਛੱਡਣੀਆਂ ਹਨ ਅਤੇ ਜੇ ਕੋਈ ਸਿਖ ਸੰਤ ਗੁਰੂ ਕਾ ਨਾਉਂ ਧ੍ਰਾਕ ਹੈ ਸਭ ਕੀ ਟਹਿਲ ਕਰਨੀ ਤੇ ਕੋਈ ਇਹ ਹੁਕਮ ਮੰਨੇ ਕਮਾਵੇ

ਦਰਸ਼ਨ ਲਗੇ ਸ਼ਬਦ ਮਨ ਵਾਸਤੇ ਤਾਂ ਤਿਸੀ ਪਾਹੁ ਲਗਦਾ ਹੈ ਓਹ ਬੁਰਿਆਂ ਕਰਮਾਂ ਤੇ ਸ਼ਰਮਿੰਦਾ ਹੈ ਜਾਂ ਬੁਰਿਆਂ ਕਰਮਾਂ ਤੇ ਸ਼ਰ-ਮਾਯਾ ਅਰ ਗੁਰਾਂ ਕੇ ਉਪਦੇਸ਼ ਤੇ ਚਲਿਆ ਇਸ ਮਨੁਖ ਕਉ ਰੰਗ ਲਗਦਾ ਹੈ ਓਹ ਜੀਂਵਦਿਆਂ ਹੀ ਗਤਿ ਕਉ ਪ੍ਰਾਪਤ ਹੋਯਾ ਅਰ ਜੇ ਕਮਾਵੇ ਕੁਛ ਨਹੀਂ ਤਾਂ ਕਿਉਂਕਰ ਪਹੁੰਚੇ ਇਸਕੀ ਜਾਂ ਜੁਗਤ ਭੁਗਤ ਹੋਵੇ ਨਹੀਂ ਤਾਂ ਕਿਉਂ ਕਰ ਮਿਲਾਵਾ ਹੋਵੇ ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕਉਣ ਜੁਗਤ ਤਾਂਕੀ ਇਹ ਭਗਤਿ ॥ ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਇਆ ਸੁਣ ਭਾਈ ਅਜਿਤਿਆ ਅਜਿਹਾ ਵਕਤ ਆਵਸੀ ਜੋ ਘਰ ਮੰਜੀਆਂ ਪਾਇ ਬਹਿਸਨ ਅਰ ਗੁਰੂ ਸਦਵਾਸਣ ਉਨ੍ਹਾਂ ਦੇ ਪਿਛੇ ਸੰਸਾਰ ਲਗ ਜਾਵੇਗਾ ਤਾਂ ਉਹਨਾਂ ਮੰਜੀਆਂ ਦੇ ਬਾਅਦ ਏਹੋ ਹੋਵੇਗਾ ।

ਸਲੋਕ॥ ਪਦ ਨਿਰਬਾਨ ਰਹੈ ਬਿਹੰਗਮ

Scanned with CamScan

ਦੇਖ ਦੇਖ ਬਿਸਮਾਈ ॥ ਬਾਂਧੋ ਮੋਹ ਮਾਇਆ ਕੇ ਬੰਧਨ ਵੁਹ ਲਗੇ ਗੁਰੂ ਚਹਾਈ॥ ਚਕਨਾ ਚੂਰ ਕਰੇ ਗੁਰ ਪੂਰਾ ਤਾਂਕਾ ਲੇਖ ਨ ਮਿਟਿਆ ਜਾਇ ॥ ਮੁਸਲਮਾਨਾ ਸਿਫਤ ਸਰੀਅਤ ਸਾਚੇ ਕੀ ਵਡਿਆਈ ॥ ਕਹੁ ਨਾਨਕ ਧੁੰਧੂ-ਕਾਰ ਵਰਤੈ ਅਲਹ ਅਗਮ ਖੁਦਾਈ ॥੭॥

ਤਿਸ ਕਾ ਪ੍ਰਮਾਰਥ--ਪਰ ਗੁਰੂ ਹੈ ਬਿਹੰਗਮ ਪ੍ਰਮੇਸ਼ਰ ਕਾ ਰੂਪ ਹੈ ਇਹ ਜੁਗਤ ਗੁਰੂ ਦੇਖ ਬਿਗਸੇਗਾ ਅਰ ਨਿਰਬਾਨ ਹੈ ਜੋ ਹੈ ਸੋ ਨਿਰਲੇਪ ਹੈ ਜਿਉਂ ਮੁਰਗਾਬੀ ਦੇ ਪਰ ਨਹੀਂ ਭਿਜਦੇ ਤਿਉਂ ਵੁਹ ਮਾਇਆ ਤੋਂ ਨਿਰਬਾਨ ਰਹਿਸਨ ਮਾਯਾ ਮੋਹ ਕੀ ਗ੍ਰਿਹਸਤ ਕੁਟੰਬ ਦੁਨੀਆਂ ਕਾ ਜੋ ਬਿਉਹਾਰ ਤਿਸ ਸਾਥ ਮੋਹ ਨ ਲਗਾਵੇਗਾ ਤਾਂ ਸ੍ਰੀ ਪਾਰਬ੍ਰਹਮ ਕੇ ਜਸ ਸਿਉਂ ਰਚੇਗਾ ਬਾਂਧੇ ਮੋਹ ਮਾਇਆ ਕੇ ਫਾਂਧੇ ਸੋ ਅਜਿਤੇ ਬਹੁਤੇ ਗੁਰੂ ਹੋਵਣ ਉਨ੍ਹਾਂ ਕਾ ਮਨ ਮਾਇਆ ਗ੍ਰਿਹਸਤ

ਸਿਉਂ ਲਗਾ ਰਹੇਗਾ ਅਰ ਓਹ ਅਵਰ ਕਰਮ ਹੀ ਕਰਨਗੇ ਸੇ ਕੈਸੇ ਕਰਮ ਕਰਸਨ ਜੋ ਕਿਸੇ ਜੁਗ ਨਹੀਂ ਹੋਏ ਸੋ ਓਹ ਬਦ ਰਾਹ ਚਲਣਗੇ ਅਤੇ ਸੰਸਾਰ ਉਨ੍ਹਾਂ ਨੂੰ ਪੂਜੇਗਾ ਸੇ ਕੌਣ ਹੋਣਗੇ ਘਰ ਘਰ ਗੁਸਾਈ ਹੋਇ ਬਹਿਸਨ ਵੁਹ ਗੁਰਸਿਖ ਨਰਕਗਾਮੀ ਹੋਵਸਣ ਗੁਰੂ ਵੀ ਅਰ ਸਿਖ ਭੀ ਵਿ ਕਰਮ ਹੀ ਕਰਨਗੇ ਸੇ ਪੁਰਖ ਹਨੇਰੇ ਖੂਹ ਵਿਚ ਪਾਈਅਨਗੇ ਜਿਤਨੇ ਭੇਖ ਹਨ ਤਿਨਾਂ ਦਾ ਇਹ ਵਰਤਾਰਾ ਹੋਇ ਵਰਤੇਗਾ ਅਤੇ ਕਲਜੁਗ ਅਜੇਹੀ ਕਰੇਗਾ ਸ਼ਾਸਤ੍ਰ ਗਾਇਤ੍ਰੀ ਤਰਪਨ ਇਕਾਦਸ਼ੀ ਤੀਰਥ ਵਡੇ ਵਡੇ ਸੌਣ ਸੰਜੋਗ ਤਿਨ੍ਹਾਂ ਕੋ ਮੰਨੇਗਾ ਕੋਈ ਨਹੀਂ ਇਹ ਵਰਤਾਰਾ ਵਰਤ ਜਾਵਸੀ ਏਸ ਸੰਸਾਰ ਵਿਖੇ ਕੌਣ ਗੁਰੂ ਕਹਾਇਨਗੇ ਜੋਗੀ ਸੰਨਿਆਸੀ ਜੰਗਮ ਬ੍ਰਹਮਚਾਰੀ ਬ੍ਰਾਹਮਣ ਇਹ ਕਲਜੁਗ ਵਿਖੇ ਗੁਰੂ ਕਹਾਇਅਨਗੇ ਤਿਨ੍ਹਾਂ ਕੀ ਬਾਬ ਇਹ ਹੋਵੇਗੀ।

Scanned with CamScan

ਚਕਨਾਚੂਰ ਕਰੇ ਗੁਰ ਪੂਰਾ ਤਾਕਾ ਲੇਖ ਨਾ ਮਿਟਿਆ ਜਾਈ ॥ ਉਨ੍ਹਾਂ ਦੇ ਬਾਬ ਇਹ ਹੋਵੇਗਾ ਸੋ ਮਿਟਣੇ ਕਾ ਨਾਹੀਂ ਅਰ ਇਕ ਜੋ ਬੰਦਾ ਸਾਹਿਬ ਦਾ ਉਠੇਗਾ ਤਿਸਦਾ ਨਾਮ ਬੈਰਾਗੀ ਹੋਵੇਗਾ ਸੋ ਸਤਿਗੁਰ ਕੇ ਹੁਕਮ ਸਿਉਂ ਉਠੇਗਾ ਸਤਿਗੁਰੂ ਉਸਨੂੰ ਆਪਣੀ ਬੰਦਗੀ ਬਖਸ਼ਣਗੇ ਉਹ ਅਕਾਲ ਪੁਰਖ ਕੋ ਜਾਣਸੀ ਅਰ ਦੂਸਰੇ ਕੋ ਜਾਨੇਗਾ ਨਹੀਂ ਜਹਾਂ ਝੂਠ ਹੋਵੇਗਾ ਸੋ ਉਸ ਕੇ ਹਵਾਲੇ ਕਰੀਏਂਗਾ ਸੋ ਪਾਰਬ੍ਰਹਮ ਕੇ ਹੁਕਮ ਸਾਥ ਚਕਨਾਚੂਰ ਕਰੇਗਾ ਜਿਤਨੀਆਂ ਝੂਠੀਆਂ ਠਉਰਾਂ ਹਨ ਤੀਰਥ ਮੜੀਆਂ ਦੇਹੁਰੇ ਪੀਰਾਂ ਕੇ ਟਿਕਾਣੇ ਰਾਜ ਜੋਗ ਕੀਆਂ ਠਉਰਾਂ ਜਹਾਂ ਜਹਾਂ ਝੂਠ ਹੋਵੇਗਾ ਸੋ ਸਜਾਇ ਪਾਵਹਿੰਗੇ ਉਸ ਵਕਤ ਧੁੰਧੂਕਾਰ ਵਰਤੇਗਾ ਅਲਹ ਅਗਮ ਖੁਦਾਈ ਸੇ ਖੁਦਾਇ ਸ਼ਬਦ ਹੀ ਨੂੰ ਜੋ ਅਲਖ ਅਗੰਮ ਕੀ ਖਬਰ ਦੇਂਦਾ ਹੈ ਅਗੋਂ ਹੀ ਆਖਦਾ ਹੈ

Scanned with CamScan

ਜੋ ਇਉਂ ਹੋਵੇਗੀ ਪਰ ਕੋਈ ਵਿਰਲਾ ਹੀ ਜਾਣੇਗਾ ਪੜਨਗੇ ਪਰ ਕਮਾਵਣਗੇ ਨਾਹੀਂ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੋ ਸਚੇ ਪਾਤਸ਼ਾਹ ਕਿਛੁ ਉਸਨੂੰ ਮਿਲਿਆ ਫਲ ਹੋਵਸੀ ਕਿ ਨਾਹੀਂ ਤਾਂ ਫੇਰ ਸਤਿਗੁਰੂ ਕਾ ਬੋਲਣਾ ਹੋਇਆ ।

ਸਲੋਕ ॥ ਉਪਜੀ ਰੀਤਿ ਪ੍ਰੀਤਿ ਮਨ ਉਪਜੀ ਭਏ ਦਇਆਲੁ ਗੁਸਾਈਂ ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਜਲ ਉਪਜੇ ਰਹੇ ਸਮਾਈ ॥ ਤੂਟੇ ਪੰਥ ਪਾਤ ਜਿਉਂ ਤੂਟੈ ਤੂਟੀ ਤਰਵਰ ਡਾਲੀ ॥ ਕਹੁ ਨਾਨਕ ਜਬ ਜਗ ਉਲਟਾਨਾ ਸਾਧੂ ਭਏ ਸੁਆਲੀ ॥੧੮॥

ਤਿਸਕਾ ਪ੍ਰਮਾਰਥ--ਤਾਂ ਸੁਣ ਭਾਈ ਅਜਿਤਿਆ ਜਾਂ ਆਪ ਦਿਆਲ ਹੁੰਦਾ ਹੈ ਸਾਧਾਂ ਕੇ ਮਿਲਨੇ ਕੋ ਪ੍ਰੀਤਿ ਉਪਜਦੀ ਹੈ ਸਾਧੂ ਕੇ ਮਿਲਨੇ ਪਰ ਇਸਦੀ ਗਤਿ ਸੰਸਾਰ ਪਾਸੋਂ ਨਿਆਰੀ ਹੁੰਦੀ ਹੈ ਸਾਧੂ ਅਰ ਪ੍ਰਮੇਸ਼ਰ

Scanned with CamScan

ਵਿਚ ਭੇਦ ਕੁਛ ਨਹੀਂ ਜਿਉਂ ਬੂੰਦ ਸਾਗਰ ਮਹਿ ਮਿਲ ਜਾਤੀ ਹੁੰਦੀ ਹੈ ਪਰ ਜਾਂ ਭਗਤਿ ਪ੍ਰੀਤ ਕਰ ਅਰਦਾਸ ਕਰੇਂਗੇ ਜੋ ਅਸਾਨੂੰ ਦਰਸ਼ਨ ਆਪਣਾ ਦੇਹ ਤਾਂ ਜੁਗ ਪ੍ਰਵਾਨ ਹੋਇਕੇ ਦਰਸ਼ਨ ਦੇਵੇਗਾ ਸਚੀ ਵਡਿਆਈ ਸਤਿਗੁਰੂ ਕੀ ਪ੍ਰਾਪਤ ਹੋਵੇਗੀ ਉਸਤਤ ਹੋਵੇਗੀ ਪਰ ਜੋ ਪੁਰਖ ਤੁਟਨਗੇ ਸੋ ਫੇਰ ਨਾਹੀਂ ਮਿਲਣਗੇ ਜੈਸੇ ਪੰਛੀ ਕੇ ਪਰ ਤੂਟਦੇ ਹਨ ਓਹ ਨਹੀਂ ਲਗਦੇ ਫੇਰ ਨਵੇਂ ਸਿਰੇ ਉਗਦੇ ਹਨ ਤਯੋਂ ਨਵੇਂ ਸਿਰੇ ਖੇਤ ਜਮਾਵੇਗਾ ਸਾਧਾਂ ਹੀ ਕੇ ਸੁਆਲ ਕਰ ਓਸ ਸਮੇਂ ਦਰਸ਼ਨ ਹੋਵਸੀ ਅਰ ਕਰੜਾ ਦੀਵਾਨ ਲਗੇਗਾ ਪਹੁੰਚਣੇ ਕੋਈ ਨਾ ਪਾਵੇਗਾ ।

ਸਲੋਕ ॥ ਐਸਾ ਪਾਸਾ ਢਾਲਸੀ ਦੂਰ ਦੀਵਾਨ ਅਭਗ ॥ ਨਵਤਨ ਜਾਮਾ ਪਹਿਨਤੇ ਭਏ ਅਲਖ ਅਲਗ ॥ ਇਕ ਕਚੇ ਇਕ ਪਕਿਆ ਗੁਰਮੁਖਿ ਭਏ ਨਿਹਾਲ ॥ ਤੂਟਨ

ਸੋਈ ਨਾਨਕਾ ਜੋ ਤੋੜੇ ਆਪ ਦਿਆਲ ॥੧੯॥

ਤਿਸਕਾ ਪ੍ਰਮਾਰਥ--ਦੂਰ ਦੀਬਾਨ ਅਭਗ ਕਹੈ ॥ ਅਜਿਹਾ ਪਾਸਾ ਢਾਲੇਗਾ ਦੁਨੀਆ ਤੇ ਦੂਰ ਰਹੇਗਾ ਦੀਬਾਣ ਜੋ ਹੈ ਅਭਗ ਲਗੇਗਾ ਤੁਟਣੇ ਕਾ ਕਦੇ ਨਾਹੀਂ ਅਰ ਇਕ ਕਚੇ ਇਕ ਪਕਿਆਂ ਸੋ ਕੀ ਹੈ ਪਕੇ ਤਾਂ ਗੁਰਮੁਖ ਜੋ ਤੁਟਣੇ ਕੇ ਨਾਹੀ ਗੁਰਮੁਖ ਕਹਿਣਗੇ ਜੋ ਇਹ ਪੂਰਨ ਪੁਰਖ ਅਬਿਨਾਸੀ ਇਸ਼ਟ ਕਾ ਕਰਤਾ ਕਰਨੇਹਾਰਾ ਹੈ ਅਰ ਜੋ ਕਚੇ ਹੋਵਣਗੇ ਸੋ ਭਰਮਾਈਅਨਗੇ ਸੋ ਕਹਿਣਗੇ ਜੋ ਇਹ ਰਾਜਾ ਹੈ ਅਰ ਗੁਰਮੁਖ ਸਿਖ ਜੋ ਸਚੇ ਗੁਰੂ ਕੇ ਪਿਆਰੇ ਹੈਨ ਉਨਕੋ ਭੀ ਨਿੰਦਨਗੇ ਤਿਨ ਕੋ ਸਤਿਗੁਰੂ ਆਪ ਤੋੜ ਸੁਟੇਗਾ ॥ ਤੁਟਨ ਸੋਈ ਨਾਨਕਾ ਜੋ ਤੋੜੇ ਆਪ ਦਿਆਲ ॥ ਸਭ ਉਸੀ ਦਿਆਲ ਪੁਰਖ ਕਾ ਕਾਰਨ ਹੋਂਦਾ ਹੈ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਵੋਹ ਦਿਆਲ ਪੁਰਖ ਕੇਵਡ

Scanned with CamScan

ਹੈ ਤਾਂ ਫੇਰ ਸਤਿਗੁਰ ਕਾ ਬੋਲਣਾ ਹੋਯਾ ॥

ਸਲੋਕ ॥ ਬਲ ਉਪਜੇ ਨਾ ਬਲ ਖਿਸੇ ਤਾਂ ਕੋ ਰੋਮ ਰੋਮ ਪਰਗਾਸ ॥ ਭੇਜੇ ਆਏ ਪਾਰਬ੍ਰਹਮ ਕੌ ਮਤਿ ਕੇ ਹੋਇ ਤੁਮਾਰੇ ਦਾਸ ॥ ਪਾਹੁ ਲਗਾਇਆ ਸਤਿਗੁਰੂ ਰੰਗ ਚਲੂਲਾ ਜਗ ॥ ਨਾਨਕ ਪਕੜੀ ਓਟ ਜਨ ਨਾ ਪੋਹੇ ਜਗ ਮਗ ॥੨੦॥

ਤਿਸਕਾ ਪ੍ਰਮਾਰਥ-ਸੁਣ ਭਾਈ ਅਜਿਤਿਆ ਵੋਹ ਪਾਰਬ੍ਰਹਮ ਜੋ ਹੈ ਸੋ ਵਡਾ ਪ੍ਰਬਲ ਹੈ ਅਤੇ ਦਿਨੋ ਦਿਨ ਬਲਵੰਤ ਹੁੰਦਾ ਹੈ ਪਰ ਉਸ ਕੀ ਕੀਮਤਿ ਕੋਈ ਨਹੀਂ ਕਰ ਸਕਦਾ ਜੋ ਕੇਵਡ ਹੈ ਪਰ ਇਕ ਨਿਸ਼ਾਨੀ ਹੈ ਓਸ ਕੋ ਜੋ ਸਾਧ ਹੈਨ ਤਿਸਕੋ ਰੋਮ ਰੋਮ ਪਰਗਾਸ ਹੁੰਦਾ ਹੈ ਉਸਕੋ ਇਕ ਪਲ ਨਾਹੀਂ ਵਿਸਰਤਾ ਵੋਹ ਪਲ ਪਲ ਖਿਨ ਖਿਨ ਸਾਸ ਗਿਰਾਸ ਵਿਖੇ ਉਸੀ ਕਾ ਧਿਆਨ ਧਰਤੇ ਹੈਨ ਇਕ ਪਲ ਭੀ ਉਨ੍ਹਾਂ ਕੋ ਨਾਹੀਂ ਖਿਸਕਦਾ ਸਦਾ ਹੀ ਉਸਕੇ

Scanned with CamScan

ਸਾਬ ਰਹਿਤੇ ਹੈਂ ਅਰ ਦਿਨ ਬਾਲਾ ਹੈਂ ਬਘਤਾ ਨਹੀਂ ਸੰਤ ਹੀ ਜਾਨਤੇ ਹੈਨ ਸੰਤ ਜੋ ਹੈਨ ਪਾਰਬ੍ਰਹਮ ਕਾ ਰੂਪ ਹੈਨ ਵੋਹ ਪਾਰਬ੍ਰਹਮ ਕੇ ਭੇਜੇ ਆਂਵਦੇ ਹੈਨ ਪਾਰਬ੍ਰਹਮ ਕੀ ਆਗਿਆ ਹੋਤੀ ਹੈ ਜੋ ਤੁਸੀਂ ਜਗ ਮਹਿ ਜਾਵਹੁ ਪਾਰ ਲੰਘਾਵਉ ਨਾਮ ਕਾ ਉਪਦੇਸ਼ ਦ੍ਰਿੜਾਵਹੁ ਜੋ ਸੰਸਾਰ ਤੁਮਾਰਾ ਦਾਸ ਹੋਵੇ ਪਾਹੁ ਜੋ ਹੈ ਸੋ ਉਪਦੇਸ਼ ਹੈ ਸੋ ਉਪਦੇਸ਼ ਸ਼ਬਦ ਹੀ ਹੈ ਜਿਨਾਂ ਕੋ ਸ਼ਬਦ ਕਾ ਪਾਹੁ ਲਗਦਾ ਹੈ ਸੰਸਾਰ ਤੇ ਨਿਆਰਾ ਹੁੰਦਾ ਹੈ ਤਿਸਕਾ ਖਰਾ ਰੰਗ ਚਲੂਲ ਹੋਵੇਗਾ ਫੇਰ ਇਹ ਦੁਨੀਆਂ ਨਾਲ ਨਹੀਂ ਰਲਦਾ ਸੁਣ ਭਾਈ ਅਜਿਤਿਆ ਜੋ ਕੋਈ ਉਸਦੀ ਓਟ ਪਕੜਦਾ ਹੈ ਤਿਸਕੋ ਕੋਈ ਪਿਆਸ ਨਹੀਂ ਹੋਂਦੀ ਵੋਹ ਪੁਰਖ ਜਮ ਕੀ ਤਰਾਸ ਸੇ ਭੀ ਬਚਤਾ ਹੈ ॥ ਨਾਨਕ ਪਕੜੀ ਟੇਕ ਜਨ ਨਾ ਪੋਹੇ ਜਮ ਮਗ ॥ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਸਭੇ

ਪਾਤਸ਼ਾਹ ਤੇਰਾ ਬੋਲਣਾ ਹੋਇਆ ਸੀ ਜੋ ਸਾਧ ਕੀ ਓਟ ਪਕੜੇ ਤਾਂ ਜਮ ਕੀ ਤ੍ਰਾਸ ਦੂਰ ਹੁੰਦੀ ਹੈ ਤਾਂ ਫੇਰ ਗੁਰੂ ਜੀ ਕਾ ਬੋਲਣਾ ਹੋਇਆ ਸਾਧੂ ਕੀ ਓਟ ਏਹ ਹੈ ਜੋ ਸਾਧਾਂ ਦੇ ਕਹੇ ਪਰ ਚਲਣਾ ਤੇ ਕਾਮ ਤੇ ਰਹਿਤ ਹੋਣਾ ਝੂਠ ਨਾ ਬੋਲਣਾ ਪਰਾਈ ਨਿੰਦਾ ਨਹੀਂ ਕਰਨੀ ਤਾਂ ਸਾਧਾਂ ਦੇ ਮਿਲਣੇ ਕਾ ਫਲ ਹੁੰਦਾ ਹੈ ਅਰ ਜੇ ਕਹੇ ਪਰ ਨਾ ਚਲੇ ਤਾਂ ਸਾਧ ਆਪਣਾ ਬਚਨ ਖਸ ਲੈਂਦੇ ਹਨ।

ਸਲੋਕ ॥ ਜੈਸੀ ਲਹਿਰ ਸਮੁੰਦਰ ਕੀ ਸਤਿਗੁਰ ਕੀਨੋ ਵਾਕ ॥ ਬਚਨ ਹਮਾਰਾ ਫੇਰ ਕਹੁ ਹਮ ਤੁਮ ਕੈਸਾ ਸਾਕ ॥੨੨॥ ਤਿਸਕਾ ਪਰਮਾਰਥ ॥ ਸਮੁੰਦਰ ਜੋ ਹੈ ਸੋ ਸਤਿਗੁਰ ਹੈ ਉਸ ਕੀ ਲਹਿਰ ਜੋ ਹੈ ਸੋ ਸ਼ਬਦ ਹੈ ਜਿਉਂ ਸਮੁੰਦਰ ਦੀ ਲਹਿਰ ਨਾਲ ਮੋਤੀ ਹੀਰਾ ਲਾਲ ਲਛਮੀ ਬੰਨੇ ਆਇ ਪਉਂਦੀ ਹੈ ਇਸਕੀ ਨਿਆਈਂ ਜਿਸ ਕੋ ਸ਼ਬਦ ਦੀ ਪ੍ਰਾਪਤੀ ਹੁੰਦੀ

ਹੈ ਸੋ ਸਾਧ ਹੁੰਦਾ ਹੈ ਅਤੇ ਜੇਕਰ ਸ਼ਬਦ ਦੀ ਕੀਮਤ ਜਾਨੇ ਨਾਹੀਂ ਤਾਂ ਓਸ ਕਉਡੀ ਬਦਲੇ ਲਾਲ ਵੇਚ ਲੈਂਦਾ ਹੈ ਜਿਸਕੀ ਨਿਆਈਂ ਅਜੇਹੇ ਸਿਖ ਹੋਵਨ ਜੋ ਸ਼ਬਦ ਕੋ ਵੇਖਨਗੇ ਉਸ ਵਕਤ ਉਸ ਕੀ ਕੀਮਤ ਨ ਜਾਨਣਗੇ ਤਾਂ ਉਹਨਾਂ ਪਾਸੋਂ ਸ਼ਬਦ ਕਾ ਸਾਕ ਟੁਟ ਜਾਵੇਗਾ ਜਿਨਾਂ ਸ਼ਬਦਾਂ ਕਾ ਕਿਹਾ ਮੰਨਿਆਂ ਨਹੀਂ ਉਨ੍ਹਾਂ ਨਾਲ ਕੀ ਸਾਕ ਬਚਨ ਹਮਾਰਾ ਫੇਰਦੇ ਹੈਨ ਹਮਾਰਾ ਉਹ ਕੈਸਾ ਸਾਕ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਸਚੇ ਪਾਤਸ਼ਾਹ ਜੇ ਉਹ ਕੌਣ ਸਾਇਡ ਹੋਵੇਗੀ ਤਾਂ ਫੇਰ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਯਾ ।

ਸਲੋਕ ॥ ਸਿਧੀ ਮੰਡਲ ਮੰਡਿਆ ਬੈਠਾ ਤਾੜੀ ਲਾਇ ॥ ਹਾਥੀ ਖੱਪਰ ਤੇ ਸਿਰ ਟੋਪੀ ਜਨਮ ਬਿਰਥਾ ਜਾਇ ॥ ਆਇਆ ਗੁਰੂ ਨ ਜਾਣਨੀ ਕੀਤਾ ਮੁਖਹਿ ਅਲਾਇ ॥ ਮੁਹ ਕਾਲੇ ਦੋਜਕ ਸਟੀਅਨ ਲਖ ਚੁਰਾਸੀ ਹੀ

ਪਾਇ ।। ਅਚਲ ਆਵੈ ਨਾਨਕਾ ਸੁ ਨਰਕ ਪੁਰੀ ਕੋ ਜਾਇ ।।੨੨।।

ਤਿਸਕਾ ਪਰਮਾਰਥ--ਸੁਣ ਬੱਚਾ ਅਜਿ-ਤਿਆ! ਸਿਖ ਜੋ ਹੈ ਸੋ ਤਾਂ ਸਤਿਗੁਰੂ ਕੇ ਤਾਲਬ ਸੇ ਜਬ ਉਹ ਆਵੇਗਾ ਅਰ ਗੁਰੂ ਕਾ ਜਾਮਾ ਅਲੋਪ ਹੋਇ ਜਾਵੇਗਾ ਤਾਂ ਕੌਣ ਹੋਵਣਗੇ ਕੋਈ ਗ੍ਰਿਹਸਤੀ ਕੋਈ ਫਕੀਰ ਹੋਵੇਗਾ ਮੰਡਲ ਜੋ ਮੰਡਨਗੇ ਸੋ ਆਪੋ ਆਪਣੇ ਆਸਣ ਸਵਾਰ ਬੈਠਣਗੇ ਅਰ ਸਿਰ ਟੋਪੀਆਂ ਪਾਈਆਂ ਅਤੇ ਕਿਹਾ ਮੈਂ ਉਦਾਸੀ ਹੋਂ ਸੋ ਉਦਾਸੀ ਕੀ ਹੈ ਜੋ ਇਹਨਾਂ ਗਲਾਂ ਸੇ ਉਦਾਸ ਹੋਵੇ ਪੈਹਲੇ ਮਾਯਾ ਤੇ ਗ੍ਰਿਹਸਤ ਤੇ ਦੁਨੀਆਂ ਕੇ ਗੁਰੂ ਹੋਇ ਦਿਸਣਗੇ ਦਾਤਾਂ ਕਰ ਕਰ ਉਪਦੇਸ਼ ਕਰਨਗੇ ਅਰ ਇਸਤ੍ਰੀਆਂ ਜਹਾਨ ਤੇ ਕਾਮ ਕ੍ਰੋਧ ਲੋਭ ਮੋਹ ਨਿੰਦਾ ਬਖੀਲੀ ਤ੍ਰਿਸ਼ਨਾ ਜੋ ਇਨ ਤੇ ਉਦਾਸ ਹੋਵੇਗਾ ਤਾਂ ਉਦਾਸੀ ਜਾਨਣਾ ਨਹੀਂ ਤਾਂ ਉਨ੍ਹਾਂ ਤੋ ਭੇਖ ਕੋ ਮਰਣ

ਪਰਯੰਤ ਨਹੀਂ ਮੰਨਣਾ ਪਰ ਹੁਣ ਬੱਚਾ ਅਜਿਹਾ ਵਕਤ ਆਵੇਗਾ ਜੋ ਉਹ ਦੁਨੀਆਂ ਨਾਲ ਮੋਹ ਕਰਨਗੇ ਅਰ ਕਹਿਣਗੇ ਹਮ ਫਕੀਰ ਹੈਂ ਅਜਿਹਾ ਸਮਾਂ ਭੀ ਆਵੇਗਾ ਉਸ ਵਕਤ ਕੋਈ ਗੁਰੂ ਉਨ੍ਹਾਂ ਪਾਸ ਆਵਸੀ ਤਾਂ ਵੋਹ ਪਛਾਨ ਨ ਸਕਣਗੇ ਤੇ ਸਗੋਂ ਮੂੰਹੋਂ ਬੁਰਾ ਬੋਲਣਗੇ ਕਹਿਣਗੇ ਕਿ ਇਹ ਕੌਣ ਹੈ ਗੁਰੂ ਅਸਾਡੇ ਨਾਲ ਹੈ ਅਤੇ ਆਪੋ ਆਪਣੀ ਭਾਖਿਆ ਬੋਲਸਨ ਅਤੇ ਗੁਰੂ ਕੋ ਪਛਾਣ ਨਾ ਸਕਣਗੇ ਕਿ ਭਰਮਸਣ ਤਾਂ ਵੁਹ ਗੁਰੂ ਤੇ ਵਿਛੜਸਨ ਪਰ ਇਕ ਅਜਿਹੇ ਭੀ ਸਿੱਖ ਭੀ ਦ੍ਰਿੜ ਬੁਧੀ ਵਾਲੇ ਹੋਵਸਨ ਜੋ ਉਹਨਾਂ ਦਾ ਕਿਹਾ ਮੰਨਸਨ ਸ਼ਬਦ ਦੇ ਕਹੇ ਪਰ ਚਲਸਨ ਅਰ ਉਹ ਭੀ ਭਰਮਾਵਣ ਵਾਲੇ ਕੇ ਮੂੰਹ ਕਾਲੇ ਹੋਵਸਨ ਤੇ ਫੇਰ ਚੁਰਾਸੀ ਵਿਚ ਸਟਸਨ ਤੇ ਨਰਕਗਾਮੀ ਹੋਵਸਨ ॥ ਅਚਲ ਆਵੈ ਨਾਨਕਾ ਸੋ ਨਰਕ ਪੁਰੀ ਕਉ ਜਾਇ॥ ਫਿਰ ਬੋਲਣਾ ਹੋਯਾ ਇਹ

Scanned with CamScan

ਕੀ ਹੈ ਇਹਨਾਂ ਥੀਂ ਭੀ ਵਡੇ ਭੁਲਸਨ ॥

ਸਲੋਕ ॥ ਹਰਿ ਉਪਜੇ ਹਰਿ ਖਪ ਗਏ ਕਈ ਰਾਮ ਅਵਤਾਰ ॥ ਬ੍ਰਹਮੇ ਕੋਈ ਕਈ ਜੁਗ ਬੀਤੇ ਮਾਧੋ ਕ੍ਰਿਸ਼ਨ ਮੁਰਾਰਿ ॥ ਦਰ ਦਰਵਾਨ ਕਰੈ ਬੇਨੰਤੀ ਅੰਤ ਨ ਪਾਰਾਵਾਰ ॥ ਕਹੁ ਨਾਨਕ ਏਹ ਸਭ ਜਗ ਡੂਬਾ ਝੂਠਾ ਮੋਹ ਪਿਆਰ ॥੨੩॥

ਤਿਸਕਾ ਪ੍ਰਮਾਰਥ ॥ ਓਹ ਹਰਿ ਉਪਾਇ ਹਰਿ ਖਪਾਏ ਕਈ ਬਾਰ ਹਰਿ ਹੀ ਨਾਮ ਰਖਾਯਾ ॥ ਕਈ ਯੁਗ ਬ੍ਰਹਮੇ ਕੋਟ ਹੀ ਹੂਏ ਅਰ ਕਈ ਵਾਰ ਮਾਧੋ ਕ੍ਰਿਸ਼ਨ ਮੁਰਾਰ ਸਦਾਯਾ ॥ ਅਪਰ ਅਪਾਰ ਹੈਨ ਆਪਨੀ ਕੀਮਤ ਆਪ ਹੀ ਜਾਣਤਾ ਹੈ ਸੰਗ ਜੁਗ ਜੁਗ ਕਰਦਾ ਆਇਆਹੈ ਅਰ ਦਰਵਾਨ ਉਸ ਕੇ ਕਉਣ ਹੈਨ ਕਈ ਅਸੰਖ ਭਗਤ ਕਈ ਅਸੰਅ ਸਿੱਖ ਸੰਤ ਸਿਧ ਸਾਧਿਕ ਦੇਵਤੇ ਉਸ ਕੇ ਦਰਵਾਨ ਹੈਨ ਸੋਦਰ ਉਸ ਦਾ ਸ਼ਬਦ ਹੈ

Scanned with CamScan

ਸੋ ਉਹ ਦਰ ਖੜੇ ਰਹਿੰਦੇ ਹੈਨ ਮਤ ਕਿਸੇ ਸਮੇਂ ਕਿਤੇ ਸਾਇਤ ਆਉਂਦਾ ਹੋਵੇ ਦਰਸ ਹੋਇ ਤਾਂ ਮੁਕਤ ਹੋਵਨਿ ਓਹਨਾਂ ਨੂੰ ਭੀ ਖਬਰ ਨਾਹੀਂ ਬੇਸ਼ੁਮਾਰ ਕੌ ਜੋ ਕਿਤ ਵਕਤ ਆਉਂਦਾ ਹੈ ਅਤੇ ਇਹ ਜੋ ਹੈ ਸੋ ਤਾਂ ਮਾਯਾ ਨਾਲ ਰਚ ਰਹਿਆ ਹੈ ਸੋਈ ਸਿਧ ਡੂਬਾ ਹੈ ਕਹੁ ਨਾਨਕ ਇਹ ਸਭ ਜਗ ਝੂਠਾ ਮਾਇਆ ਮੋਹ ਪਿਆਰ ॥ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਇਹ ਸਭ ਜਗਤ ਜਹਾਨ ਜੋ ਬਿਨਾਸੀ ਹੈ ਅਰ ਇਹ ਜੋ ਜੋਗ ਪਾਵਤੇ ਹੈਂ ਸਭੇ ਸੁਆਦ ਭਜ ਕੇ ਉਨ੍ਹਾਂ ਦੀ ਇਕ ਜੁਗਤ ਹੈ ਤਾਂ ਫਿਰ ਸ੍ਰੀ ਗੁਰੂ ਕਾ ਬੋਲਣਾ ਹੋਇਆ ॥

ਸਲੋਕ ॥ ਜੋ ਉਪਜੈ ਸੋ ਖਪੈ ਜੋਗੀਸਰ ਲਾਇ ਬੈਠੇ ਬਿਭੂਤ ॥ ਜੋਗ ਜੁਗਤ ਕੀ ਸਾਰ ਨਾ ਜਾਣੈ ਗੁਰਸਬਦੀ ਨਾਹੀਂ ਪ੍ਰੀਤਿ ॥ ਰਸ ਕਸ ਸੁਆਦਿ ਹਭੇ ਤਜ ਛੋਡਿ ਫੀਕਾ ਖਾਇ

ਅਲੂਣਾ ॥ ਕਹੁ ਨਾਨਕ ਇਨਾਂ ਜੋਗ ਨਾ ਪਾਯਾ ਜਿਉਂ ਉਦਰ ਚਲੂਣਾ ॥੨੪॥

ਤਿਸਕਾ ਪਰਮਾਰਥ—ਜੋ ਉਪਜਿਆ ਹੈ ਸੋ ਸਭ ਖਪੇਗਾ ਝੂਠ ਖਪੇਗਾ ਸੱਚ ਸਦਾ ਕਾਇਮ ਹੈ ਸੋਈ ਸੱਚ ਕੋ ਦੇਖ ਕਰ ਖਿੱੜਦਾ ਹੈ ਜਿਸ ਕੋ ਸੱਚ ਪਾਵਣੇ ਦੀ ਬਿਧ ਨਹੀਂ ਆਂਵਦੀ ਬਿਨਾਂ ਸਤਿਗੁਰੂ ਸੱਚ ਨਾਹੀ ਪਿਆ ਅਤੇ ਇਹ ਭੇਖ ਜੋ ਹੈ ਸੋ ਆਪੋ ਆਪ ਕੋ ਧਾਵਤੇ ਹੈਨ ਅਰ ਕੇਹਿਤੇ ਹੈਂ ਹਮ ਤਪਸੀ ਹਾਂ ਤਪੱਸਿਆ ਕਾ ਗੁਮਾਨ ਕਰਤੇ ਹੈਨ ਆਪ ਕੋ ਗੁਰੂ ਕਹਾਵਤੇ ਹੈਨ ਅਰ ਜੋਗ ਜੁਗਤ ਕੀ ਸਾਰ ਨਹੀਂ ਜਾਨਤੇ ਅਰ ਸਤਿਗੁਰੂ ਕੇ ਸ਼ਬਦ ਕੀ ਪਹੁੰਚ ਨਹੀਂ ਪਾਂਵਤੇ ਅਰ ਜੋਗ ਦੀ ਜੁਗਤ ਕੀ ਹੈ ਸੋ ਗੁਰੂ ਕਾ ਸ਼ਬਦ ਹੈ ਸੋ ਕਮਾਵੇ ਤੇ ਜੋਗ ਕੀ ਜੁਗਤ ਪਾਵੇ ਸ਼ਬਦ ਸੱਚ ਹੈ ਪਰ ਸ਼ਬਦ ਬਿਨਾਂ ਸਭ ਝੂਠ ਹੈ ਜੋ ਪੁਰਸ਼ ਕੋ ਸੱਚ ਸ਼ਬਦ ਕੀ ਖਬਰ ਨਹੀਂ ਪੜਤੇ ਸੋ

Scanned with CamScanner

ਸੱਚ ਕਿਆ ਚਾਲ ਹੈ ਅਰ ਰਸ ਕਸ ਸੁਆਦ ਛੋਡਤੇ ਹੈਨ ਅਰ ਜੋਗ ਕੀ ਜੁਗਤ ਨਹੀਂ ਜਾਨਤੇ ਜੋਗ ਜੋ ਹੈ ਸੱਚ ਸ਼ਬਦ ਹੈ ਜਦ ਸੱਚੇ ਸ਼ਬਦ ਕੋ ਕਮਾਵੇਗਾ ਤਬ ਜੋਗ ਕੀ ਜੁਗਤ ਕੋ ਪਾਵੇਗਾ ਆਸ ਕਰਕੇ ਮੰਨੇ ਸੰਤੋਖ ਕਰ ਕੇ ਬਹੇ ਅਰ ਨਾਮ ਕਾ ਅਹਾਰ ਕਰੇ ਤਬ ਜੋਗ ਕੀ ਜੁਗਤ ਕੋ ਪਾਵੇ ਇਹ ਜੋ ਕਕੀਰ ਅਲੂਣਾ ਖਾਤੇ ਹੈਨ ਇਹ ਅਲੂਣਾ ਨਹੀਂ ਇਨ ਕੋ ਜਗ ਕੀ ਸਾਰ ਨਹੀਂ ਅਤੇ ਜੋ ਜੋਗੀ ਤਪਸੀ ਕਹਾਵਤੇ ਹੈਨ ਸੋ ਸਭ ਨਰਕ ਮਹਿ ਪਈਅ-ਹਿੰਗੇ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੂੰ ਗੁਰੂ ਹੈਂ ਤੇਰੇ ਪਾਸ ਅਰਦਾਸ ਹੈ ਤਦ ਗੁਰਮਤਿ ਓਸ ਸਮੇਂ ਦ੍ਰਿੜਾਵਣੀ ਤਾਂ ਫਿਰ ਸਤਿਗੁਰੂ ਕਾ ਬੋਲਣਾ ਹੋਇਆ ।।

ਸਲੋਕ ।। ਸਤਿਗੁਰ ਸੇਤੀ ਅਰਦਾਸ ਕਰ ਜਿਨ ਸਤਿਗੁਰ ਜਾਪਾ ।। ਕਿਆ ਕੋ ਆਖੇ

ਆਖ ਵਖਾਣੈ ਉਹ ਪੂਰਨ ਪੁਰਖ ਬਿਧਾਤਾ ॥ ਜਨਮ ਜਨਮ ਕਾ ਪ੍ਰਾਣੀ ਨਿਤ ਉਠ ਕਰ ਅਰਦਾਸ ॥ ਕਹੁ ਨਾਨਕ ਮਨੂਆ ਬਿਰਥਾ ਜਮਪੁਰ ਬਧਾ ਜਾਸ ॥੨੫॥

ਤਿਸਕਾ ਪ੍ਰਮਾਰਥ ਸੁਣ ਭਾਈ ਅਜਿਤਿਆ ਸਤਿਗੁਰੂ ਪਾਸ ਜੋ ਅਰਦਾਸ ਕਰਨਗੇ ਸੋ ਮਾਇਆ ਕੀਆਂ ਵਡਿਆਈਆਂ ਅਰ ਪਤ ਰਾਜ ਮੰਗਸਨ ਜੋ ਅਸੀਂ ਦੁਨੀਆਂ ਮਹਿੰ ਵਡੇ ਹੋਵਹਿ ਸੰਸਾਰ ਹੀ ਕੇ ਸੁਖ ਮੰਗਸਨ ਤਿਨ੍ਹਾਂ ਪੁਰਖਾਂ ਸਤਿਗੁਰੂ ਨਾ ਜਾਤਾ ਕਿਉਂਕਰ ਨਾ ਜਾਤਾ ਜੋ ਸਤਿਗੁਰੂ ਪਾਸੋਂ ਨਾਮ ਦਾਨ ਨਾ ਮੰਗਿਆ ਟਹਿਲ ਨਾ ਮੰਗੀ ਅਤੇ ਸਤਿਗੁਰੂ ਕੇ ਘਰ ਤਾਂ ਸਭ ਕਿਛੁ ਹੈ ਜੇਹੀ ਕੋਈ ਇਛਾ ਕਰ ਆਂਵਦਾ ਹੈ ਤੇਹਾ ਫਲ ਪਾਇੰਦਾ ਹੈ ਬਿਨਾਂ ਸਤਿਗੁਰੂ ਕੀ ਦੀਖਿਆ ਪਾਪ ਨਹੀਂ ਉਤਰਦੇ ਅਰ ਫਲ ਜੋ ਹੈਨ ਬਿਨਾਂ ਸਤਿਗੁਰੂ ਤੇ ਵੋਹ ਭੀ ਕੋਈ ਨਹੀਂ ਤਾਂ ਅਜਿਤੇ ਰੰਧਾਵੇ

ਅਰਦਾਸ ਕੀਤੀ ਸਚੇ ਪਾਤਸ਼ਾਹ ਵੋਹ ਕਵਨ ਗੁਣ ਹੈ ਜਿਨ੍ਹਾਂ ਕਰਕੇ ਪਾਪ ਉਤਰਦੇ ਹੈਨ ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਯਾ ॥

ਸਲੋਕ ॥ ਨਾਨਕ ਨਾਉਂ ਨਿਰੰਕਾਰ ਹੈ ਆਪ ਨਿਰੰਜਨ ਦੇਉ ॥ ਕਈ ਜੁਗ ਵਰਤਾਰਾ ਵਰਤਿਆ ਆਪਣਾ ਆਪ ਸਮੇਉ ॥ ਖੇਲੇ ਬਿਗਸੇ ਜਗ ਮੈਂ ਅਲਖ ਨ ਲਖਿਆ ਜਾਇ॥ ਤ੍ਰਿਭਵਨ ਸੋਝੀ ਤਿਸ ਕਉ ਜੋ ਮਾਰਗ ਦੇਇ ਬਤਾਇ ॥ ਪੁਤ੍ਰ ਕਲਤ੍ਰ ਸਭ ਬੰਧਨਾ ਰਹੈ ਨਿਆਰਾ ਆਪ ॥ ਅਲਖ ਨਿਰੰਜਨ ਆਪ ਹੈ ਨ ਤਿਸ ਮਾਇ ਨ ਬਾਪ ॥ ਤਪੇ ਤਪੀਸਰ ਜੋਗੀਆ ਗੋਰਖ ਕਈ ਅਨੇਕ॥ਜਿਨ ਖੋਜਿਆ ਤਿਨ ਪਾਇਆ ਨਾਨਕ ਸਤਿਗੁਰ ਏਕ॥੨੬॥

ਤਿਸਕਾ ਪ੍ਰਮਾਰਥ--ਗੁਰੂ ਅਰ ਨਿਰੰਕਾਰ ਏਕ ਹੀ ਜੋਤ ਹੈ ਕਈ ਜੁਗ ਵਰਤਾਰਾ ਵਰਤਦਾ ਆਯਾ ਹੈ ਸੋ ਇਸੀ ਜੁਗ ਮਹਿ ਖੇਲਤਾ ਬਿਗਸਤਾ ਹਾਜ਼ਰ ਹੈਨ ਕੋਈ ਓਸ

Scanned with CamScan

ਕਉ ਲਖ ਸਕਤਾ ਨਹੀਂ ਜੋ ਏਹ ਗੁਰੂ ਹੈ
ਪਰ ਜੋ ਓਸਦੇ ਮਾਰਗ ਚਲਤਾ ਹੈ ਤਿਸਕੋ
ਤ੍ਰਿਭਵਣ ਕੀ ਸੋਝੀ ਆਂਵਦੀ ਹੈ ਤ੍ਰਾਂ ਜਨਮ
ਜਨਮ ਕੇ ਪਾਪ ਮਿਟ ਜਾਂਦੇ ਹੈਂ ਤਾਂ ਲੇਖਾ
ਨਿਬੜਤਾ ਹੈ ਕੁਲਾਂ ਕਾ ਉਧਾਰ ਹੋਤਾ ਹੈ
ਉਸਦਾ ਮਾਰਗ ਜੋ ਹੈ ਸੋ ਦੁਨੀਆਂ ਤੇ ਨਿਰਮੋਹ
ਹੈ ਪੁਤਰ ਕਲੱਤਰ ਸਨਬੰਧ ਦੁਨੀਆਂ ਕੇ ਸਭ
ਹੋਵਸਨ ਵੋਹ ਸਭਨਾਂ ਤੇ ਨਿਆਰਾ ਹੋਵੇਗਾ
ਉਸਕਾ ਨਾਉਂ ਅਲਖ ਨਿਰੰਜਨ ਹੈ ਉਸਕੋ
ਲਖ ਸਕੇਗਾ ਕੋਈ ਨਹੀਂ ਸਾਂਗ ਕਰ
ਭਰਮਾਏਗਾ ਅਰ ਆਪਣਾ ਛਡੇਗਾ ਨਾਹੀਂ
ਬਾਣਾ ਉਸਕਾ ਕਿਆ ਹੈ ਸ਼ਬਦ ਹੈ ਸੋ ਸ਼ਬਦ
ਹੀ ਤੇ ਪਾਈਏਗਾ ਅਰ ਕਈ ਤਪੀਸ਼ਰ
ਜੋਗੀਸ਼ਰ ਗੁਰੂ ਕਹਾਵਸਨ ਪਰ ਸਚ ਕੋਈ
ਵਿਰਲਾ ਹੀ ਖੋਜੇਗਾ ਜਹਾਂ ਸੱਚ ਹੋਵੇਗਾ
ਤਹਾਂ ਸਤਿਗੁਰੂ ਕਾ ਵਾਸਾ ਹੋਵੇਗਾ ਸੋ ਕਉਣ
ਸੱਚ ਮਾਇਆ ਮੋਹ ਤੇ ਰਹਿਤ ਹੋਵੇਗਾ ਪਰ

Scanned with CamScanner

ਵੋਹ ਸਮਾਂ ਆਵੇਗਾ ਤਾਂ ਸਭ ਸੋਖ ਲਵੇਗਾ।

ਸਲੋਕ ॥ ਸੌਖੇ ਸਾਗਰ ਤੁਰਤ ਸਭ ਰਹੈ ਪਦ ਨਿਰਬਾਣੀ ॥ ਓਹੋ ਇਸ ਵਿਸ਼ਵਾਸ ਤੇ ਵਿਗੁਤੇ ਪ੍ਰਾਣੀ ॥੨੭॥

ਤਿਸਕਾ ਪਰਮਾਰਥ-ਸੁਣ ਬੱਚਾ ਇਕ ਸਮਾਂ ਅਜਿਹਾ ਆਵਸੀ ਸਤਿਗੁਰੂ ਸੰਗਤ ਕੋ ਸੋਖ ਲੇਵੇਗਾ ਤਾਂ ਉਹ ਪ੍ਰ ਣੀ ਵਿਗਸਾ ਹਾਰ ਜਾਵੇ ਤਦ ਕਬੁਧ ਉਪਜੇਗੀ ਜੋ ਮੂੰਹੋਂ ਆਖਸਨ ਅਸੀਂ ਸਿਖ ਬਾਬੇ ਨਾਨਕ ਕੇ ਹਾਂ ਤੇ ਜੋ ਮੇਰਾ ਵਾਸਤਾ ਪਾਵੇਗਾ ਸੋ ਤਿਸ ਕੋ ਨ ਮੰਨਣਗੇ ਮੇਰਾ ਨਾਉਂ ਨਾ ਮੰਨਣਗੇ ਅਰ ਸਿਖ ਕਹਿਣਗੇ ਉਹ ਬੇਮੁਖ ਨਰਕ ਪਾਈਅਨਗੇ ਕਿਉਂ ਜੋ ਉਨ੍ਹਾਂ ਕੋ ਮੇਰਾ ਸ਼ਬਦ ਸੁਣਿਆਂ ਲਗੇਗਾ ਨਹੀਂ ਜਿਉਂ ਪਥਰ ਕੋ ਜਲ ਨਹੀਂ ਪੋਹਤਾ ਤਬ ਓਹ ਵਿਗੁਚੇਂਗੇ ਗੁਰੂ ਓਹਨਾਂ ਨੂੰ ਨਦਰ ਆਵੇਗਾ ਨਹੀਂ ਗੁਰੂ ਓਹਨਾਂ ਦਾ ਵੇਸਾਹ ਕਰੇਗਾ ਨਹੀਂ ਜਿਉਂ ਸ਼ਾਹੂਕਾਰ ਝੂਠਿਆਂ

Scanned with CamScan

ਵਣਜਾਰਿਆਂ ਕਾ ਵੇਸਾਹ ਨਹੀਂ ਕਰਦਾ ਅਤੇ ਸੁਣ ਕਰਕੇ ਬੇਧਿਆਨ ਹੋਇ ਬੈਠਤਾ ਹੈ ਸੋ ਉਨ੍ਹਾਂ ਦੇ ਸੰਗ ਬੋਲਦਾ ਨਹੀਂ ਜਿਤਨੀ ਕੁਛ ਓਹ ਅਰਦਾਸਾਂ ਕਰਦੇ ਹਨ ਸੋ ਭੀ ਸੁਣਦਾ ਨਹੀਂ ਤਾਂ ਓਹ ਖਾਲੀ ਹੀ ਜਾਣਗੇ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਓਹ ਦਾਨ ਪੁੰਨ ਭੇਟ ਤੇਰੇ ਨਾਮ ਕੀ ਦੇਣਗੇ ਤਾਂ ਓਹਨਾਂ ਕੋ ਕੁਛ ਪ੍ਰਾਪਤ ਹੋਵੇਗਾ ਕਿ ਨਾ ਤਾਂ ਫੇਰ ਸ੍ਰੀ ਗੁਰੂ ਜੀ ਕਾ ਬੋਲਣਾ ਹੋਇਆ ॥

ਸਲੋਕ ॥ ਦਾਨ ਪੁੰਨ ਕਬਹੂ ਨਹੀਂ ਸਿਝੇ ਦਿਤਾ ਗੁਰੂ ਕਾ ਖਾਇ ॥ ਅਹੰਕਾਰ ਕਰਕੇ ਦੇਵੇ ਮੂੰਹ ਕਾਲਾ ਚਲਿਆ ਜਨਮ ਗਵਾਇ ॥ ੨੮ ॥

ਤਿਸਕਾ ਪ੍ਰਮਾਰਥ-ਸੁਣ ਬੱਚਾ ਇਸ ਦਾਨ ਪੁੰਨ ਤੇ ਸਿਝਦਾ ਨਹੀਂ ਇਸਕੀ ਮੁਕਤੀ ਹੋਂਦੀ ਨਹੀਂ ਅਤੇ ਦਾਨ ਪੁੰਨ ਕਰਕੇ ਕਹਿੰਦਾ

Scanned with CamScan

ਹੈ ਜੋ ਹਉਂ ਕਰਦਾ ਹਾਂ ਸੋ ਇਸਕਾ ਕੀ ਹੈ ਏਹ ਜੋ ਖਾਂਦਾ ਹੈ ਸੋ ਸਭ ਕਰਣਹਾਰੇ ਦੀ ਦਾਤ ਹੈ ਅਤੇ ਆਪਣੇ ਕਾਰਜ ਵਾਸਤੇ ਕਹਿੰਗੇ ਆਪਣੇ ਪ੍ਰਾਪਤ ਵਾਸਤੇ ਕਰਨਗੇ ਇਉਂ ਹੀ ਦੁਨੀਆਂ ਦਾ ਕਾਰਨ ਜਨਮ ਜਾਵੇਗਾ ਗੁਰੂ ਕੇ ਮਿਲਣੇ ਕੇ ਨਮਿੱਤ ਨ ਕਰਨਗੇ ਜੋ ਗੁਰੂ ਕਾ ਵਾਸਤਾ ਪਾਏਗਾ ਤਿਸ ਕੋ ਦਾਮ ਦੇਵਸਨ ।

ਸਲੋਕ ॥ ਗਊ ਘਾਤ ਹਤਿਆ ਨਹੀਂ ਉਤਰੈ ਤਟਿ ਤੀਰਥ ਭ੍ਰਮਾਇ ॥ ਕਹੁ ਨਾਨਕ ਜਗਿ ਥਾਪਿ ਉਥਾਪੇ ਸਤਿਗੁਰ ਕਿਨੈ ਨ ਪਾਇਆ ਜਾਇ ॥੨੯॥

ਤਿਸਕਾ ਪ੍ਰਮਾਰਥ-ਸੁਣ ਬੱਚਾ ਅਜਿਤਿਆ ਜੋ ਪੁਰਖ ਗਊ ਮਾਰ ਕੇ ਤੀਰਥ ਜਾਂਦੇ ਹੈਨ ਸੋ ਹਤਿਆ ਨਹੀਂ ਉਤਰਦੀ ਅਰ ਜੋ ਸਾਧਾਂ ਕੀ ਨਿੰਦਿਆ ਕੀ ਹਤਿਆ ਹੈ ਸੋ ਭੀ ਨਹੀਂ ਉਤਰਦੀ ਭਾਵੇਂ ਅਨੇਕ ਤੀਰਥ ਕਰੇ ਭਾਵੇਂ

Scanned with CamScan

ਅਨੇਕ ਪੁੰਨ ਕਰੇ ਭਾਵੇਂ ਤਪ ਕਰੇ ਸਾਧ ਕੇ ਨਿੰਦਕ ਕੇ ਪਾਪ ਨਹੀਂ ਉਤਰਦੇ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਕਲਜੁਗ ਕੇ ਜੋ ਗੁਰੂ ਹੋਵਸਨ ਤਿਨ੍ਹਾਂ ਕੀ ਸੁਖ ਸ਼ਰੀਣੀ ਕਾ ਕਿਆ ਫਲ ਹੋਵੇਗਾ ॥

ਸਲੋਕ ॥ ਸੁਖ ਸ਼ਰੀਨੀ ਜੋ ਨਰ ਕਰੇ ਸੋ ਲਖ ਚਉਰਾਸੀ ਜੂਨ ਵਿਚ ਆਵੇ ॥ ਚਾਉ ਤਮਾਸੇ ਬਾਂਧਿਆ ਸੋ ਪਛੋਤਾਵੇ ॥ ਸਰਿ ਡੂਗਰ ਅਸਗਾਹ ਹੈ ਕਿਉਂ ਮਾਰਗ ਪਾਵੇ ॥ ਨਾਨਕ ਸਤਿਗੁਰੂ ਤਾਂ ਮਿਲੇ ਜਾਂ ਸਚ ਸਮਾਵੈ ॥੩੦॥

ਤਿਸਕਾ ਪ੍ਰਮਾਰਥ--ਸੁਣ ਬੱਚਾ ਅਜਿਤਿਆ ਕਲਜੁਗੀ ਜੋ ਸ਼ਰੀਨੀਆਂ ਮੰਨਸਨ ਸੋ ਝੂਠੀਆਂ ਥਾਵਾਂ ਨੂੰ ਮੰਨਸਨ ਪੀਰਾਂ ਅਰ ਕਬਰਾਂ ਕੋ ਮੰਨਸਨ ਫਿਰ ਚਉਰਾਸੀ ਭਰਮਸਣ ਇਹ ਕਲਜੁਗ ਕੇ ਪੀਰ ਅਰ ਗੁਸਾਈਂ ਜੋ ਹੋਵ-ਸਨ ਸੋ ਕਚੇ ਗੁਰੂ ਹੋਵਸਨ ਬਿਨਾਂ ਸਤਿਗੁਰਾਂ

Scanned with CamScan

ਦੇ ਇਨ੍ਹਾਂ ਦਾ ਛੁਟਕਾਰਾ ਨਹੀਂ ਹੁੰਦਾ ਪਰ ਚਾਉ ਤਮਾਸ਼ੇ ਪਿਛੇ ਦੁਨੀਆਂ ਰੀਝੇਗੀ ਸੋ ਉਹ ਚਾਉ ਤਮਾਸ਼ੇ ਗੁਰ ਕੇ ਹੋਵਸਨ ਅਰ ਬੰਦਗੀ ਭੀ ਦੁਨੀਆਂ ਦੀ ਦੇਖੋ ਦੇਖੀ ਵਾਸਤੇ ਕਰਸਨ ਦੁਨੀਆਂ ਕੀ ਜੁਗਤ ਤੇ ਮੁਕਤ ਨਹੀਂ ਅਰ ਸਰ ਡੂਗਰ ਜੋ ਹੈ ਸੋ ਸਤਿਗੁਰ ਕਰਨ-ਹਾਰੇ ਹਨ ਜੋ ਅਗਮ ਦਇਆਲੂ ਬੇਅੰਤ ਪਰੇ ਤੇ ਪਰੇ ਹੈ ਬੇਸ਼ੁਮਾਰ ਹੈ ਸੋ ਬਿਨਾਂ ਸਤਿਗੁਰ ਉਸ ਦਾ ਬਾਉਂ ਨਹੀਂ ਦਿਸਦਾ ਜੋ ਸਤਿਗੁਰ ਕਉ ਮਿਲਿਆ ਸੋ ਸੱਚਾ ਯਾਰ ਹੋਇਆ ਦੁਨੀਆਂ ਕੇ ਮਾਰਗ ਛਡੋ ਸਤਿਗੁਰ ਕੇ ਮਾਰਗ ਚਲੋ ਸਤਿਗੁਰੂ ਦਾ ਮਾਰਗ ਕਉਣ ਹੈ ਸਚ ਸ਼ਬਦ ਹੈ ਸ਼ਬਦ ਨਾਲ ਰਹੇ ਤਾਂ ਸਤਿਗੁਰ ਮਿਲੇ ਸਚ ਮੇਂ ਸਮਾਵੈ ਜੂਨੀ ਭਰਮੇਂ ਨਾਹੀਂ।

ਸਲੋਕ ॥ ਫੰਧੀ ਦਰ ਬਾਜਾਰ ਦੇਵਾਨੇ ॥ ਪਰਸੇ ਕੇਸੂ ਫੂਲ ਫੂਲਾਨੇ ॥ ਕਰੇ ਮੋਹ ਤ੍ਰਿਆ ਲਾਵੈ ਅੰਗ ॥ ਨਾਨਕ ਚਉਰਾਸੀ ਕਾ

Scanned with CamScan

ਪਾਵੈ ਸੰਗ ॥

ਤਿਸਕਾ ਪ੍ਰਮਾਰਥ ॥ ਸੁਣ ਬੱਚਾ ਅਜਿਤਿਆ ਉਹ ਕੈਸੇ ਮਰਦ ਹੋਵਣਗੇ ਜੋ ਕੋਈ ਸਤਿਗੁਰੂ ਕੇ ਜਾਣਨੇ ਵਾਲਾ ਸਾਧ ਹੋਵੇਗਾ ਤਿਸ ਕੇ ਜੀ ਕੇ ਲਾਗੂ ਹੋਵਸਨ ਅਤੇ ਬਾਜ਼ਾਰ ਮਹਿ ਕਰੂੰ-ਜੜੇ ਭਠਿਆਰੇ ਲੜਦੇ ਹਨ ਤਿਉਂ ਉਹ ਲੜ ਪਵਣਗੇ ਅਰ ਬਾਤਾਂ ਜੋ ਕਰਨਗੇ ਦੇਵਾਨੀਆਂ ਹੀ ਕੀਆ ਕਰਨਗੇ ਜਿਉਂ ਕੇਸੂ ਫੁੱਲਾਂ ਦਾ ਗੁੱਛਾ ਖਿੜ ਪਾਉਂਦਾ ਹੈ ਤਿਉਂ ਉਨ੍ਹਾਂ ਦਾ ਰੰਗ ਫੁਟ ਜਾਵੇਗਾ ਉਹ ਆਪੋ ਵਿਚ ਕੱਠੇ ਨਾ ਹੋਵਣਗੇ ਓਨ੍ਹਾਂ ਦਾ ਮੋਹ ਤਿਰੀਆ ਸੰਗ ਲਗ ਜਾਵੇਗਾ ਸਤਿਗੁਰ ਤੇ ਬੇਮੁਖ ਹੋਇ ਜਾਵਣਗੇ ਉਹ ਚੌਰਾਸੀ ਭ ਮਨਗੇ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਤੇਰੇ ਘਰ ਘਰ ਸਿਖ ਕਹਾਈ-ਅਨਗੇ ਸੋ ਪੜ੍ਹਨਗੇ ਗਾਵਣਗੇ ਤਿਸ ਕੀ ਗਲ ਕਿਉਂਕਰ ਹੋਵੇਗੀ ਤਾਂ ਫਿਰ ਸਤਿਗੁਰੂ

Scanned with CamScan

ਜੀ ਕਾ ਬੋਲਣਾ ਹੋਇਆ--

ਸਲੋਕ ॥ ਲੁਕਮੇ ਜਗ ਗਿਰਾਸਿਆ ਲੁਕਮੇ ਕੀ ਮਹਿਮਾ ਖੂਬ ॥ ਲੁਕਮੇ ਵਿਚਹੁ ਗਿਰਾਸਿਆ ਕਲੀ ਕਾਲ ਫਾਥਾ ਸਿੰਘ ਕਰ-ਤੂਬ ॥ ਗਦਹਾ ਕੜਕੇ ਨਿਕਲੇ ਬਹਿ ਬਹਿ ਹੀਂਗਹਿ ਬਾਨ ॥ ਫਿਟ ਅਵੇਹਾ ਖਾਇਆ ਸਿਰ ਮਾਰੈ ਸ਼ੈਤਾਨ ॥

ਤਿਸ ਕਾ ਪਰਮਾਰਥ ॥ ਸੁਣ ਭਾਈ ਅਜਿਤਿਆ ਕਲਜੁਗ ਕੇ ਵਿਚ ਗੁਰੂ ਕੇ ਸਿਖ ਥੋੜੇ ਹੋਵਣਗੇ ਐਸਾ ਵਕਤ ਭੀ ਆਵੇਗਾ ਜਿਥੇ ਟੁਕੜਾ ਖਾਵਣਗੇ ਉਥੇ ਹੀ ਪੜ੍ਹਨਗੇ ਓਥੇ ਹੀ ਗੁਰੂ ਕਹਿਣਗੇ ਉਥੇ ਹੀ ਗਾਵਣਗੇ ਅਜੇਹੀ ਜਿਨਸ ਕੀ ਸਿਖੀ ਹੋਵੇਗੀ। ਜਿਸ ਕਾ ਖਾਵਣਗੇ ਤਿਸਕੋ ਸਲਾਹਣਗੇ ਸਤਿਗੁਰੂ ਤੇ ਭੁਲ ਜਾਵਣਗੇ ਸੋ ਲੁਕਮਾ ਇਹ ਹੋਇ ਲਗੇਗਾ ਜਿਉਂ ਸਿੰਘ ਕਾਲ ਕੀ ਫਾਸੀ ਵਿਚ

Scanned with CamScanner

ਫਸਦਾ ਹੈ ਖਾਣਾ ਪੀਣਾ ਭੁਲ ਜਾਂਦਾ ਹੈ ਸੁ ਜੀਅ ਕੀ ਪੌਂਦੀ ਹੈ ਸੁ ਤਿਉਂ ਉਨ੍ਹਾਂ ਕੋ ਭੀ ਇਕ ਦਿਨ ਜੀਅ ਕੀ ਪਵੇਗੀ ਖਾਣਾ ਪੀਣਾ ਭੁਲ ਜਾਵੇਗਾ ਜਿਉਂਕਰ ਗਧਾ ਮਸਤ ਹੋਇ ਕਰ ਹੀਂਗਦਾ ਹੈ ਇਉਂ ਉਹ ਗਾਵਣਗੇ ਇਕ ਜਮ ਕੇ ਹਵਾਲੇ ਹੋਵਣਗੇ ਤਾਂ ਬਿਲ-ਲਾਵਣਗੇ ਦੁਖ ਪਾਵਣਗੇ ਤਾਂ ਆਖਣਗੇ ਜੋ ਫਿਟੇ ਮੂੰਹ ਅਸਾਡੇ ਇਸ ਖਾਧੇ ਦਾ ਇਹ ਹਵਾਲ ਹੋ ਗਿਆ। ਆਖਸਨ ਜੋ ਅਸੀਂ ਤੇ ਭੁਲੇ ਫੇਰ ਵਕਤ ਪਾਵਸਨ ਨਹੀਂ ਫੇਰ ਬਖ-ਸ਼ੀਨ ਨਾਹੀਂ ਕਿਉਂ ਜੋ ਖਾਣਾ ਦਾਣਾ ਗੁਰੂ ਜੀ ਦਾ ਅਰ ਸਲਾਹਣਾ ਮਨੁਖ ਦਾ ਪਛੋਤਾਵਣਗੇ ॥ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕੋਈ ਕਿਸੀ ਕੀ ਸੇਵਾ ਕਰਦਾ ਹੈ ਸੋ ਥਾਇ ਪਵੇਗੀ ਜੀ ਬ੍ਰਿਥੀ ਜਾਵੇਗੀ ਤਾਂ ਫਿਰ ਸ੍ਰੀ ਗੁਰੂ ਬਾਬੇ ਜੀ ਕਾ ਬੋਲਣਾ ਹੋਇਆ।

Scanned with CamScanner

ਸਲੋਕ ॥ ਸੇਵਕ ਮੋਹਨਿ ਵਿਚੋਲੇ ॥ ਕਾਗ ਜੋਨ ਵਿਸਟਾ ਫੋਲੇ ॥ ਕਰੈ ਸੇਵਾ ਸਤਿਗੁਰ ਨਾ ਲਾਵੈ ॥ ਸੋ ਸੇਵਕ ਸੇਵਾ ਖੋਇ ਜਾਵੈ ॥ ਲਿਖਿਆ ਲੇਖ ਨਾਹੀਂ ਧੁਰਿ ਰੰਗ ॥ ਨਾਨਕ ਤਿਸਤੇ ਚੁਪੈ ਰੰਗ ॥ ੩੩ ॥

ਤਿਸਕਾ ਪ੍ਰਮਾਰਥ--ਜੋ ਸੇਵਕ ਹੋਇ ਤੇ ਗਰਬੈ ਜੋ ਮੈਂ ਅਜੇਹੀ ਸੇਵਾ ਕਰਦਾ ਹਾਂ ਮੈਂ ਭੀ ਕੁਛ ਹੋਇਆ ਹਾਂ ਤਿਸਕੀ ਜੂਨ ਕਾਗ ਦੀ ਹੋਂਦੀ ਹੈ ਓਸਦੇ ਮੂੰਹ ਵਿਚ ਵਿਸ਼ਟਾ ਮਿਲਦਾ ਹੈ ਜੋ ਕੁਛ ਕਰਕੇ ਮਨ ਵਿਚ ਗਰਬ ਕਰਦਾ ਹੈ ਅਰ ਆਖਦਾ ਹੈ ਜੋ ਮੈਂ ਗੁਰੂ ਕਉ ਕੁਛ ਦੇਂਦਾ ਹਾਂ ਅਰ ਗੁਰੂ ਕੇ ਭਾਣੇ ਚਲੇ ਨਹੀਂ ਤਾਂ ਉਹ ਸੇਵਕ ਗੁਰੂ ਕੇ ਨਹੀਂ ਭਾਉਂਦਾ ਓਹ ਸੇਵਾ ਆਪਣੀ ਖੋਇ ਜਾਂਦਾ ਹੈ ਲਿਖਿਆ ਲੇਖ ਨਹੀਂ ਧੁਰ ਅੰਗ॥ ਉਹਨਾਂ ਦੇ ਸਿਰ ਧੁਰ ਦਾ ਲੇਖ ਲਿਖਿਆ ਹੋਇਆ ਹੈ ਸੋ ਟਲਣੇ ਨਾਹੀਂ ਉਹ ਦੇਖੋ ਦੇਖੀ ਦੀ ਸੇਵਾ

Scanned with CamScanner

ਕਰਦੇ ਹੈਨ ਪਰ ਰੰਗ ਨਹੀਂ ਲਗਦਾ ਅਤੇ ਚੁਪ ਚੰਗੀ ਹੈ ਸੋ ਕੀ ਹੈ ਸੋ ਬਧ ਹੈ ਜਿਉਂ ਕਰ ਸੰਤੋਖ ਮੇਂ ਰਹੇ ਤਾਂ ਇਸ ਵਾਸਤੇ ਫਲ ਲਗਦਾ ਹੈ ਨਾਨਕ ਤਾਂ ਤੇ ਚੁਪ ਚੰਗੀ ਹੈ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਕਲੀ ਕਾਲ ਕੇ ਵਿਖੇ ਸੰਸਾਰੀ ਸਾਧ ਕਿਸਨੋ ਕਹਿਸਨ ਅਰ ਕਿਸਨੋ ਪੂਜਸਨ ਤਾਂ ਫਿਰ ਬੋਲਣਾ ਹੋਇਆ।

ਸਲੋਕ ॥ ਸਾਧ ਕਹਾਇ ਮੁਖ ਬੁਰਾ ਜੋ ਬੋਲੈ ॥ ਜੀਆਂ ਘਾਤ ਕਰ ਅਨਰਥ ਤੋਲੈ ॥ ਲਹੈ ਸਜਾਇ ਦਰਗਹਿ ਨਾਹੀਂ ਢੋਈ ॥ ਕਹੈ ਨਾਨਕ ਤਿਨ ਮਿਲਿਆਂ ਮੁਕਤ ਨ ਹੋਈ॥੩੪॥

ਤਿਸਕਾ ਪ੍ਰਮਾਰਥ-ਗੁਰੂ ਜੀ ਕਹੈਂ ਭਾਈ ਅਜਿਤਿਆ ਕਲੀਕਾਲ ਵਿਖੇ ਜਿਨ੍ਹਾਂ ਨੂੰ ਸੰਸਾਰ ਸਾਧ ਕਰਕੇ ਪੂਜੇਗਾ ਸੋ ਕੁਚਲਨ ਨਾਲ ਚਲਨਗੇ ਕੁਬਾਨ ਬੋਲਨਗੇ ਉਹ ਸਾਧ ਕਰਕੇ ਮਥਾ ਟੇਕਣ ਜਾਵਸਨ ਅਤੇ ਉਹ ਅਗੋਂ ਬੁਰਾ ਬੋਲਸਣ

Scanned with CamScanner

ਅਤੇ ਮਨ ਤੇ ਦਇਆ ਨ ਹੋਵੇਗੀ ਬੇ ਮੇਹਰ ਹੋਵਣ ਸੋ ਅਨਰਥ ਕਉ ਤੋਲਸ ਨ ਅਤੇਓਹ ਸਜਾਇ ਪਾਵਸਣ ਦਰਗਾਹ ਢੋਈ ਨ ਮਿਲਸੀ ਓਹ ਫਿਰ ਚੌਰਾਸੀ ਪਾਵਸਨ ਅਤੇ ਨਰਕਗਾਮੀ ਹੋਵਸਣ ਅਤੇ ਜੋ ਕੋਈ ਉਨ੍ਹਾਂ ਕੋ ਪੂਜਸੀ ਸੋ ਮੁਕਤ ਨ ਪਾਵਸੀ ਅਤੇ ਨਿਹਫਲ ਜਾਵੇਗਾ ਨਾਨਕ ਤਿਨ ਮਿਲਿਆਂ ਮੁਕਤ ਨ ਹੋਈ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੋ ਸਾਧ ਤੇਰੇ ਮਨ ਭਾਵਤੇ ਹੈਨ ਤਿਨ ਕੀ ਕਿਆ ਚਾਲੀ ਹੈ ਤਾਂ ਬੋਲਣਾ ਹੋਇਆ।

ਸਲੋਕ ॥ ਸਾਧ ਕੀ ਮਹਿਮਾ ਬੇਦ ਨ ਜਾਣੈ ਓਹ ਗਰਭ ਜੋਨ ਨਹੀਂ ਆਏ ॥ ਉਹ ਬੁਰਾ ਨਾ ਬੋਲਣ ਕੁਬਚਨ ਨ ਬੋਲਹਿ ਗੁਰਮੁਖਿ ਸ਼ਬਦ ਸਮਾਏ ॥ ਸਦਾ ਹਜ਼ੂਰ ਰਹੈ ਸੰਗ ਰਾਤੇ ਮਾਤੇ ਸਦਾ ਖੁਮਾਰੀ ॥ ਰਾਗ ਨਿਰੰਤਰਿ ਮਿਲਹਿ ਨਿਵਾਸੀ ਸਹਜਿ ਲਗੀ ਧੁਨ ਕਾਰੀ ॥

Scanned with CamScan

ਗੁਪਤ ਬਾਣੀ ਕੋ ਵਿਰਲਾ ਬੂਝੇ ਕਛੂ ਨ ਜਾਇ ਕਹਿਣਾ॥ ਕਹੁ ਨਾਨਕ ਤਿਨ ਹੋਇ ਪਰਾਪਤਿ ਜਿਸ ਪੂਰਬ ਲਿਖੇ ਕਾ ਲਹਿਣਾ ॥੩੫॥

ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ ਸਾਧ ਕੀ ਮਹਿਮਾ ਬੇਦ ਭੀ ਨਹੀਂ ਜਾਨਤਾ ਬੇਦ ਜੋ ਹੈ ਸੋ ਤਿਹੁ ਗੁਣਾਂ ਕੀਆਂ ਬਾਤਾਂ ਕਰਤਾ ਹੈ ਚਉਥੇ ਗੁਣ ਕਉ ਨਹੀਂ ਜਾਣਤਾ ਚੌਥਾ ਬੇਦ ਜੋ ਹੈ ਸੰਤ ਹੀ ਹੈਨ ਤਿਨਾਂ ਕੀ ਬੇਦ ਕੋ ਭੀ ਖਬਰ ਨਹੀਂ ਅਤੇ ਸੰਤਾਂ ਕੀ ਖਬਰ ਉਹ ਅਕਾਲ ਪੁਰਖ ਆਪ ਹੀ ਜਾਣੇ ਅਥਵਾ ਸੰਤ ਕੀ ਮਹਿਮਾ ਸੰਤ ਹੀ ਜਾਣਹਿ ਉਹ ਅੰਤਰ ਆਤਮੇ ਕੋ ਸਮਾਇ ਰਹੇ ਹੈਨ ਅਨਹਦ ਸ਼ਬਦ ਕੇ ਸਾਥ ਉਨ ਕੀ ਆਠ ਪਹਿਰ ਲਿਵ ਲਾਗ ਰਹੀ ਹੈ ਅਤੇ ਖੁਮਾਰੀ ਉਤਰਦੀ ਨਾਹੀਂ ਨਾਮ ਕੇ ਸੰਗ ਰਚ ਰਹੇ ਹੈਨ ਦੁਨੀਆਂ ਕੀ ਸੁਰਤ ਭੁਲ ਗਈ ਹੈ ਸਤਿਗੁਰੂ ਨਾਲ ਸਮਾਇ ਤਾਂ ਕਉਣ ਬੋਲੇ ਤੇ ਕਉਣ ਬਚਨ

Scanned with CamScan

ਹੋਇ ਜਬ ਅਜੇਹਾ ਹੂਆ ਤਬ ਸੰਸਾਰ ਤੇ ਉਲਟਾ ਹੋਇਆ ਤੇ ਬਾਣੀ ਭੀ ਉਸ ਕੀ ਉਲਟੀ ਜਾਤੀ ਹੈ ਕਉਣ ਸਮਝੇ ਕੌਣ ਬੀਚਾਰੇ ਕੋਈ ਗੁਰਮੁਖ ਸਮਝੇ ਜਿਸ ਕੋ ਪੂਰਬ ਕਾ ਲਹਿਣਾ ਹੋਵੇਗਾ ਜਿਥੇ ਸੰਤ ਹੋਵਣਗੇ ਤੇ ਕਲੀ ਕਾਲ ਦੇ ਲੋਕ ਉਹਨਾਂ ਦੀ ਨਿੰਦਾ ਕਰਨਗੇ ਓਹਨਾਂ ਕੋ ਚੋਰ ਯਾਰ ਕਹਿਣਗੇ ਤਾਂ ਫਿਰ ਅਜਿਤੇ ਰੰਧਾਵੇ ਨੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਓਸ ਵਕਤ ਕਿਸੇ ਨੂੰ ਸਨਮੁਖ ਰਖੇਂਗਾ ਕਿ ਨਹੀਂ ਸ੍ਰੀ ਗੁਰੂ ਨਾਨਕ ਜੀ ਕਹੈਂ ਬੱਚਾ ਜਿਸ ਤੇ ਪੂਰਬ ਮਸਤਕ ਲੇਖ ਲਿਖਿਆ ਹੈ ਸੋ ਹੋਵੇਗਾ ਤਿਸ ਕੋ ਇਹ ਵਸਤ ਪ੍ਰਾਪਤ ਹੋਵੇਗੀ।

ਸਲੋਕ ॥ ਗੁਹਜ ਕਥਾ ਲੇ ਮਨ ਮਾਹਿ ਰਾਖੈ॥ ਓਅੰਕਾਰ ਅਖਰੀ ਚਿਤ ਮਹਿ ਭਾਖੈ॥ ਕਰੈ ਨਮਸਕਾਰ ਪੂਰੇ ਗੁਰਦੇਵ ॥ ਨਾਨਕ ਮਿਲਿਐ ਅਲਖ ਅਭੇਵ ॥੩੬॥

ਤਿਸਕਾ ਪ੍ਰਮਾਰਥ-ਬੱਚਾ ਅਜਿਤਿਆ ਜੋ ਗੁਹਜ ਕਥਾ ਹੈ ਜੋ ਸ਼ਬਦ ਹੈ ਤਿਸਕੋ ਵਿਰਲਾ ਹੀ ਮਨ ਵਿਚ ਰਖੇਗਾ ਅਰ ਅੱਖਰ ਜੋ ਭਾਖੇ ਸੋ ਭਾਖੇ ਕੀ ਅੱਖਰ ਜੋ ਹੈ ਸੋ ਏਕੰਕਾਰ ਸ੍ਰਿਸ਼ਟ ਕਰਤਾ ਉਨਕੀ ਦੀਖਿਆ ਸਚ ਸ਼ਬਦ ਹੈ ਤਾਂ ਓਹ ਸਚ ਸ਼ਬਦ ਕਿਸਤੋਂ ਪਾਈਏ ਜੋ ਪੂਰੇ ਗੁਰੂ ਤੋਂ ਪਾਈਏ ਤੂੰ ਕਰ ਨਮਸ਼ਕਾਰ ਪੂਰੇ ਗੁਰਦੇਵ ਕੋ ਨਾਨਕ ਮਿਲੀਏ ਅਲਖ ਅਭੇਵ ਸੋ ਮਨ ਕੀ ਬਾਤ ਪਰ ਭਿਜਦਾ ਨਹੀਂ ਸੋ ਸਚ ਸ਼ਬਦ ਪਰ ਭਿਜਦਾ ਹੈ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਪੁੰਨ ਦਾਨ ਭੀ ਫਲਦਾ ਹੈ ਕਿ ਨਹੀਂ ਤਾਂ ਬੋਲਣਾ ਹੋਯਾ।

ਸਲੋਕ ॥ ਕਰੇ ਦਾਨ ਜੋ ਗੁਰ ਕੋ ਭਾਵੈ ॥ ਓਹ ਫਿਰ ਭੂਲੇ ਜਨਮ ਨ ਆਵੈ ॥ ਨਾਨਕ ਸਚੀ ਦਰਗਹ ਪੈਦਾ ਹੋ ਜਾਵੈ ॥੩੭॥

ਤਿਸਕਾ ਪ੍ਰਮਾਰਥ ਸੁਣ ਭਾਈ ਅਜਿਤਿਆ ਇਹ ਜੋ ਦਾਨ ਕਰਦੇ ਹਨ ਸੋ ਸਉਦਾ ਕਰਦੇ

Scanned with CamScanner

ਹੈਨ ਜੋ ਸੋ ਕੈਸਾ ਸੌਦਾ ਕਰਦੇ ਹੈਨ ਜੋ ਮੇਰੇ ਦੂਣੇ ਹੋਵਨ ਜਾਂ ਸਵਾਇ ਹੋਵਨ ਅਰ ਕਹਿੰਦੇ ਹਨ ਮੈਂ ਕਰਦਾ ਹਾਂ ਸੋ ਪਾਵਾਂਗਾ ਜੋ ਦਾਨ ਕਰਕੇ ਹੈ ਸੋ ਫੇਰ ਗਰਭ ਮੇਂ ਆਵਤਾ ਹੈ ਅਤੇ ਜੋ ਸਤਿਗੁਰੂ ਨੂੰ ਦਾਨ ਭਾਂਵਦਾ ਹੈ ਸੋਈ ਹੱਛਾ ਹੈ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਓਹ ਕੇਹੜਾ ਦਾਨ ਹੈ ਜੋ ਸਤਿਗੁਰੂ ਨੂੰ ਭਾਂਵਦਾ ਹੈ ਤਾਂ ਸ੍ਰੀ ਨਾਨਕ ਜੀ ਕਿਹਾ ਬਚਾ ਅਜਿਤਿਆ ਸਤਿਗੁਰਾਂ ਨੂੰ ਇਹ ਦਾਨ ਭਾਂਵਦਾ ਹੈ ਜੋ ਸਿਖ ਸਤਿਗੁਰਾਂ ਦੇ ਨਮਿਤ ਦਾਨ ਕਰੇ ਅਤੇ ਕੀਆ ਜੋ ਆਪਣਾ ਆਪ ਨਾ ਜਣਾਵੇ ਅਤੇ ਜੋ ਕਿਛ ਕਰਦਾ ਹੈ ਤਾਂ ਆਖਦਾ ਹੈ ਜੋ ਮੇਰਾ ਇਸ ਮੇਂ ਕੁਛ ਨਹੀਂ ਜਾਂਤਾ ਸ੍ਰੀ ਗੁਰੂ ਕਾ ਹੈ ਤੇ ਦਾਤਾ ਭੁਗਤਾ ਸਤਿਗੁਰੂ ਆਪ ਹੈ ਅਤੇ ਸਾਸ ਸਾਸ ਸ੍ਰੀ ਗੁਰੂ ਕਾ ਜਾਪ ਕਰੇ ਹੇ ਅਜਿਤਿਆ ਨਾਮ ਤੁਲ ਕੁਛ ਅਵਰ ਨਹੀਂ ਹੇ ਬੱਚਾ ਉਸ ਕਾ

Scanned with CamScan

ਦਾਨ ਸਤਿਗੁਰੂ ਨੂੰ ਭਾਂਵਦਾ ਹੈ ਉਹ ਦਾਨ ਫਿਰ ਫਲਤਾ ਨਹੀਂ ਫਲਤਾ ਏਹ ਹੈ ਜੋ ਗਰਭ ਜੂਨ ਮੈਂ ਨਹੀਂ ਆਵਤਾ ਓਹ ਸਚੇ ਵਿਚ ਸਮਾਵਤਾ ਹੈ ਅਰ ਸੱਚੀ ਦਰਗਹਿ ਪਹਿਹਿਆ ਜ ਵੇਗਾ।

ਸਲੋਕ ॥ਆਦਿ ਪੁਰਖ ਤੇ ਸਭ ਡਰ-ਪਨੀ ਨੈਨੀ ਨੀਂਦ ਬਿਲੋਵੈ॥ ਜੋ ਕੁਛ ਕਰਣਾ ਸੋ ਕਰ ਰਹਿਆ ਬਹੁਰ ਨਾ ਕਰਣਾ ਹੋਵੇ ॥ ੩੮ ॥

ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ ਸਭ ਕੁਛ ਆਦਿ ਪੁਰਖ ਕਾ ਕਰਨਾ ਹੋਂਦਾ ਹੈ ਜਿਉਂ ਉਸ ਨੂੰ ਭਾਵੇਗਾ ਤਿਉਂ ਹੀ ਕਰੇਗਾ। ਇਕ ਸਮਾਂ ਅਜੇਹਾ ਆਵੇਗਾ ਭਾਈ ਗੁਰੂ ਕਾ ਦਰਸ਼ਨ ਕਰਮਾਂ ਕਰ ਕੇ ਹੋਵੇਗਾ ਅਤੇ ਗੁਰੂ ਆਪਣੇ ਵੈਰਾਗ ਵਿਚ ਰਹੇਗਾ ਅਤੇ ਸਿਖ ਪੁਤ ਕੋਈ ਨਜਦੀਕ ਨਾ ਆਵੇਗਾ ਬੱਚਾ ਬਾਣੀ ਗੁਰੂ ਕੀ ਅਗਮ ਅਗਾਧ ਹੈ ਪ[illegible] ਇਹ ਪੰਜਾਂ

Scanned with CamScan

ਮਹਿਲਾਂ ਵਿਚ ਹੋਵੇਗੀ ਜਾਂ ਪੰਜਵਾਂ ਜਾਮਾਂ ਗੁਰੂ ਪਾਵੇਗਾ ਤਾਂ ਜ਼ਾਹਿਰ ਹੋਵੇਗੀ ਤਿਸ ਤੇ ਪਿਛੇ ਗੁਰੂ ਭਾਣੇ ਕਾ ਖਸਮ ਹੋਵੇਗਾ ਓਸ ਸਮੇਂ ਹੋ ਰਹੀ ਸਾਂਗ ਗੁਰੂ ਕਰੇਗਾ ਪਰ ਜਦੋਂ ਗੁਰੂ ਨਾਮਾਂ ਪਹਿਰੇਗਾ ਅਤੇ ਛੀਵੀਂ ਪਾਤ-ਸ਼ਾਹੀ ਬਾਬਰ ਕੀ ਹੋਵੇਗੀ ਸੁਣ ਬੱਚਾ ਅਜਿਤਿਆ ਤਿਸ ਸਮੇਂ ਇਕ ਵੱਡਾ ਚੋਜ ਵਰਤੇਗਾ।

ਸਲੋਕ ॥ ਮਲੇਛ ਜਾਮੇਂ ਬਹੁਤ ਹੋਇ ਕੇ ਕਰੇ ਹਿੰਦੂਆਂ ਪਰ ਜੋਰ ॥ ਇਕ ਵਰਨ ਸਭ ਸ੍ਰਿਸ਼ਟ ਹੋਇ ਵਰਤੇ ਹੋਵੇ ਧੁੰਧੂ ਕੋਰ ॥ ਹਿੰਦੂ ਧਰਮ ਕੇ ਕਾਰਨ ਕਰੇਗਾ ਭਾਰੀ ਮਾਂਗ। ਨਾਵਾਂ ਜਾਮਾਂ ਪਲਟ ਕੇ ਦਸਵਾਂ ਪਹਿਰੇਂ ਪਾਂਗ ॥ ਜੈਕਾਰ ਕਰੇ ਸਭ ਜਗਤ ਮੇਂ ਓਹੀ ਨਾਨਕ ਸ਼ਾਹਿ॥ ਸੰਤ ਜਨਾ ਕੇ ਕਾਰਨੇ ਦੁਸ਼ਟਾਂ ਮਾਰੇ ਧਾਇ ॥੩੯॥

ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ

Scanned with CamScanner

ਓਹ ਅਜੇਹਾ ਸਮਾਂ ਆਵੇਗਾ ਜੋ ਮਲੇਸ਼
ਹਿੰਦੂਆਂ ਪਰ ਬਹੁਤ ਜੋਰ ਕਰਨਗੇ ਤੇ ਮਲੇਛ
ਕਹੇਗਾ ਕਿ ਜਹਾਂ ਤਕ ਮੇਰੀ ਪਾਤਸ਼ਾਹੀ
ਹੈ ਤਹਾਂ ਤੀਕ ਹਿੰਦੂ ਇਕ ਵਰਣ ਹੋਇ ਜਾਨ
ਅਤੇ ਜੋ ਕੋਈ ਹਿੰਦੂਆਂ ਦੇ ਪੀਰ ਹੈਨ
ਅਤੇ ਠਾਕੁਰ ਦੁਆਰੇ ਤੇ ਤੀਰਥ ਹੈਂ ਸਭ ਬੰਦ
ਕਰ ਲੇਵੇਂਗੇ ਤਾਂ ਹਿੰਦੂਆਂ ਕੋ ਕੋਈ ਉਪਾਵ
ਹੱਥ ਨਾ ਆਵੇਗਾ ਜਹਾਂ ਤੀਕਰ ਹਿੰਦੂ ਹੈਨ
ਸਭ ਸੁੰਨ ਹੋਇ ਜਾਵੇਂਗੇ ਤਿਸ ਕਰਕੇ ਸੰਤ
ਜਨਾ ਕਉ ਬਹੁਤ ਕਸੀਸ ਪਹੁੰਚੇਗੀ ਭਾਈ
ਅਜਿਤਿਆ ਤਿਸ ਸਮੇਂ ਸੰਤਾਂ ਕੇ ਕਾਰਨ
ਅਤੇ ਗਊ ਬ੍ਰਾਹਮਣਾਂ ਦੇ ਪਿਛੇ ਗੁਰੂ ਆਪਣੇ
ਸੀਸ ਉਪਰ ਭਾਰ ਲੇਵੇਗਾ ਤਿਸ ਅਸਥਾਨ
ਆਪਣੀ ਦੇਹੀ ਅਰਪ ਦੇਵੇਗਾ ਅਤੇ ਜੰਞੂ
ਟਿੱਕੇ ਦੀ ਲਾਜ ਰਖ ਲਏਗਾ ਅਤੇ ਬੱਚਾ
ਅਜਿਤਿਆ ਸੰਸਾਰ ਅਜੇਹਾ ਭਲਾ ਹੋਵੇਗਾ
ਜੋ ਗੁਰੂ ਕੀ ਨਿੰਦਾ ਕਰਨਗੇ ਜੋ ਗੁਰੂ ਪਾਸ

Scanned with CamScan

ਕੁਛ ਕੁਛ ਹੋਂਦਾ ਤਾਂ ਆਪਣਾ ਆਪ ਜ਼ਾਹਰ ਕਰਦੇ ਤੇ ਜੋ ਪ੍ਰਤੀਤ ਵਾਲੇ ਸਿਖ ਸੰਤ ਹੋਣਗੇ ਸੇ ਕਹਿਣਗੇ ਧੰਨ ਸਾਡਾ ਸਤਿਗੁਰੂ ਹੈ ਪ੍ਰਮਾਰਥ ਵਾਸਤੇ ਸਤਿਗੁਰਾਂ ਆਪਣਾ ਆਪ ਤਜ ਦਿਤਾ ਹੈ ਬੱਚਾ ਅਜਿਤਿਆ ਜੇਕਰ ਉਸ ਸਮੇਂ ਗੁਰੂ ਆਪਣੀ ਦੇਹੀ ਨਾ ਛਡੇਗਾ ਤਾਂ ਜਿਥੋਂ ਤੀਕਰ ਹਿੰਦੂ ਹੋਵੇਗਾ ਸੋ ਸਭ ਇਕ ਵਰਨ ਹੋ ਜਾਵੇਂਗੇ ਪਰ ਬਚਾ ਸੰਤ ਜਨਾਂ ਦੇ ਕਾਰਨੇ ਗੁਰੂ ਸੰਸਾਰ ਕੀ ਰਖਸ਼ਾ ਕਰੇਗਾ ਅਤੇ ਬੱਚਾ ਫੇਰ ਦਸਵਾਂ ਜਾਮਾਂ ਅਜੇਹਾ ਪੈਹਰ ਬੈਠੇਗਾ ਜੋ ਜਿਥੇ ਸੰਤਾਂ ਦਾ ਦੋਖੀ ਹੋਵੇਗਾ ਉਸਨੂੰ ਥਾਂਇ ਮਾਰੇਗਾ ਫੇਰ ਨਵਾਂ ਧਰਮ ਚਲਾਵੇਗਾ।

ਸਲੋਕ ॥ ਬਾਬਾ ਪਹਿਲੇ ਮੈਹਲ ਸੀ ਦਸਵਾਂ ਪ੍ਰਗਟੀ ਆਇ ॥ ਜਿਸਨੋ ਬਖਸੇ ਨਾਨਕਾ ਤਿਸਨੂੰ ਦੇਇ ਬੁਝਾਇ ॥੪੦॥

ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ

ਇਹ ਜੋ ਪੈਹਲਾ ਸਰੂਪ ਹੈ ਸੋ ਦਸਵਾਂ ਇਸ ਥੀਂ ਨਿਰਾਲਾ ਹੋਵੇਗਾ ਵਿਚ ਵਿਚ ਜੋ ਜਾਮੇਂ ਪਹਿਰਸੀ ਸੋ ਸੰਜਮ ਵਿਚ ਰਹੇਗਾ ਆਪਣਾ ਆਪ ਸ਼ਬਦ ਵਿਚ ਜ਼ਾਹਰ ਕਰੇਗਾ ਪਰ ਦਸਮੇਂ ਜਾਮੇਂ ਜ਼ਾਹਰ ਕਰੇਗਾ ਅਤੇ ਆਪਣਾ ਪੰਥ ਹਿੰਦੂਆਂ ਤੇ ਮੁਸਲਮਾਨਾਂ ਤੇ ਨਿਆਰਾ ਪ੍ਰਗਟੇਗਾ ਤੇ ਇਕ ਵਾਕ ਐਸਾ ਕਰਸੀ ਤਿਸ ਵਾਕ ਸੋ ਸਿਖੀ ਕਾ ਮੂਲ ਬਝੇਗਾ ਪਰ ਸੁੰਨ ਹੀ ਰਹੇਗਾ ਅਤੇ ਦਰਸ਼ਨ ਅਵੇਹਾ ਹੋਵੇਗਾ ਜੈਸਾ ਕਰੜੀ ਕਮਾਨ ਦਾ ਤੀਰ ਹੋਂਦਾ ਹੈ ਅਰ ਜੋ ਮਸਤਕ ਲਗੇਗਾ ਸੋ ਉਸਦਾ ਉਧਾਰ ਹੋ ਜਾਵੇਗਾ ਤੇ ਜੋ ਕੋਈ ਉਸਦੇ ਬਚਨ ਪਰ ਮੁਹਕਮ ਰਹੇਗਾ ਸੋ ਤਰ ਜਾਵੇਗਾ ਪਰ ਅਵੇਹਾ ਬਚਨ ਕਰੜਾ ਕਰੇਗਾ ਜੋ ਮਨਮੁਖ ਕੋਈ ਖੜਾ ਨ ਹੋਇ ਸਕੇਗਾ ਹੇ ਭਾਈ ਅਜਿਤਿਆ ਓਸ ਸਮੇਂ ਅਜੇਹਾ ਹੋਵੇਗਾ ਕਿ ਕੋਈ ਆਪਣੇ ਗੁਰ ਪੀਰ ਕੋ ਨ ਜਾਨੇਗਾ ਨਾ

Scanned with CamScan

ਸੋਭਾ ਦੇਵੇਗਾ ਅਤੇ ਆਪ ਆਪਣੇ ਮਾਰਗ ਚਲੇਗਾ ਤੇ ਗੁਰੂ ਅਵੇਹਾ ਹੋਇ ਬੈਠੇਗਾ ਸੋ ਆਪਣੀ ਕਲਾ ਰਖੇਗਾ ਤਾਂ ਓਸ ਸਮੇਂ ਸਿਖ ਅਰਦਾਸ ਕਰਨਗੇ।

ਸਲੋਕ ॥ ਇੰਦ੍ਰਾਦਿਕ ਬ੍ਰਹਮਾਦਿਕਾਂ ਭਗਤਾਂ ਕੇ ਅਵਤਾਰ ॥ ਹਾਥ ਜੋੜ ਬਿਨਤੀ ਕਰਨ ਠਾਢ ਹੋਇ ਦਰਬਾਰ ॥ ਸੁੰਨ ਮੰਡਲ ਕੇ ਕਾਰਨੇ ਹਰਿ ਸੇ ਕਰਹੁ ਵੀਚਾਰ ॥ ਜਾਮਾਂ ਰਖੇ ਅੰਗ ਕਾ ਨਾਨਕ ਮੁਕਤ ਪਏ ਸੰਸਾਰ ॥ ੪੧ ॥

ਤਿਸਕਾ ਪ੍ਰਮਾਰਥ-ਬੱਚਾ ਸਿੱਖ ਅਰਦਾਸ ਕਰਨਗੇ ਇੰਦ੍ਰਾਦਿਕ ਬ੍ਰਹਮਾਦਿਕ ਭਗਤ ਜਨਾਂ ਕੇ ਅਵਤਾਰ ਉਹ ਹਥ ਜੋੜ ਕਰ ਅਰਦਾਸ ਕਰਨਗੇ ਚੰਦ ਸੂਰਜ ਆਕਾਸ਼ ਪੌਣ ਪਾਣੀ ਇਹ ਸਤਿਗੁਰੂ ਪਾਸ ਗੁਪਤ ਅਰਦਾਸ ਕਰਨਗੇ ਜੋ ਹੇ ਪਾਰਬ੍ਰਹਮ ਜੀ ਇਹ ਮੰਡਲ ਬਿਨਾਂ ਤੇਰੀ ਜੋਤ ਸੁੰਨ ਹੋਇ ਜਾਵੇਗੀ ਤੇ

Scanned with CamScanner

ਗੁਰੂ ਕੇ ਸ਼ਬਦ ਬਿਨਾਂ ਮੰਡਲ ਖਾਲੀ ਰਹੇਗਾ ਸੰਸਾਰ ਭ੍ਰਿਸ਼ਟ ਜਾਵੇਗਾ ਭਾਈ ਜਿਤਨਾ ਚਿਰ ਗੁਰੂ ਵਰਤੇਗਾ ਤਿਚਰ ਸੰਸਾਰ ਮੇਂ ਭਉ ਹੋਵੇਗਾ ਭਾਈ ਸ੍ਰੀ ਸਤਿਗੁਰੂ ਜੀ ਕੇ ਜਾਮੇਂ ਤਾਂ ਬਗੈਰ ਭਾਉ ਭਗਤੀ ਨਹੀਂ ਹੋਵੇਗੀ ਅਤੇ ਬਿਨਾਂ ਭਾਉ ਭਗਤੀ ਹਮ ਕਿਉਂ ਕਰ ਰਹੇਂਗੇ ਅਤੇ ਸੰਸਾਰ ਮੇਂ ਕਿਉਂ ਕਰ ਕੋਈ ਮੋਖ ਪਾਵੇਗਾ ਅਤੇ ਕਿਉਂ ਕਰ ਕੋਈ ਪਾਰਗਰਾਮੀ ਹੋਵੇਗਾ ਬਿਨਾਂ ਤੇਰੇ ਹੇ ਸਚੇ ਪਾਤਸ਼ਾਹ ਜਦ ਤੇਰੇ ਸ਼ਬਦ ਨਾਲੋਂ ਬੋਧ ਰੂਪ ਕੀਤਾ ਫਿਰ ਖਲੋਣਗੇ ਕੋਈ ਕਿਸੇ ਕੋ ਬਦੇਗਾ ਨਾਹੀਂ ਸਭ ਆਪਣੇ ਮਤ ਚਲਣਗੇ ਕੋਈ ਐਸਾ ਜਵਾਬ ਕੋ ਕਲੀਕਾਲ ਮੇਂ ਮੋਖ ਪ੍ਰਾਪਤ ਹੋਵੇਗੀ ਤਾਂ ਫਿਰ ਗੁਰੂ ਜੀ ਕਿਹਾ ਬੱਚਾ ਅਜਿਤਿਆ ਜਬ ਸਿਹ ਅਰਦਾਸ ਸਿਖ ਕਰਨਗੇ ਤਾਂ ਉਹਨਾਂ ਵਾਸਤੇ ਇਕ ਰੰਚਕ ਦੀਵਾਨ ਲਗੇਗਾ ਇਕੰਤ ਮਹਲ ਗੁਰੂ ਹੋਇ ਬੈਠਾ ਜੇ ਕੋਈ ਵਕਤ ਦਰਸ਼ਨ ਕਰੇਗਾ

Scanned with CamScanner

ਸਿੱਖੀ ਕਾ ਬੀਜ ਰੱਖ ਜਾਵਣਗੇ ਅਤੇ ਜੇਕਰ ਗੁਰੂ ਏਹਨਾਂ ਭਗਤਾਂ ਸਿਖਾਂ ਦੀ ਅਰਦਾਸ ਨਾ ਸੁਣਦਾ ਤਾਂ ਜਿਥੋਂ ਤੀਕਰ ਨਉ ਖੰਡ ਪ੍ਰਿਥਵੀ ਹੈਸੀ ਸੋ ਸਭ ਭ੍ਰਿਸ਼ਟ ਹੋਇ ਜਾਤੀ ਇਹ ਪਉਣ ਪਾਣੀ ਧਰਤੀ ਅਕਾਸ਼ ਚੰਦ ਸੂਰਜ ਤਿਚਰਾਂ ਤਾਈਂ ਕਾਇਮ ਹੈਨ ਜਿਤਨਾ ਚਿਰ ਗੁਰੂ ਹੈ ਨਹੀਂ ਤਾਂ ਇਹ ਭੀ ਠਹਿਰਸਨ ਨਹੀਂ ਪਰ ਬੱਚਾ ਤੁਰਕ ਇਹਨਾਂ ਸਤਿਗੁਰਾਂ ਕਾ ਬਹੁਤ ਪਿੱਛਾ ਕਰਸਨ ਪਰ ਗੁਰੂ ਉਨ ਮਿਲਣਗੇ ਨਾਹੀਂ ਤਾਂ ਅਜਿਤੇ ਅਰਦਾਸ ਕੀਤੀ ਸਚੇ ਪਾਤਸ਼ਾਹ ਜੀ ਇਕ ਵਿਸ਼ਵਾਸ ਮੇਰੇ ਮਨ ਵਿਚ ਹੈ ਕਿਉਂਕਿ ਆਪ ਦਾ ਬੋਲਣਾ ਹੋਇਆ ਸੀ ਜੋ ਬਾਹਰ ਮੇਰਾ ਭਗਤ ਹੈ ਭਗਤੀ ਕਰ ਕੇ ਪਾਤਸ਼ਾਹੀ ਲਈ ਹੈ ਸੋ ਸਚੇ ਪਾਤਸ਼ਾਹ ਜੀ ਇਹ ਆਪ ਕਾ ਹੀ ਸਿਖ ਹੋਇ ਕਰ ਅਤੇ ਆਪ ਕਾ ਪਿੱਛਾ ਕਰੇਗਾ ਹੇ ਗਰੀਬ ਨਿਵਾਜ ਜੀ ਮੇਰੀ ਇਹ ਵੀ ਨਿਸ਼ਾ

Scanned with CamScan

ਕਰੋ ਜੀ ਕਿਉਂਕਰ ਬਾਦਸ਼ਾਹੀ ਬਾਬਰ ਕੋ ਬਖਸ਼ੀ ਸੀ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਸਲੋਕ ਉਚਾਰਿਆ।

ਸਲੋਕ ॥ ਬਾਬਰ ਧਾਣਾ ਕਾਬਲੋਂ ਆਇਆ ਹਿੰਦੁਸਤਾਨ ॥ ਪਹਿਲੋਂ ਮਾਰਿਆ ਸੈਦਪੁਰ ਬਹੁਤ ਹੋਈ ਕਤਲਾਮ ॥ ਰਹਿੰਦੇ ਬੰਦੀ ਕੀਤਿਓਸੁ ਸਉਂਪੇ ਫੇਰ ਸ਼ੈਤਾਨ ॥ ਅਗੋਂ ਦੇ ਜੇ ਚੇਤੀਐ ਤਾਂ ਕਿਉਂ ਹੋਈਐ ਪਰੇਸ਼ਾਨ ॥ ਗੁਰੂ ਦੇਖ ਨ ਸਕਿਆ ਬੰਦ ਕੋ ਬਹੁਟੀ ਮਿਲੇ ਸਜਾਇ ॥ ਬਾਬਰ ਕੋ ਫੁਰਮਾ-ਇਆ ਸਭ ਬੰਦੀ ਦੇਇ ਛਡਾਇ ॥ ਬਾਬਰ ਚਰਨੀ ਢਹਿ ਪਿਆ ਮੁਝ ਕੋ ਕਰੋ ਦੁਆਇ ॥ ਪਾਤਸ਼ਾਹੀ ਚਿਰ ਤਾਈਂ ਕਰਹੁ ਫੇਰ ਨ ਕਾਹੇ ਜਾਇ ॥ ਬਾਬਰ ਕੀ ਬੇਨਤੀ ਸੁਨੀ ਸਤਿਗੁਰ ਭਏ ਦਇਆਲ ॥ ਪਾਤਸ਼ਾਹੀ ਚਿਰ ਤੀਕਰ ਦਿਤੀਆਂ ਨਾਨਕ ਨਦਰਿ ਨਿਹਾਲ ॥੪੨॥

ਤਿਸਕਾ ਪ੍ਰਮਾਰਥ ॥ ਭਾਈ ਅਜਿਤਿਆ

Scanned with CamScan

ਜਾਂ ਪਹਿਲੋਂ ਬਾਬਰ ਕਾਬਲੋਂ ਆਇਆ ਹੈਸੀ ਤਾਂ ਪਹਿਲਾਂ ਹਿੰਦੁਸਤਾਨ ਮਾਰਿਆ ਤਿਸ ਸਮੇਂ ਗੁਰੂ ਸੈਦਪੁਰ ਵਿਚ ਆਹਾ ਅਤੇ ਸੈਦ-ਪੁਰ ਦੇ ਲੋਕ ਬਹੁਤ ਨਿਰਦਈ ਆਹੇ ਪੀਰ ਫਕੀਰ ਕਉ ਜਾਣਦੇ ਭੀ ਨਹੀਂ ਗੁਰੂ ਕੇ ਹੁਕਮ ਨਾਲ ਕਤਲ ਤੇ ਕੁਛ ਬੰਦੀ ਕੀਤਿਓਸੁ ਤਾਂ ਭਾਈ ਅਜਿਤਿਆ ਉਨ੍ਹਾਂ ਬੰਦੀਵਾਨਾਂ ਕਉ ਦੇਖ ਕਰ ਗੁਰੂ ਤਰਸ ਆਇਆ ਤਾਂ ਸ੍ਰੀ ਗੁਰੂ ਜੀ ਨੇ ਸ਼ਬਦਾਂ ਵਿਚ ਬਾਬਰ ਕਉ ਬੁਲਾਯਾ ਤਾਂ ਬਾਬਰ ਸ਼ਬਦ ਸੁਣ ਕਰ ਸ੍ਰੀ ਗੁਰੂ ਬਾਬੇ ਜੀ ਦੇ ਪਾਸ ਆਇਆ ਤਾਂ ਸ੍ਰੀ ਗੁਰੂ ਜੀ ਨੇ ਬਾਬਰ ਦੇ ਮਨ ਵਿਚ ਭਉ ਪਾਇਆ ਤਾਂ ਓਸ ਕਿਹਾ ਹੇ ਗਰੀਬ ਨਿਵਾਜ ਜੀ ਮੇਰੇ ਉਪਰ ਮੇਹਰਬਾਨੀ ਕਰੋ ਤਾਂ ਬਚਨ ਹੋਇਆ ਕਿ ਤੇਰੇ ਉਪਰ ਬਹੁਤ ਖੁਸ਼ੀ ਹੈ ਪਰ ਇਹ ਬੰਦੀਆਂ ਪਠਾਣਾਂ ਦੀਆਂ ਛਡ ਦੇਹ ਤਾਂ ਬਾਬਰ ਕਿਹਾ ਬੰਦੀਵਾਨ ਮੈਂ ਤਾਂ ਛਡਦਾ ਹਾਂ

Scanned with CamScan

ਜੇ ਮੇਰਾ ਰਾਜ ਥਿਰ ਤੀਕਰ ਰਹੇ ਛਾਂ ਭਾਈ ਅਜਿਤਿਆ ਭਗਤ ਚਿਰ ਤੀਕਰ ਰਾਜ ਕਰਦਾ ਹੈ ਪਰ ਭਾਈ ਅਜਿਤਿਆ ਪਿਛੋਂ ਮਹਿਲਾਂ ਨਾਲ ਬਾਬਰ ਦੀ ਉਲਾਦ ਅੜਦੀ ਰਹਿਸੀ ਜਿੰਨਾਂ ਚਿਰ ਇਨ੍ਹਾਂ ਦਾ ਅਮਲ ਰਹੇਗਾ ਅਤੇ ਭਾਈ ਤਿਸਥੋਂ ਪਿਛੇ ਗੁਰੂ ਜਿਸ ਨੂੰ ਚਾਹੇ ਤਿਸਨੋਂ ਬਖਸ਼ੇਗਾ ਜਾਂ ਗੁਰੂ ਚੰਦ੍ਰਾਵਲ ਖੇੜੇ ਨਿਵਾਸ ਕਰੇਗਾ ਤਾਂ ਬਾਬਰ ਦੀ ਉਲਾਦ ਸਿਖ ਹੋਵੇਗੀ ਅਤੇ ਵਿਚ ਵਿਚ ਅੜਦੇ ਹੀ ਰਹਿਣਗੇ ਤਦ ਗੁਰੂ ਜੀ ਉਨ੍ਹਾਂ ਉਪਰ ਦਯਾਲ ਹੋਵੇਗਾ ਅਤੇ ਜੇਹੜੇ ਜੇਹੜੇ ਗੁਰੂ ਪਾਸੋਂ ਮੂੰਹ ਫੇਰਨਗੇ ਉਨ੍ਹਾਂ ਨੂੰ ਬਾਬਰ ਕੇ ਸਿਧੇ ਕਰਨਗੇ ਅਤੇ ਜੋ ਗੁਰੂ ਕੇ ਬਚਨਾਂ ਉਪਰ ਚਲਨਗੇ ਉਨ੍ਹਾਂ ਦੇ ਨੇੜੇ ਜਮ ਭੀ ਨਾ ਆਇ ਸਕੇਗਾ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਦ ਨਾਵਾਂ ਗੁਰੂ ਹੋਵੇਗਾ ਤਿਸਨੋ ਅਗੇ ਹੀ ਹੋਵੇਗਾ ਕਿ ਪਿਛੋਂ ਹੋਵੇਗਾ

Scanned with CamScan

ਤਾਂ ਬਚਨ ਹੋਯਾ ।

ਸਲੋਕ ॥ ਦਸਮਾਂ ਜਾਮਾਂ ਪਹਿਰ ਕਰ ਵਰਤੇ ਧੁੰਧੂਕਾਰ ॥ ਭਾਰੀ ਸਾਂਗ ਵਰਤਿਆ ਫਿਰ ਜਾਸੀ ਸੰਸਾਰ ॥ ਮੰਨੇ ਹੁਕਮ ਸੋ ਬਖਸ਼ੀਐ ਨਾਤਰ ਹੋਇ ਖੁਆਰ ॥ ਨਾਨਕ ਸਚਾ ਪਾਤਸ਼ਾਹ ਕਿਨੈ ਨ ਪਾਇਓ ਪਾਰ॥੪੩॥

ਤਿਸ ਕਾ ਪ੍ਰਮਾਰਥ--ਭਾਈ ਅਜਿਤਿਆ ਗੁਰੂ ਜਦ ਦਸਵਾਂ ਜਾਮਾਂ ਹੋਵੇਗਾ ਤਾਂ ਜਗਤ ਵਿਚ ਰੌਲਾ ਬਹੁਤ ਹੋਇ ਜਾਵੇਗਾ ਤਾਂ ਭਾਈ ਅਜਿਤਿਆ ਗੁਰੂ ਅਜੇਹਾ ਵਿਹਾਰ ਬੰਨ੍ਹੇਗਾ ਜੋ ਸੁਣ ਸੁਣ ਖੋਟੇ ਆਦਮੀ ਬਹੁਤ ਡਲਸਨ ਅਤੇ ਆਪਣੇ ਸਿਖ ਸੰਸਾਰ ਵਿਚੋਂ ਚੁਣ ਕਢਸੀ ਜਿਉਂ ਰੇਤ ਵਿਚੋਂ ਸੋਨੇ ਦੇ ਕਿਣਕੇ ਕਢ ਲਈਦੇ ਹਨ ਜਿਉਂ ਦੁਧ ਵਿਚੋਂ ਘਿਉ ਨਿਕਾਲ ਲਈਦਾ ਹੈ ਤਿਉਂ ਸਿਖ ਸੰਤ ਸੰਸਾਰ ਵਿਚੋਂ ਨਿਆਰੇ ਕਰ ਲੈਸੀ ਅਤੇ ਬਚਨ ਅਜੇਹਾ ਕਰੜਾ ਰਖਸੀ ਜਿਸਨੂੰ ਸੁਣਕਰ

Scanned with CamScan

ਪਾਂਬਰ ਲੋਕਾਂ ਸੇ ਛੂਟ ਜਾਵਨ ਅਤੇ ਜੋ ਉਸ ਬਚਨ ਤਕੜਾ ਰਹਿਸੀ ਤਿਸਕੋ ਆਪਣਾ ਸ਼ਬਦ ਦੇਵਸੀ ਅਤੇ ਜੋ ਨਵਾਂ ਮਹਲਾਂ ਥੀਂ ਸਿਖ ਪਿਛੇ ਰਹਿਸੀ ਤਿਸਕੋ ਭੁਲਾਵਸੀ ਅਤੇ ਕੋਈ ਵਿਰਲਾ ਹੀ ਰਹੇਗਾ ਜਿਸ ਕੇ ਭੀਤਰ ਗੁਰੂ ਕਾ ਸ਼ਬਦ ਵਸੇਗਾ ਬੀਜ ਮੰਤ੍ਰ ਕੇ ਵਾਸਤੇ ਜਿਨ੍ਹਾਂ ਹੁਕਮ ਮੰਨਿਆ ਹੋਵੇਗਾ ਸੋ ਅਰਦਾਸ ਕਰਸਨ ਜੀ ਪਾਤਸ਼ਾਹ ਤੇਰੇ ਸਿਖ ਹਨ ਤੇਰਾ ਨਾਮ ਜਪਦੇ ਹਨ ਆਪਣੇ ਨਾਮ ਦੀ ਟੇਕ ਰਖਣੀ ਜਾਂ ਏਹ ਅਰਦਾਸ ਸਿੱਖ ਕਰਨਗੇ ਤਾਂ ਉਹਨਾਂ ਸਿਖਾਂ ਪਰ ਬਹੁਤ ਖੁਸ਼ੀ ਹੋਵੇਗੀ ਅਤੇ ਆਖੇਗਾ ਬੱਚਾ ਜੋ ਮੇਰੇ ਬਚਨਾਂ ਉਪਰ ਪੈਹਰਾ ਦੇਵੇਗਾ ਸੋ ਨਿਹਾਲ ਹੋਵੇਗਾ ਜੋ ਮੇਰਾ ਬਚਨ ਮੰਨੇਗਾ ਸੋ ਟੂਟਾ ਹੂਆ ਫੇਰ ਗੁਰੂ ਭਾਵੇਂ ਤਾਂ ਮਿਲੇਗਾ ਅਤੇ ਜੋ ਮੇਰਾ ਸਿਖ ਸੋ ਮੇਰਾ ਹੁਕਮ ਮੰਨੇਗਾ ਅਤੇ ਪੂਰਨ ਮੇਲੇ ਜਾਵੇਂਗੇ ਅਤੇ ਜੋ ਸਤਿਗੁਰੂ

Scanned with CamScanner

ਕਾ ਜਾਮਾਂ ਹੈ ਸੋ ਸੰਸਾਰ ਮੇ ਜਹਾਜ਼ ਹੈ ਸੋ ਭਉਜਲ ਹੈ ਜਿਉਂ ਸਮੁੰਦਰ ਕਾ ਪਾਣੀ ਖਾਰਾ ਹੈ ਤਿਉਂ ਸੰਸਾਰ ਪਾਪਾਂ ਕਾ ਕਾਰਣ ਹੈ ਅਤੇ ਜੋ ਗੁਰੂ ਕੇ ਜਹਾਜ਼ ਪਰ ਚੜ੍ਹੇਗਾ ਸੋ ਭਉਜਲ ਸੇ ਪਾਰ ਲੰਘੇਗਾ ਅਤੇ ਜੋ ਬੇਮੁਖ ਹੋਵੇਗਾ ਜੋ ਜਹਾਜ਼ ਪਰ ਚੜ੍ਹਨਾ ਨਾ ਪਾਵੇਗਾ ਸੋ ਭਉਜਲ ਮੇਂ ਗੋਤੇ ਖਾਵਸੀ ਅਤੇ ਜੋਨੀ ਮੇਂ ਭਰਮੇਗਾ ਤੇ ਦਸਵਾਂ ਜਾਮਾਂ ਜੋ ਹੈ ਜੋ ਜਹਾਜ਼ ਪਰ ਕੋਈ ਨਾ ਚੜ੍ਹੇਗਾ ਨਾ ਚੜ੍ਹਨਾ ਪਾਵੇਗਾ ਅਤੇ ਜੋ ਦੀਵਾਨ ਹੈ ਸੋ ਪੁਰਜਾ ਹੋਇ ਲਗੇਗਾ ਪੁਰਜਾ ਕੀ ਹੈ ਜੋ ਇਕ ਮਣ ਚੀਜ਼ ਹੁੰਦੀ ਹੈ ਅਤੇ ਸੇਰ ਦ੍ਰਿਸ਼ਟੀ ਆਂਵਦੀ ਹੈ ਤਿਸ ਦਾ ਨਿਆਈ ਜਾਹਰ ਜਾਨੀਏਗਾ ਨਹੀਂ ਅਤੇ ਪੁਰਜੇ ਕੀ ਨਿਆਈਂ ਕੋਈ ਵਿਰਲਾ ਹੀ ਸਿਖ ਰਹੇਗਾ ਹੋਰ ਸਭ ਭੁਲ ਜਾਵੇਗਾ ਉਸ ਵਕਤ ਧੁੰਧੂਕਾਰ ਵਰਤ ਜਾਵੇਗਾ ਤੇ ਸੰਸਾਰ ਭੁਲ ਕਰ ਕੁਰਾਹੇ ਪੈ ਜਾਵੇਗਾ ਉਸ ਕਉ ਗੁਰੂ

ਨਜ਼ਰੀਂ ਨਹੀਂ ਆਵੇਗਾ ਜਿਉਂ ਧੁੰਧ ਮੇਂ ਸੂਰਜ ਛਪ ਜਾਤਾ ਹੈ ਓਸ ਵਕਤ ਤੁਰਕ ਕਾ ਤੇਜ ਬਹੁਤ ਹੋਵੇਗਾ ਅਤੇ ਹਿੰਦੂਆਂ ਦਾ ਤੇਜ ਘਟ ਜਾਵੇਗਾ ਫਿਰ ਗੁਰੂ ਹਿੰਦੂ ਅਤੇ ਮੁਸਲਮਾਨਾਂ ਵਿਚੋਂ ਨਿਆਰਾ ਹੋਵੇਗਾ ਜੋ ਦਰਸ਼ਨ ਕਰੇਗਾ ਸੋ ਨਿਹਾਲ ਹੋਵੇਗਾ ਇਕ ਅਜੇਹੇ ਲੋਕ ਹੋਵਣਗੇ ਜੋ ਗੁਰੂ ਪਾਸੋਂ ਕਰਾਮਾਤ ਮੰਗਣਗੇ ਅਤੇ ਕਹਿਣਗੇ ਆਪ ਸਾਨੂੰ ਕੁਛ ਵੇਖਾਲੋ ਤਾਂ ਅਸੀਂ ਪ੍ਰਤੀਤ ਕਰਾਂਗੇ ਹੇ ਭਾਈ ਅਜਿਤਿਆ ਕਰਾਮਾਤ ਨਾਮ ਕਹਿਰ ਦਾ ਹੈ ਅਤੇ ਦੁਨੀਆਂ ਫਕੀਰਾਂ ਪਾਸੋਂ ਕਹਿਰ ਮੰਗਦੀ ਹੈ ਇਸੇ ਕਰ ਕੇ ਸੰਸਾਰ ਮੇਂ ਪਰਲੋ ਆਵੇਗੀ ਓਸ ਪਰਲੋ ਵਿਚ ਕਈ ਬਹਿ ਜਾਵੇਂਗੇ ਅਤੇ ਭਾਈ ਅਜਿਤਿਆ ਗੁਰੂ ਦੇ ਘਰ ਵਿਚ ਮਿਹਰ ਹੈ ਅਤੇ ਜਿਧਰ ਗੁਰੂ ਨਜ਼ਰ ਕਰਦਾ ਹੈ ਤਿਧਰ ਹੀ ਅੰਮ੍ਰਿਤ ਵਸਦਾ ਹੈ ਸਭ ਪੈਦਾਇਸ਼ ਗੁਰੂ ਕੀ ਹੈ ਗੁਰੂ ਆਪਣੇ ਉਪਰ ਭਾਰ ਲੈਂਦਾ ਹੈ ਅਤੇ ਸ੍ਰਿਸ਼ਟ ਭਕਾ ਲਾ

Scanned with CamScanner

ਕਰਦਾ ਹੈ ਅਤੇ ਇਕ ਤਪ ਜੁਹਦ ਕਰ ਕੇ ਇਕ ਰਤੀ ਦਰਗਾਹੋਂ ਲੈਂਦੇ ਹੈਨ ਜੋ ਉਸ ਰਤੀ ਕੋ ਵਰਤਾਉਣ ਤਾਂ ਉਨ ਪਿਛੇ ਕਈ ਲੰਘ ਜਾਵੇਂ ਪਰ ਉਨ ਕਉ ਉਸ ਰਤੀ ਦਾ ਪਾਰ ਨਹੀਂ ਆਉਂਦਾ ਤੇ ਉਹ ਦੁਨੀਆਂ ਕੇ ਲੋਕ ਆਪਣਾ ਆਪ ਜ਼ਾਹਰ ਕਰਦੇ ਹੈਨ ਜਿਸ ਕਰ ਕੇ ਉਹਨਾਂ ਦੀ ਅਗਲੀ ਪਿਛਲੀ ਕਮਾਈ ਸਭ ਜਾਂਦੀ ਹੈ ਉਹ ਆਪਣੀ ਘਾਲ ਕਮਾਈ ਇਸ ਥੀਂ ਖਾਇ ਜਾਂਦੇ ਹਨ ਦੂਗਾਹ ਸੇ ਬੇਮੁਖ ਹੋ ਜਾਂਦਾ ਹੈ ਤੇ ਦਸਵੇਂ ਗੁਰੂ ਕਾ ਇਹ ਚਾਲਾ ਹੋਵੇਗਾ ਸਉ ਮਣ ਵਸਤ ਹੋਵੇਗੀ ਤਾਂ ਇਸ ਸੰਸਾਰ ਵਿਚ ਪਾਇ ਕਰ ਜ਼ਾਹਿਰ ਹੋਵੇਗੀ ਸੋ ਭੀ ਇਹੋ ਜਹੀ ਭੀੜ ਪਉਸੀ ਤਾਂ ਗੁਰੂ ਘਰ ਵਿਚ ਦੋਵੇਂ ਗਲਾਂ ਹੈਨ ਇਕ ਮਿਹਰ ਇਕ ਕਹਿਰ ਹੈ ਮਿਹਰ ਤੇ ਸ਼ਖਦ ਹੈ ਅਤੇ ਕਹਿਰ ਗਜ਼ਬ ਹੈ ਜੇਹੀ ਕੋਈ ਭਾਵਨਾ ਕਰੇਗਾ ਤੇਹਾ ਫਲ ਪ੍ਰਾਪਤ ਹੋਵੇਗਾ

Scanned with CamScan

ਅਤੇ ਬੱਚਾ ਅਜ਼ਿਹਾ ਸਮਾਂ ਆਵੇਗਾ ਕਿ ਸ਼ਬਦ ਕੇ ਖੋਜਨੇ ਵਾਲਾ ਕੋਟਾਂ ਬਧੀ ਕੋਈ ੨ ਹੋਵੇਗਾ ਨਹੀਂ ਤਾਂ ਪਸ਼ੂ ਕੀ ਨਿਆਈਂ ਹੋਇ ਜਾਵੇਂਗੇ ਭਾਈ ਜਿਨ ਕਉ ਗੁਰੂ ਕਾ ਨਾਮ ਯਾਦ ਰਹੇਗਾ ਤਿਨ ਕੋ ਹਰ ਵਕਤ ਮੁਕਤ ਕਰੇਗਾ ਅਤੇ ਜੋ ਕੋਈ ਓਸ ਧੁੰਧੂਕਾਰ ਵਿਚੋਂ ਦ੍ਰਿੜ ਰਹੇਗਾ ਸੋਈ ਬਚੇਗਾ ਠਾਕਰ ਜਿਥੋਂ ਕਢੇ ਹੈਂ ਤਿਥਾਈਂ ਪਾਏ ਜਾਣਗੇ ਤਾਂ ਫਿਰ ਅਜਿਤੇ ਰੰਧਾਵੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਜੀ ਆਪ ਨੇ ਬਚਨ ਕੀਤਾ ਕਿ ਦਸਵੇਂ ਗੁਰੂ ਜੀ ਕੇ ਵਕਤ ਓਹ ਜੋ ਛਿਨਵੇਂ ਕ੍ਰੋੜੀ ਨਰਕ ਸੇ ਨਿਕਾਲੇ ਹੈਨ ਫੇਰ ਉਥਾਈਂ ਹੀ ਪਾਏ ਜਾਏਂਗੇ ਅਤੇ ਹੇ ਦੀਨ ਦਇਆਲ ਜੀ ਆਪ ਕਾ ਹੀ ਬਚਨ ਹੈ ਕਿ ਮੇਰਾ ਮੰਤ੍ਰ ਪੜ੍ਹਨਗੇ ਸੋ ਆਵਾਗਉਣ ਕੋ ਮੁਕਤ ਪ੍ਰਾਪਤ ਹੋਵਣਗੇ ਹੇ ਮਹਾਰਾਜ ਜੀ ਇਹ ਗੱਲ ਕੀਕੁਰ ਹੈ ਜੀ ਮਿਹਰਬਾਨੀ ਕਰ ਕੇ ਮੇਰਾ ਸੰਸਾ

Scanned with CamScanner

ਨਵਿਰਤ ਕਰਹੁ ਜੀ ਤਾਂ ਬਚਨ ਹੋਇਆ--

ਸਲੋਕ॥ ਸਾਧੂ ਬਚਨ ਨ ਮਿਟਈ ਜੇ ਸਉ ਜਤਨ ਕਮਾਇ ॥ ਸੂਲੀ ਕਾ ਕੰਡਾ ਕਰੇ ਸਤਿਗੁਰ ਲਏ ਛੁਡਾਇ ॥ ਸਉ ਪਾਪੀ ਕਾ ਫੇੜਿਆ ਇਕ ਨਿੰਦਕ ਦੇ ਸਿਰ ਭਾਰ ॥ ਨਾਨਕ ਲੇਖ ਨਾ ਮਿਟਈ ਜੋ ਲਿਖਿਆ ਕਰਤਾਰ ॥੪੪॥

ਤਿਸਕਾ ਪ੍ਰਮਾਰਥ--ਭਾਈ ਅਜਿਤਿਆ ਜੋ ਗੁਰੂ ਬਚਨ ਕੀਤਾ ਹੈ ਸਭ ਸਚ ਹੈ ਕਿਉਂ ਜੋ ਜਿਥੇ ਕੋਈ ਦਿਨ ਕਾ ਭੁਲਾ ਹੋਇਆ ਜੇਕਰ ਰਾਤ ਘਰ ਆਇ ਵਸੇ ਤਾਂ ਤਿਸਨੋ ਕੋਈ ਦੋਸ਼ ਨਹੀਂ ਲਗਾਇਆ ਜਾਤਾ ਤਿਸਨੋ ਵੜਨੇ ਦੇਵੇ ਅਤੇ ਜੇ ਕੋਈ ਮੇਰਾ ਸਿਖ ਹੋਵੇਗਾ ਸੋ ਤੁਟੇ ਮੇਲ ਲਏਗਾ ਅਤੇ ਨਾ ਮੇਲੇ ਤਾਂ ਸੰਸਾਰ ਮੇਂ ਨਿੰਦਿਆ ਹੋਵੇਗੀ ਅਤੇ ਜੋ ਕੋਈ ਗੁਰਾਂ ਦੇ ਬਚਨ ਉਪਰ ਚਲਣਗੇ ਤਿਨਾਂ ਦੇ ਨਿਗੁਰੇ ਬੁਰੀ ਕਰਨਗੇ ਅਤੇ ਜੋ ਕੋਈ ਨਿੰਦਕ

Scanned with CamScan

ਗੁਰੂ ਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕਗਾਮੀ ਹੋਵਸੀ ਜੋ ਪਾਪ ਇਕ ਸਿਖ ਨੇ ਕੀਤਾ ਹੋਵੇਗਾ ਅਤੇ ਦੂਸਰਾ ਸਿਖ ਉਸ ਕੀ ਨਿੰਦਾ ਕਰੇ ਤਾਂ ਉਸ ਦੀ ਸਭ ਬਲਾਇ ਉਸਦੇ ਸਿਰ ਪਵੇਗੀ ਤੇ ਉਸ ਗੁਰਸਿਖ ਕਉ ਕੁੰਭੀ ਨਰਕ ਪਾਵਸਨ ਅਤੇ ਜੋ ਗੁਰੂ ਕੇ ਬਚਨਾਂ ਉਪਰ ਚਲੇਗਾ ਉਸਨੂੰ ਸੂਲੀ ਦਾ ਕੰਡਾ ਹੋ ਜਾਵੇਗਾ ਅਤੇ ਜੇ ਕੋਈ ਸਿਖ ਹੋ ਕੇ ਬੇ ਸਿਦਕ ਹੋਵੇਗਾ ਤਾਂ ਉਹ ਭੀ ਨਰਕਗਾਮੀ ਹੋਵੇਗਾ ਅਤੇ ਜੋ ਕੋਈ ਸਿਖ ਭੁਲਾ ਹੋਇਆ ਫੇਰ ਸਰਨੀ ਪਵੇ ਤਾਂ ਗੁਰੂ ਉਸਨੂੰ ਬਖਸ਼ੇਗਾ ਪਰ ਨਿੰਦਿਆ ਸਿਖ ਦੀ ਸਿਖ ਨੂੰ ਕਰਨੀ ਬਹੁਤ ਬੁਰੀ ਹੈ ਇਹ ਸਾਧ ਬਚਨ ਫਿਰਤੇ ਨਹੀਂ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਇਨ੍ਹਾਂ ਜੀਆਂ ਦੇ ਕੀ ਵਸ ਹੈ ਜਿਉਂ ਤੇਰਾਭਾਣਾ ਤਿਵੇਂ ਤਿਵੇਂ ਹੀ ਹੋਵੇਗਾ ਤਾਂ ਫੇਰ ਅਜਿਤੇ ਰੰਧਾਵੇ ਅਰਦਾਸ

Scanned with CamScan

ਕੀਤੀ ਹੇਸਚੇ ਪਾਤਸ਼ਾਹ ਜੀ ! ਫਿਰ ਸਿਦਕੀ ਪੈਰੀਂ ਪਉਣਗੇ ਤੇ ਕਿਉਂ ਕਰ ਵਰਤੇਗਾ ਤਾਂ ਬਚਨ ਹੋਇਆ ਭਾਈ ਅਜਿਤਿਆ ਜਿਵੇਂ ਸ਼ਬਦ ਮਿਹਰਵਾਨ ਹੁੰਦਾ ਹੈ ਤਿਵੇਂ ਹੀ ਬਖਸ਼ੇਗਾ ਕਿਆ ਘਰ ਕਿਆ ਬਾਹਰ ਇਹ ਆਦ ਜੁਗਾਦੀ ਗੁਰੂ ਕੇ ਹੁਕਮ ਵਿਚ ਤੇ ਬੱਚਾ ਅਜਿਤਿਆ ਤੈਂ ਪੁਛਿਆ ਹੈ ਕਿਉਂ ਕਰ ਵਰਤਾਰਾ ਵਰਤੇਗਾ ਜੋ ਭਾਈ ਜਬ ਦਸਵਾਂ ਜਾਮਾਂ ਹੋਵੇਗਾ ਤਿਸਦੇ ਪਿਛੇ ਆਪੋ ਆਪਣੀ ਹੋਇ ਕਰ ਵਰਤੇਗੀ ਤੇ ਕੋਈ ਕਿਸੇ ਕਉ ਦਬੇਗਾ ਨਾਹੀਂ ਤੇ ਸਿਖੀ ਅਜੇਹੀ ਚਲੇਗੀ ਜੋ ਮਨ ਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਣਗੇ ਅਜੇਹੀ ਕਲਾ ਵਰਤੇਗੀ ਕਿ ਜੈਸੇ ਇਕ ਬਾਪ ਦੇ ਬੇਟੇ ਹੋਵਣਟੋ ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ ।

ਸਲੋਕ ॥ ਗੁਰ ਚੇਲੇ ਰਹਿਰਾਸ ਹੈ ਅੰਤਰ

Scanned with CamScanner

ਵੇਖੇ ਸੋਇ ॥ ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮਿਲਾਵ੍ਹਾ ਤੋਹਿ ॥੪੬॥

ਤਿਸਕਾ ਪ੍ਰਮਾਰਥ--ਭਾਈ ਅਜਿਤਿਆ ਦਸਵਾਂ ਜਦ ਹੋਵੇਗਾ ਨਿਰਲੰਭ ਸਭ ਤੇ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਤੇ ਆਪ ਕੇ ਜਣਾਵੇਗਾ ਨਹੀਂ ਅਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇਕ ਅਕਾਲ ਪੁਰਖ ਜੀ ਕਾ ਲਏਗਾ ਤੇ ਇਸ ਕੋ ਕੋਈ ਲਖ ਨਹੀਂ ਸਕੇਗਾ ਸੂਲੀ ਸ਼ਬਦ ਉਚਾਰੇਗਾ ਅਰ ਸ਼ਬਦ ਕਮਾਵੇਗਾ ਅਰ ਜੋ ਸਿੱਖ ਹੋਵਨਗੇ ਤਿਸਤੇ ਵੀ ਸ਼ਬਦ ਹੀ ਦਸੇਗਾ ਅਰ ਜਹਾਂ ਤਕ ਕੋਈ ਸਿੱਖ ਭੰਨਾ ਟੁਟਾ ਹੋਵੇਗਾ ਸੋ ਸਭ ਉਸਕੀ ਪੈਰੀਂ ਆਣ ਪੈਸਨ ਸੋ ਨਵੇਂ ਸਿਰੇ ਤੇ ਸਿੱਖ ਹੋਵਸਨ ਅਤੇ ਉਨ੍ਹਾਂ ਕੋ ਬਖਸ਼ ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਸਿਖ ਹੋਵੇਗਾ ਸੋ ਉਸ ਜਹਾਜ਼ ਉਪਰ ਚੜ੍ਹ ਕੇ ਪਾਰ ਹੋਵਸੀ ਭਾਈ ਅਜਿਤਿਆ ਕੋਈ

Scanned with CamScanner

ਸਤਿਗੁਰੂ ਕੋ ਮਿਲੇਗਾ ਸੋ ਸਭ ਗੱਲਾਂ ਗੁਰੂ ਕੀਆਂ ਕਬੂਲ ਕਰੇਗਾ ਤਾਂ ਸਤਿਗੁਰਾਂ ਦੇ ਸ਼ਬਦ ਨਾਲ ਭਿਜੇਗਾ ਤੇ ਜਿਨ੍ਹਾਂ ਪਾਸੋਂ ਰਹੇ ਤਾਂ ਓਹ ਕਰਮ ਨ ਹੋਵਸਨ ਅਤੇ ਸੰਸਾਰ ਦੀ ਲੱਜ ਮਰਸਨ ਤਾਂ ਭਾਈ ਉਨ੍ਹਾਂ ਕੋ ਗੁਰੂ ਕਦੀ ਨਾ ਮਿਲੇਗਾ ਤਦ ਜੋ ਸ੍ਰੀ ਗੁਰੂ ਜੀ ਦੇ ਬਚਨਾਂ ਤੋਂ ਬੇਮੁਖ ਹੋਵਣ ਸੋ ਗੁਰੂ ਨਾ ਮੂੰਹ ਲਾਵੇਗਾ ਅਤੇ ਗੁਰੂ ਜੀ ਕੇ ਇਹ ਬਚਨ ਹੈਨ ਜੋਰ ਜ਼ੁਲਮ ਚੋਰੀ ਯਾਰੀ ਪਰ ਨਿੰਦਿਆ ਜੋ ਮੇਰਾ ਸਿਖ ਹੋਵੇਗਾ ਸੋ ਇਹ ਬਾਤਾਂ ਨ ਕਰੇ ਤੇ ਜੋ ਗੁਰੂ ਜੀ ਦੇ ਬਚਨਾਂ ਪੁਰ ਨਾ ਚਲਸਨ ਅਰ ਓਹੀ ਕਰਮ ਕਰਸਨ ਤਿਸ ਕਰਕੇ ਫਿਰ ਨਰਕਗਾਮੀ ਹੋਵਸਨ ਤੇ ਗੁਰੂ ਕੇ ਸ਼ਬਦ ਦਾ ਰੰਗ ਨਾ ਚੜ੍ਹੇਗਾ ਓਹ ਕੋਰੇ ਹੀ ਰਹਿਸਨ ਸੋ ਕਲੀ ਕਾਲ ਵਿਚ ਡੁਬਸਨ ਤੇ ਭਾਈ ਅਜਿਤਿਆ ਇਹ ਜਾਮਾ ਵੀ ਕਰੜਾ ਰਾਹ ਦਸੇਗਾ ਤਾਂ ਫਿਰ ਅਜਿਤੇ ਰੰਧਾਵੇ

Scanned with CamScan

ਅਰਦਾਸ ਕੀਤੀ ਹੇ ਸਚੇ ਪਾਤਸ਼ਾਹ! ਪਿਛਲਾ ਕਮਾਇਆ ਏਵੇਂ ਹੀ ਬਰਬਾਦ ਜਾਵਸੀ ਜੋ ਤੇਰਾ ਨਾਮ ਜਪਦੇ ਰਹੇ ਸਨ ਉਹਨਾਂ ਵੀ ਕੁਛ ਹਥ ਆਵਸੀ ਕਿ ਨਹੀਂ। ਤਾਂ ਬਚਨ ਹੋਇਆ ਬੱਚਾ ਸ਼ਬਦ ਜੋ ਗੁਰੂ ਕਿਹਾ ਹੈ ਸੋ ਉਸ ਵਿਚ ਵੀ ਚੋਰੀ ਯਾਰੀ ਪਰ ਨਿੰਦਿਆ ਜੋਰ ਸੇ ਮਨਹਿ ਕੀਤੇ ਹੈਨ ਜੋ ਅਜਿਹਾ ਸਿਖ ਹੋਵਸੀ ਪੜ੍ਹਸਨ ਗਾਵਸਨ ਤੇ ਕਮਾਇ ਨਾ ਸਕਣਗੇ ਅਤੇ ਦਸਵੇ ਗੁਰੂ ਨੂੰ ਮਨ ਵਿਚ ਯਾਦ ਕਰ-ਸਨ ਤੇ ਆਖਸਨ ਗੁਰੂ ਐਵੇਂ ਹੀ ਆਖਦਾ ਹੈ ਅਤੇ ਸਿਖ ਆਪਸ ਵਿਚ ਆਖਸਨ ਸਿਖ ਕੋਈ ਨਹੀਂ ਰਿਹਾ ਭਾਈ ਕਲੀ ਕਾਲ ਵਿਚ ਦਸਵਾਂ ਗੁਰੂ ਅਵਤਾਰ ਹੋਵਸੀ ਅਤੇ ਮੁਖ-ਵਾਕ ਕਰ ਕੇ ਸਭ ਕਉ ਭੁਲਾਇ ਦੇਵਸੀ ਅਤੇ ਗੁਰੂ ਨਾਲੋਂ ਭਜ ਜਾਵਣ ਜਾਂ ਨਿੰਦਿਆ ਕਰਸਨ ਸੋ ਮਨਹਿ ਹੈ ਫਿਰ ਉਹਨਾਂ ਲੋਕਾਂ ਕੋ ਚਉਰਾਸੀ ਵਿਚ ਘਤੀਏਗਾ।

Scanned with CamScan

ਸਲੋਕ ॥ ਮਾਸ ਕੀੜਾ ਲਗਾ ਬੁਰਿ-
ਆਰ ॥ ਭਉਕੇ ਫਟੜ ਹੋਇ ਖੁਆਰ ॥ ਸਭ
ਕੁਲ ਡੁਬੇ ਨਿੰਦਕ ਗੁਬਾਰ ॥ ਨਾਨਕ ਦਸਵਾਂ
ਰੂਪ ਅਪਾਰ ॥੪੭॥

ਤਿਸਕਾ ਪ੍ਰਮਾਰਥ ॥ ਅਜਿਤਿਆ ਮਾਸ
ਜੋ ਹੈ ਜੋ ਮਾਯਾ ਹੈ ਅਤੇ ਕੀੜਾ ਸੰਸਾਰ ਹੈ ਸੋ
ਸੰਸਾਰ ਅਜਿਹਾ ਬੁਰਾ ਹੋਇ ਕਰ ਜਾਮੇ ਮਾਯਾ
ਕੇ ਜੈਸੇ ਮਾਸ ਕਉ ਕੀੜਾ ਲਗਦਾ ਹੈ ਤਿਉਂ
ਕਲੂ ਕੇ ਲੋਕ ਮਾਇਆ ਕਉ ਲਗਸਨ ਪਰ-
ਮੇਸ਼ਰ ਕੇ ਜਪ ਤਪ ਭੁਲ ਜਾਵਸਨ ਭਾਈ
ਅਜਿਤਿਆ ਸ਼ਬਦ ਪੜ੍ਹਨਗੇ ਅਰ ਕਮਾਇ
ਨ ਸਕਸਣ ਤਾਂ ਸ਼ਬਦ ਉਲਟ ਕੇ
ਮਸਾਣ ਜਿਉਂ ਸੰਸਾਰ ਕੋ ਜਲਾਇ ਮਾਰਸੀ
ਖਾਇ ਲਏਗਾ ਇਹ ਕਲਜੁਗ ਕੇ ਲੋਕ
ਅਵੇਹੇ ਨਿੰਦਾ ਕਰਸਨ ਆਪੋ ਆਪਣੇ ਮਤ
ਚਲਾਉਣਗੇ ਤਿਤ ਸਮੇਂ ਗੁਰੂ ਨਜ਼ਰੀਂ
ਨ ਆਵਸੀ ਪਾਪ ਬਹੁਤ ਹੋਵਸੀ ਇਮ ਰਊਂਸ

Scanned with CamScan

ਕਲਜੁਗ ਸੰਸਾਰ ਕਉ ਡੋਬੇਗਾ ਜਿਉਂ ਦੁਰਾ-
ਚਾਰਨ ਇਸਤ੍ਰੀ ਹੋਤੀ ਹੈ ਖਸਮ ਉਸ ਕਉ
ਤਿਆਗ ਦੇਤਾ ਹੈ ਅਰ ਦਰ ਦਰ ਖੁਆਰ ਹੋਤੀ
ਫਿਰਤੀ ਹੈ ਭੌਂਕਤੀ ਹੈ ਅਤੇ ਆਪ ਕੋ ਹੰਸਾ-
ਵਤੀ ਹੈ ਉਸ ਇਸਤ੍ਰੀ ਕੀ ਨਿਆਈਂ ਕਲ
ਕੇ ਲੋਕਾਂ ਕੋ ਗੁਰੂ ਤਿਆਗ ਦੇਵਸਨ ਨਾ ਤਾਂ
ਇਹ ਭੀ ਦਰ ਦਰ ਖੁਆਰ ਹੋਵਣ ਪਰ ਬੀਜ
ਮਾਤਰ ਕੋਈ ਕੋਟੋਂ ਮਧ ਸਿਖ ਰਹਿ ਜਾਵਸੀ
ਸੋ ਆਖਸਨ ਸੋ ਸਤਿਗੁਰੂ ਹੈ ਅਤੇ ਭਾਣੇ ਕਾ
ਖਾਵੰਦ ਹੈ ਆਪਣੇ ਚੋਜ ਕੀਤੇ ਹੈਸੁ ਕਿਸੇ ਕੀ
ਨਾ ਕਰਸਨ ਤਾਂ ਅਜਿਤੇ ਰੰਧਾਵੇ ਅਰਦਾਸ
ਕੀਤੀ ਹੇ ਸਚੇ ਪਾਤਸ਼ਾਹ! ਜੋ ਸਿਖ ਤੇਰੇ ਪਾਸੋਂ
ਤੁਟਣਗੇ ਉਹ ਫਿਰ ਭੀ ਕਿਤੇ ਬਖਸ਼ੇ ਜਾਵਣਗੇ
ਕਿ ਨਹੀਂ ਬਖਸ਼ੇ ਜਾਵਸਨ ਤਾਂ ਬਚਨ ਹੋਯਾ
ਭਾਈ ਅਜਿਤਿਆ ਉਹ ਫਿਰ ਗੁਰੂ ਨੂੰ ਨਵੇਂ
ਸਿਰੇ ਮਿਲਸਣ ਤੇ ਬਖਸ਼ਾਵਣਗੇ ਤਾਂ ਗੁਰੂ
ਨਵੇਂ ਸਿਰੇ ਤੋਂ ਸ਼ਬਦ ਦਸੇਗਾ ਤਾਂ ਫਿਰ

Scanned with CamScanner

ਸਿਦਕ ਰਖਸਨ ਤਾਂ ਬਖਸ਼ੇ ਜਾਸਣ ।

ਸਲੋਕ ॥ ਜੁਗਾ ਜੁਗੰਤਰ ਸਤਿਗੁਰ ਦੂਸਰਾ ਹੋਆ ਨ ਹੋਗ ॥ ਚਉਰਾਸੀ ਜਾਮੇਂ ਪਹਿਰ ਕੇ ਪਾਛੇ ਹੋਆ ਅਲੋਪ ॥ ਚੌਹਤਰ ਜਾਮੇ ਭਗਤ ਜਨ ਦਸ ਹੈਂ ਸਤਿਗੁਰੂ ਰਾਇ॥ ਗੁਰਮੁਖਿ ਹੋਇ ਸੋ ਮਿਲ ਰਹੇ ਮਨਮੁਖ ਮਿਲਹਿ ਸਜਾਇ ॥ ਭਰ ਬੇੜੇ ਲੈ ਜਾਹਿੰਗੇ ਸੰਤ ਜ਼ਨਾਂ ਕੇ ਪੂਰ ॥ ਬੇਮੁਖ ਤੁਟੇ ਤੁਟੇ ਮੁਏ ਮਨਮੁਖ ਨ ਭਏ ਕਬੂਲ ॥ ਗੁਰਮੁਖ ਜਿਨਿ ਜਾਣਿਆ ਮਿਟ ਗਏ ਆਵਣ ਜਾਣ ॥ ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣ ॥੪੮॥

ਤਿਸਕਾ ਪ੍ਰਮਾਰਥ-ਜੁਗਾ ਜੁਗੰਤਰ ਗੁਰੂ ਅਟੱਲ ਹੈ ਦੂਸਰ ਹੋਰ ਨਾ ਕੋਈ ਹੋਇਆ ਹੈ ਨਾ ਹੋਵੇਗਾ ਅਤੇ ਚੌਰਾਸੀ ਜਾਮੇਂ ਪਹਿਰਸਨ ਜਿਸ ਵਿਚ ਚੌਹੱਤਰ ਜਾਮੇਂ ਭਗਤ ਹੋਵਸਨ ਅਤੇ ਦਸ ਜਾਮੇਂ ਗੁਰੂ ਹੋਵਸਨ ਅਤੇ ਜੇ ਕੋਈ ਗੁਰੂ ਕੋ ਮਿਲ ਕਰ ਲੜ ਪਕੜੇਗਾ

Scanned with CamScan

ਸੋਈ ਉਧਰੇਗਾ ਤੇ ਗੁਰੂ ਕੇ ਸ਼ਬਦ ਪ੍ਰਤੀਤ ਰਖੇਗਾ ਸੋ ਬਿਨਾਂ ਕਮਾਈ ਤਰ ਜਾਵੇਗਾ ਨਾਲ ਕੁਟੰਬ ਵੀ ਉਧਰ ਜਾਸੀ ਤਾਂ ਬੇਮੁਖ ਹੋਵੇਗਾ ਸੋ ਤੁਟੇਗਾ ਅਤੇ ਸਜਾਇ ਵੀ ਪਾਵੇਗਾ ਅਰ ਪਰਲੋਕ ਵੀ ਜਾਂਦਾ ਰਹੇਗਾ ਅਤੇ ਫੇਰ ਮੁੜ ਭੰਨ ਘੜੀਅਨਗੇ ਜੋ ਖ਼ਸਮ ਕੋ ਪਛਾਨ-ਣਗੇ ਸੋ ਆਵਾਗਉਣ ਤੇ ਰਹਿ ਜਾਵਣਗੇ ਬੱਚਾ ਅਜਿਤਿਆ ਜੋ ਗੁਰੂ ਕੇ ਲੜ ਲਗੇਗਾ ਸੋ ਮੁਕਤ ਹੋਵੇਗਾ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਤਿਗੁਰੂ ਜੀ ਤੇਰਾ ਬਚਨ ਹੋਇਆ ਹੈ ਜੋ ਇਸ ਮਹਿਲ ਕਾ ਦਰਸ਼ਨ ਕਰੇਗਾ ਸੋ ਮੁਕਤ ਪ ਵੇਗਾ ਅਤੇ ਸੰਸਾਰ ਪਿਛੇ ਰਹੇਗਾ ਤਿਨਾਂ ਕੀ ਕਿਉਂ ਕਰ ਹੋਵੇਗੀ ਤਾਂ ਬਚਨ ਹੋਇਆ ਭਾਈ ਸੁਣ।

ਸਲੋਕ ॥ ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਨ ॥ ਰਾਮ ਰਹੀਮ ਨ ਜਾਣਸੀ ਨਾ ਕੋ ਕਹੇ ਕਲਾਮ ॥ ਗਾਇਤ੍ਰੀ ਨਾ ਤਰਪਣ

ਨਾ ਫ ਇਤਾ ਨ ਦਰੂਦ ॥ ਨਾ ਤੀਰਥ ਨਾ ਦੇਹੁਰਾ ਨਾ ਦੇਵ ਕੀ ਪੂਜ ॥ ਗੁਰਮੁਖ ਕੋਈ ਨਾ ਜਾਣਸੀ ਨਾ ਕੋ ਲਏ ਉਪਦੇਸ਼ ॥ ਇਕੋ ਵਰਤਣ ਵਰਤੀਐ ਨਾ ਕੋ ਕਰੇ ਆਦੇਸ ॥ ਬੇਦ ਕਤੇਬ ਨ ਜਾਣਸਨ ਨ ਦਵਾਰਾ ਨ ਮਸੀਤ ॥ ਰੋਜ਼ਾ ਬਾਂਗ ਨ ਵਰਤ ਨੇਮ ਨਾ ਕੋ ਕਏ ਹਦੀਸ ॥ ਕੋਈ ਨ ਕਿਸਕੀ ਜਾਨਸੀ ਨਾ ਕੋ ਕਰੇ ਸਲਾਮ ॥ ਨਾਨਕ ਸ਼ਬਦ ਵਰਤਦਾ ਜਿਸ ਕੋਟੀ ਮਧੀ ਜਾਣ ॥੪੯॥

ਤਿਸਕਾ ਪ੍ਰਮਾਰਥ--ਭਾਈ ਅਜਿਤਿਆ ਜਦੋਂ ਗੁਰੂ ਏਸ ਧਰਤੀ ਉਪਰੋਂ ਅਦਿਸ਼ਟ ਹੋ ਜਾਵਣਗੇ ਤਾਂ ਪਿਛੋਂ ਸੰਸਾਰ ਵਿਚ ਅਜੇਹੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਹੀਂ ਅਤੇ ਧੁੰਧੂਕਾਰ ਵਰਤ ਜਾਸੀ ਅਜੇਹੇ ਮਨਮੁਖ ਹੋਵਣਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹਿਸਨ ਨਾ ਰਾਮ ਕਉ ਮੰਨਣਗੇ ਨ

ਰਹੀਮ ਕੋ ਮੰਨਣਗੇ ਗਾਇਤ੍ਰੀ ਤਰਪਣ ਇਸ਼ਨਾਨ ਨਾ ਧਰਮ ਨੇਮ ਤੀਰਥ ਪੂਜਾ ਨ ਦੇਵੀ ਨ ਦੇਹੁਰਾ ਧਰਮਸਾਲ ਨ ਮਸੀਤ, ਨ ਬਾਂਗ ਨ ਨਿਮਾਜ ਨਾ ਫਾਇਤਾ ਨਾ ਦੂਆਇ ਨ ਸਲਾਮ ਨਾ ਕਿਸੇ ਧਿਆਇ ਨ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਣਗੇ ਅਤੇ ਸ਼ਬਦ ਗੁਰੂ ਕਾ ਕਿਥਾਊਂ ਵਿਰਲਾ ਹੀ ਹੋਵੇਗਾ। ਉਸ ਸਮੇਂ ਇਕ ਭਗਤ ਪੈਦਾ ਹੋਏ ਜਾਵੇਗਾ ਸੋ ਨੀਲ ਬਸਤ੍ਰ ਪਹਿਰੇ ਤੇ ਅੰਤਰੋਂ ਸ਼ਬਦ ਪੋਥੀਆਂ ਉਚਾਰੇਗਾ ਉਸ ਦੇ ਵਾਸਤੇ ਪਰਮੇਸ਼ਰ ਆਪ ਉਤਾਰਾ ਕਰ ਸਹੈਤਾ ਕਰੇਗਾ।

ਅਜਿਤੇ ਰੰਧਾਵੇ ਅਰਦਾਸ ਕੀਤੀ ਸਚੇ ਪਾਤਸ਼ਾਹ ਜੀ ਉਹ ਕੌਣ ਭਗਤ ਹੋਵੇਗਾ ਜੀ ਤਾਂ ਬਚਨ ਹੋਇਆ ਭਾਈ ਅਜਿਤਿਆ ਤੂ ਸੁਣ।

ਸਲੋਕ ॥ ਨਿਹਕਲੰਕ ਹੋਇ ਉਤਰਸੀ

ਮਹਾਬਲੀ ਅਉਤਾਰ ॥ ਸੰਤ ਰਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ ॥ ਨਵਾਂ ਧਰਮ ਚਲਾਇਸੀ ਜਗ ਹੋਨ ਹੋਵਹਿ ਵਾਰ ॥ ਨਾਨਕ ਕਲਜੁਗ ਤਾਰਸੀ ਕੀਰਤਨ ਨਾਮ ਅਧਾਰ ॥੫੦॥

ਤਿਸ ਕਾ ਪ੍ਰਮਾਰਥ ॥ ਭਾਈ ਅਜਿਤਿਆ ਗੁਰੂ ਜੋ ਕਲਜੁਗ ਮੇਂ ਸੰਸਾਰ ਵਿਚ ਆਇਆ ਹੈ ਸੋ ਪਰਉਪਕਾਰ ਵਾਸਤੇ ਜਾਂ ਗੁਰੂ ਜਾਮਾ ਪਹਿਰ ਸਖੀ ਤਾਂ ਧੁੰਧੂਕਾਰ ਵਰਤ ਜਾਵੇਗਾ ਜਿਥੇ ਕੁਛ ਪੂਜਾ ਅਰਚਾ ਸੁਣਨਗੇ ਤਿਥੇ ਚੜ੍ਹ ਕਰ ਮਾਰਨਗੇ ਤੁਰਕਾਂ ਕਾ ਤੇਜ ਹੋਵਸੀ ਤਾਂ ਓਸ ਸਮੇਂ ਇਕ ਸੰਤ ਪਰਮੇਸ਼ਰ ਕੀ ਪੂਜਾ ਕਰੇਗਾ ਤੇ ਓਸਦੇ ਘਰ ਇਕ ਇਸਤ੍ਰੀ ਬਹੁਤ ਚੰਦਰੀ ਹੋਵੇਗੀ ਓਹ ਨਾਰ ਜਾਇ ਲੋਕਾਂ ਅਗੇ ਚੁਗਲੀ ਕਰੇਗੀ ਤਿਤ ਕਰ ਕੇ ਸੰਤ ਕੋ ਦੈਂਤ ਦੁਖ ਦੇਵਸੀ ਤਾਂ ਓਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ ਜਹਾਂ ਤੀਕਰ ਓਹ ਸੰਤ ਕਾ

Scanned with CamScan

ਦੈਂਤ ਦੁਸ਼ਟ ਹੋਵੇਗਾ ਸੋ ਉਹਨਾਂ ਨੂੰ ਚੁਣ ੨ ਕਰ ਮਾਰੇਗਾ। ਫਿਰ ਨਵਾਂ ਧਰਮ ਚਲੇਗਾ ਦੂਤੀ ਦੁਸ਼ਟ ਕਉ ਸੰਘਾਰੇਗਾ ਤੇ ਚੌਰਾਸੀ ਜਾਮੇਂ ਕਲਜੁਗ ਮੇਂ ਸੰਪੂਰਨ ਕਰੇਗਾ। ਕਲ-ਜੁਗ ਦੀ ਮਿਤ ਪੂਰਨ ਹੋਇਗੀ ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਮੈਨੂੰ ਬਖਸ਼ ਲਵੋ ਜੀ ਮੈਂ ਆਪ ਦੇ ਸਨ-ਮੁਖ ਬਹੁਤ ਬਚਨ ਕੀਤੇ ਹਨ ਤਾਂ ਬਚਨ ਹੋਯਾ ਭਾਈ ਇਹ ਗੱਲਾਂ ਨਹੀਂ ਇਹ ਤਾਂ ਗੁਰ-ਮੰਤਰ ਹਨ ਜੋ ਇਸ ਨੂੰ ਮਨ ਕਰ ਕੇ ਪੜ੍ਹੇਗਾ ਅਥਵਾ ਦਿਲ ਕਰ ਕੇ ਸੁਣੇਗਾ ਸੋ ਤਿਸ ਕਾ ਤਤਕਾਲ ਹੀ ਉਧਾਰ ਹੋਵੇਗਾ।

ਸਲੋਕ॥ ਅਮਰ ਬਚਨ ਗੁਰਦੇਵ ਦੇ ਜਿਹ ਜਨ ਰਿਦੇ ਬਸਾਇ॥ ਮੁਕਤ ਜੁਗਤ ਅਰ ਮਾਲ ਧਨ ਜੁਗਾ ਜੁਗੰਤਰ ਖਾਹਿ॥ ਸ਼ਬਦ ਅਖਰ ਜਿਸ ਮਨ ਵਸੈ ਖਿਨ ਮਹਿ ਹੋਇ ਉਧਾਰ॥ਪੁੰਨ ਪ੍ਰਮਾਰਥ ਨਾਨਕਾ ਜਿਸ ਲਗ ਤਰੈ

Scanned with CamScan

ਸੰਸਾਰ ॥੫੧॥

ਸਲੋਕ ॥ ਗੋਸ਼ਟ ਸਤਿਗੁਰੂ ਨਿਰੰਕਾਰ ਜੀ ਨਾਲ ਅਜਿਤੇ ਰੰਧਾਵੇ ਕੀਆ ਉਚਾਰ। ਜੋ ਸਿਖ ਪੜ੍ਹੈ ਪ੍ਰੀਤ ਕਰ ਸੋਈ ਉਤਰੈ ਪਾਰ ॥

ਦੋਹਿਰਾ ॥ ਜਨਮ ਮਰਨ ਤਾਂ ਕਾ ਮਿਟੈ ਪੜ੍ਹੈ ਜੁ ਪ੍ਰੀਤ ਲਗਾਇ ॥ ਜੀਵਨ ਤਿਸ ਕਾ ਸਫਲ ਹੈ ਨਾਨਕ ਨਾਮ ਧਿਆਇ ॥ ਨਾਨਕ ਮੂਰਤਿ ਨਾਮ ਕੀ ਜਪਿਆ ਸਭੁ ਦੂਖ ਦੂਰ ॥ ਨਾਨਕ ਤਿਸ ਬਲਿਹਾਰਣੇ ਜੋ ਰਹਿੰਦੇ ਸਦਾ ਹਜੂਰ ॥

ਗੋਸਟ ਅਜਿਤੇ ਰੰਧਾਵੇ ਕੀ ਸੰਪੂਰਣੰ ਸੁਭੰ ॥

ੴ ਸਤਿਗੁਰ ਪ੍ਰਸਾਦਿ ॥

## -ਕਰਨੀ ਨਾਮਾ ਅਤੇ ਰਾਜ ਨਾਮਾ-

ਪੰਥ ਦੇ ਕਈ ਰਤਨਾਂ, ਨਾਮ ਅਭਿਆਸੀਆਂ, ਗੁਰਬਾਣੀ ਦੇ ਪ੍ਰੇਮੀਆਂ ਅਤੇ ਗੁਰੂ ਚਰਨਾਂ ਦੇ ਭੌਰਿਆਂ ਨੇ ਮੰਗ ਕੀਤੀ ਹੈ ਕਿ ਸੌ ਸਾਖੀ ਦੇ ਅਖੀਰ ਤੇ ਇਹ ਦੋਨੋਂ ਮਹਾਂ ਵਾਕ ਜਿਹੜੇ ਕਿ ਸਚੇ ਪਾਤਸ਼ਾਹ ਸਤਿਗੁਰੂ ਨਾਨਕ ਸਾਹਿਬ ਜੀ ਨੇ ਮਕੇ ਸ਼ਰੀਫ ਅਤੇ ਮਦੀਨੇ ਮੁਨਵੱਰੇ ਵਿਚ ਉਚਾਰਨ ਕੀਤੇ ਹੋਏ ਹਨ ਛਪਵਾ ਦੇਣਾ। ਇਹ ਉਹ ਪਵਿਤ੍ਰ ਬਚਨ ਹਨ ਜਿਨ੍ਹਾਂ ਨੂੰ ਸੁਣ ਕੇ ਕਾਜ਼ੀ ਰੁਕਨ ਦੀਨ, ਪੀਰ ਬਹਾਉਦ ਦੀਨ, ਗੌਂਸ, ਕੁਤਬ, ਸਾਲਾਰ, ਹਾਜ਼ੀ, ਸ਼ੇਖ, ਮੁਸ਼ਾਇਕ ਔਲਵੀਆਂ ਦੇ ਛਕੇ ਛੁਟ ਗਏ ਸਨ ਅਤੇ ਰੂਮ ਦੇ ਬਾਦਸ਼ਾਹ ਕਾਰੂੰ

Scanned with CamScan

ਨੇ ਸਤਿਗੁਰਾਂ ਦੀ ਮਦੀਨੇ ਤੋਂ ਵਾਪਸੀ ਤੇ ਮੰਗ ਕੀਤੀ ਸੀ ਕਿ ਆਪ ਫੇਰ ਕਦ ਦਰਸ਼ਨ ਦੇਓਗੇ। ਇਹ ਉਹ ਭਵਿਖਤ ਹੈ ਜਿਹੜੀ ਕਿ ਪੁਰਾਣੀ ਜਨਮ ਸਾਖੀ (ਗੁਰੂ ਨਾਨਕ ਸਾਹਿਬ ਜੀ) ਵਿਚ ਲਿਖਾਈ ਗਈ ਸੀ ਅਤੇ ਫਰੰਗੀਆਂ ਨੇ ਓਥੋਂ ਕਢਵਾ ਦਿਤੀ ਸੀ।

ਦਾਸ ਨੇ ਪੁਰਾਣੀ ਜਨਮ ਸਾਖੀ ਲਿਖਤ ਦੀ ੧੯੧੩ ਈਸਵੀ ਵਿਚ ਲਾਹੌਰ ਦੇਖੀ ਸੀ ਅਤੇ ਆਪਣੀ ਅਖੀਂ ਇਹ ਸਾਰੇ ਬਚਨ ਪੜ੍ਹੇ ਸਨ ਅਤੇ ਲਿਖ ਕੇ ਕੰਠ ਕਰ ਲਏ ਸਨ। ਜੋ ਭੀ ਪ੍ਰੇਮੀ ਕੰਠ ਕਰਕੇ ਸਵੇਰੇ ਅਪਨੀ ਨਿਤਨੇਮ ਦੀ ਬਾਣੀ ਨਾਲ ਪਾਠ ਕਰੇਗਾ, ਕਲਜੁਗ ਦਾ ਉਸ ਤੇ ਜ਼ੋਰ ਨਹੀਂ ਪਵੇਗਾ ਅਤੇ ਰਿਧੀ ਸਿਧੀ ਦਾ ਮਾਲਕ ਹੋਵੇਗਾ। ਅੰਤ ਵੇਲੇ ਉਸ ਦਾ ਨਿਵਾਸ ਗੁਰਪੁਰੀ ਸਚਖੰਡ ਵਿਚ ਹੋਵੇਗਾ ਅਤੇ ਆਵਾਗੌਣ (ਜਨਮ ਮਰਨ) ਦੇ ਚੱਕਰ ਤੋਂ ਨਿਸਤਾਰਾ

Scanned with CamScanner

ਹੋਵੇਗਾ। ਇਸ ਕਰਨੀ ਨਾਮੇ ਦੇ ਅਖੀਰ ਤੇ ਹੀ ਉਹ ਪੰਗਤੀ ਹੈ ਜਿਹੜੀ ਕਿ ਗੁਰੂ ਖਾਲਸਾ ਅਰਦਾਸ ਦੇ ਮਗਰੋਂ ਰੋਜ਼ ਪੜ੍ਹਦਾ ਹੈ।

'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ ॥ ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ ॥

ਲੌ ਹੁਣ ਪਹਿਲੇ ਕਰਨੀ ਨਾਮਾ ਪੜ੍ਹੀਏ:-

-ਕਰਨੀ ਨਾਮਾ-

ਮਕੇ ਸ਼ਰੀਫ ਵਿਚ ਕਾਜ਼ੀ ਰੁਕਨ ਦੀਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਗੇ ਬੇਨਤੀ ਕੀਤਿ ਕਿ ਸਚੇ ਪਾਤਸ਼ਾਹ ਆਪਣੀ ਭਵਿਖਤ ਬਾਣੀ ਦੁਆਰਾ ਦਸੋ ਕਿ ਕਲਜੁਗ ਵਿਚ ਅਗੋਂ ਨੂੰ ਆਪ ਕਿਸ ਤਰ੍ਹਾਂ ਦਾ ਵਰਤਾਰਾ ਵਰਤਾਉਗੇ।

ਆਪ ਦਾ ਨਾਮ ਨਾਨਕ ਨਿਰੰਕਾਰੀ ਹੈ ਅਤੇ ਆਪ ਨਿਰੰਕਾਰ ਦੇ ਦੇਸ (ਸਚਖੰਡ) ਦੇ ਵਾਸੀ ਹੋ, ਦਰਗਾਹੀ ਕੈਸਾ ਹੁਕਮ ਹੈ ?

Scanned with CamScan

-ਸ੍ਰੀ ਮੁਖਵਾਕ ਪਾਤਸ਼ਾਹੀ ਪਹਿਲੀ-

ਮੂਲ-ਨਾਨਕ ਆਖੇ ਰੁਕਨਦੀਨ
ਸਾਚਾ ਸੁਨੋ ਜਵਾਬ ॥
ਪੜ੍ਹੇ ਸੁਨੇ ਜੋ ਪ੍ਰੀਤ ਕਰ
ਛੂਟੇ ਸਭ ਅਜਾਬ ॥
ਦਸਵਾਂ ਜਾਮਾਂ ਪਹਿਰ ਕਰ
ਬੈਠੂੰ ਪੂਰ ਕਰਤਾਰ ॥
ਔਰੰਗਜ਼ੇਬ ਬਾਦਸ਼ਾਹ ਸੋਂ
ਜੁਧ ਕਰੂੰ ਬਹੁਥਾਰ ॥
ਟੂਕ ਬਲ ਅਪਨਾ ਦੇਇਕੇ
ਭੇਜ ਦੇਊਂਗਾ ਸਿੰਘ ॥

ਅਰਥ-(ਭਾਈ ਦਯਾ ਸਿੰਘ ਜੀ ਦੀ ਤਰਫ਼ ਇਸ਼ਾਰਾ ਹੈ ਕਿ ਥੋੜਾ ਬਲ ਦੇ ਕੇ ਔਰੰਗਜ਼ੇਬ ਦੇ ਕੋਲ ਭੇਜਾਂਗਾ, ਇਹ ਉਹ ਸਮਾਂ ਹੈ ਜਦਕਿ ਦਸਮ ਪਾਤਸ਼ਾਹ ਜੀ ਨੇ ਭਾਈ ਜੀ ਨੂੰ ਜਫਰ-ਨਾਮਾ ਦੇ ਕੇ ਦਖਨ ਦੇਸ਼ ਭੇਜਿਆ ਸੀ ॥

ਨੋਟ-ਇਸ ਵਿਚ ਦਾਸ ਉਹ ਗੁਹਜ ਭਾਵ

Scanned with CamScanner

ਖੋਲ੍ਹੇਗਾ ਜਿਹੜੇ ਕਿ ਜ਼ਰੂਰੀ ਹਨ, ਜਿਨਾਂ ਪਦਾਂ ਦੀ ਸਮਝ ਆ ਜਾਂਦੀ ਹੈ ਉਨ੍ਹਾਂ ਦੇ ਅਰਥ ਲਿਖਣੇ ਵਾਧੂ ਜੈਸਾ ਕੰਮ ਹੈ।

ਮੂਲ-ਦੇਖ ਉਨ ਬਲ ਘਟਸੀ
ਭੂਲ ਜਾਨ ਸਭ ਫੰਧ ॥

ਅਰਥ-(ਭਾਈ ਦਯਾ ਸਿੰਘ ਜੀ ਦੇਖ ਕੇ ਔਰੰਗਜ਼ੇਬ ਦਾ ਦਮ ਖਮ ਹੋ ਜਾਵੇਗਾ ਅਤੇ ਸਭ ਚਾਲਾਕੀਆਂ, ਮਕਰ ਫਰੇਬ ਧਰੇ ਦੇ ਧਰੇ ਰਹਿ ਜਾਣਗੇ)।

ਮੂਲ-ਦੇਖ ਉਨ੍ਹਾਂ ਨੂੰ ਡੋਲਸੀ ਬਾਦਸ਼ਾਹ ਔਰੰਗ।

ਅਰਥ-ਭਾਈ ਜੀ ਨੂੰ ਦੇਖ ਕੇ ਬਾਬਸ਼ਾਹ ਦੇ ਤੋਤੇ ਉੱਡ ਜਾਣਗੇ ਅਤੇ ਕਾਂਬਾ ਛਿੜ ਜਾਵੇਗਾ।

ਮੂਲ-ਖਾਲਸਾ ਪੈਦਾ ਹੋ ਗਿਆ,
ਭਲਾ ਨ ਕੀਆ ਗੋਬਿੰਦ ॥

ਅਰਥ-ਜ਼ਫ਼ਰਨਾਮੇ ਨੂੰ ਪੜ੍ਹ ਕੇ ਉਸ ਦੇ ਅੰਦਰੋਂ ਐਸਾ ਗ਼ਮ ਉਠੇਗਾ ਜਿਹੜਾ ਕਿ ਉਸ

Scanned with CamScanner

ਦੇ ਦਿਲ ਦਿਮਾਗ ਨੂੰ ਚਕਰਾ ਦੇਵੇਗਾ ਅਤੇ ਬਿਹਬਲ ਹੋ ਕੇ ਭਾਈ ਦਯਾ ਸਿੰਘ ਜੀ ਨੂੰ ਪੁਛੇਗਾ ਕਿ ਖਾਲਸਾ ਪੈਦਾ ਹੋ ਗਿਆ ? ਗੁਰੂ ਗੋਬਿੰਦ ਸਿੰਘ ਜੀ ਨੇ ਭਲਾ (ਅੱਛਾ) ਨਹੀਂ ਕੀਤਾ। ਖਾਲਸਾ ਅਜੇ ਪੈਦਾ ਹੋਣਾ ਨਹੀਂ ਚਾਹੀਦਾ ਸੀ। ਮਹਾਰਾਜ ਨੇ ਕਾਹਲੀ ਕੀਤੀ।

ਭਾਈ ਦਯਾ ਸਿੰਘ ਜੀ--ਤੁਸਾਂ ਨੇ ਭੀ ਕਾਹਲੀ ਕੀਤੀ ਜੋ ਦੋਹ ਪੰਥਾਂ ਨੂੰ ਇਕ ਕਰਨ ਲਗੇ। ਇਸ ਲੀਏ ਹੀ ਮਹਾਰਾਜ ਜੀ ਨੇ ਤੀਸਰਾ ਪੰਥ ਖੜਾ ਕੀਤਾ।

ਔਰੰਗਜ਼ੇਬ-ਇਹ ਜ਼ਫਰਨਾਮਾ ਨਹੀਂ,ਪ੍ਰੰਤੂ ਬਾਦਸ਼ਾਹੀ ਤਖ਼ਤ ਤੋਂ ਬੇਦਖ਼ਲੀ (ਫਾਰਗ਼ਤੀ) ਦਾ ਹੁਕਮ ਹੈ। ਪਰ ਭਾਈ ਜੀ ਅਜੇ ਮੇਰਾ ੪੦ ਸਾਲ ਹੋਰ ਰਾਜ ਹੈ।

ਭਾਈ ਜੀ-ਠੀਕ ਹੈ, ਇਹ ੪੦ ਸਾਲ ਤੈਨੂੰ ਆਪਣਾ ਸਿਖ ਬਣਾ ਕੇ ਗੁਰੂ ਜੀ ਭੁਗਤਾਉਣਗੇ ਅਤੇ ਔਰੰਗਿਆ ਜਿਤਨੇ ਤੂੰ

Scanned with CamScan

ਗੁਰਦੁਆਰੇ ਢਾਏ ਹਨ, ਇਹ ਤੇਰੇ ਹਥੀਂ ਬਣਵਾਏ ਜਾਏਂਗੇ (ਮਹਾਰਾਜਾ ਰਣਜੀਤ ਸਿੰਘ ਔਰੰਗਜ਼ੇਬ ਦਾ ਹੀ ਅਵਤਾਰ ਸੀ। ਆਪ ਸੰਨ ੧੭੯੯ ਈਸ੍ਵੀ ਵਿਚ ਤਖਤ ਤੇ ਬੈਠੇ ਅਤੇ ਸੰਨ ੧੮੩੯ ਦੇ ਵਿਚ ਸੁਰਗਬਾਸ ਹੋਏ। ਪੂਰੇ ੪੦ ਸਾਲ ਇਹਨਾਂ ਨੇ ਰਾਜ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਭੀ ਸੰਮਤ ੧੮੮੭ ਵਿਚ ਆਪਣੀ ਹਥੀਂ ਬਣਵਾਇਆ।

ਮੂਲ-ਅਲੋਪ ਹੋਊਂ ਤਬ ਰਾਜ ਦੇ,
ਮਮ ਬਾਪੂੰ ਗੋਬਿੰਦ॥

ਅਲੋਪ ਹੋਊਂ = ਸਨਦਿਹ ਜਾਣਾ।

ਰਾਜ ਦੇ = ਔਰੰਗਜ਼ੇਬ ਕੋ ਅਪਣਾ ਸਿਖ ਬਨਾ ਕਰ ਉਸ ਕੋ ਚਾਲੀ ਸਾਲ ਰਾਜ ਭੁਗਤਾਨਾ।

ਮਮ ਬਾਪੂੰ ਗੋਬਿੰਦ = ਮੇਰਾ ਨਾਮ ਦਸਵੇਂ ਜਾਮੇਂ ਮੇਂ ਗੋਬਿੰਦ ਸਿੰਘ ਹੋਣਾ।

Scanned with CamScan

ਮੂਲ-ਬਚਨ ਪਾਲ ਨਹੀਂ ਸਕੇਂਗੇ
ਬਹੁਤ ਹੋਏਂਗੇ ਜੰਗ ॥

ਅਰਥ-ਸਿਖ ਬਾਦਸ਼ਾਹੀ ਹੋਗੀ ਪਰੰਤੂ ਸਿਖੀ ਮਾਰਗ ਨਹੀਂ ਹੋਗਾ। ਫਤਹ ਪਰ ਫਤਹ ਹੋਗੀ ਪਰ ਸਿਖੀ ਰਾਜ ਵਿਚ ਦਾਰੂ, ਮਾਸ ਆਮ ਹੋਗਾ। ਮੁਸਲੀ, ਰੰਡੀ, ਬਾਜ਼ਾਰੀ ਔਰਤ ਨਾਲ ਬਿਬਚਾਰ ਹੋਗਾ। ਸਿਖੀ ਕਿਤੇ ਨਾਮ ਮਾਤਰ ਹੀ ਰਹਿ ਜਾਵੇਗਾ।

ਵਧੇ ਪੰਥ ਪਰ ਧਰਮ ਨਹਿ
ਯਾ ਬਿਧ ਕਲ ਕਾ ਧਰਮ॥ (ਸੌ ਸਾਖੀ)

ਮੂਲ-ਫੇਰ ਕਰੂੰਗਾ ਖਾਲਸਾ
ਵਸੇ ਵਿਚ ਪੰਜਾਬ ॥

ਅਰਥ-ਗੁਰੂ ਨਾਨਕ ਸਾਹਿਬ ਜੀ ਮਕੇ ਸ਼ਰੀਫ ਵਿਚ ਕਾਜੀ ਰੁਕਨ ਦੀਨ ਨੂੰ ਕਹਿ ਰਹੇ ਹਨ, ਕਿ ਕਾਜ਼ੀ ਜੀ, ਮੈਨੂੰ ਖਾਲਸਾ ਸਜਾਉਣੇ ਵਾਸਤੇ ਮੁੜ ਔਣਾ ਪਵੇਗਾ ਅਤੇ ਪੰਜਾਬ ਵਿਚ ਸਿਖੀ ਦੀ ਹਰਿਆਵਲ ਕਰਨੀ

Scanned with CamScan

ਪਵੇਗੀ ।

ਖਾਲਸੇ ਦਾ ਮੁੜ ਸਾਜਨਾ ਸਵਾਏ ਸਤਿ-ਗੁਰੂ ਦੇ ਨਹੀਂ ਹੋ ਸਕਦਾ।

ਸਵਾਲ—ਕੀ ਕਾਰਨ ਹੋਵੇਗਾ ?

(ਜਵਾਬ ਅਗਲੀ ਪੰਗਤੀ ਵਿਚ ਵੇਖੋ)

ਮੂਲ-ਚਾਰ ਵਰਨ ਇਕ ਰੂਪ ਕਰ
ਦੇਖ ਕਰੂੰ ਮੈਂ ਸਾਜ ॥

ਅਰਥ-ਚਾਰੋਂ ਵਰਨ ਏਕ ਹੀ ਕਿਸਮ ਕੇ ਹੋ ਜਾਵੇਂਗੇ । ਸ਼ੰਕਰ ਵਰਨ ਪਰਜਾ ਹੋ ਜਾਵੇਗੀ, ਇਸ ਬਾਤ ਕੋ ਦੇਖ ਕਰ ਮੁਝੇ ਫਿਰ ਖ਼ਾਲਸਾ ਸਜਾਨਾ ਪੜੇਗਾ ।

ਨੋਟ—ਇਸ ਦੇ ਬਾਰੇ ਸ੍ਰੀ ਮੰਗਲ ਪ੍ਰਕਾਸ਼ ਦਾ ਪ੍ਰਮਾਣ ਲਵੋ, ਜਿਹੜਾ ਕਿ ਦਸਮ ਪਾਤਸ਼ਾਹ ਦਾ ਉਚਾਰਨ ਹੈ ।

ਦਯਾ ਸਿੰਘ ਸੁਣ ਕਾਨ ਧਰ
ਕਲਜੁਗ ਕਾ ਜੋ ਅੰਤ ॥
ਧਰਮ ਕਰਮ ਸਭ ਨਸ਼ਟ ਹੋਇ
ਨ ਦੀਸੇ ਜਗ ਸੰਤ ॥

Scanned with CamScanner

ਸ਼ੰਕਰ ਫਰਨ ਪੂਜਾ ਹੋਇ,
ਰੂਪ ਮਲੇਛੀ ਧਾਰ ॥
ਅੰਤ ਹੋਏਗਾ ਦੇਸ਼ ਸਭ,
ਤਬ ਧਾਰੂੰ ਅਵਤਾਰ ॥
ਬਰ ਸਹੰਸਰ ਵਿਸੂ ਬਿਕਰਮੀ,
ਪ੍ਰਲੇ ਹੋਸੀ ਆਨ ॥
ਸੁਵਾਨ ਮੌਤ ਸਮ ਮਰੇਂਗੇ,
ਹਿੰਦੂ ਮੁਸਲਮਾਨ ॥
ਦਿਨ ਇਕਾਨਵੇਂ ਹੋਏਗਾ,
ਹਿੰਦ ਤੁਰਕਨ ਕੋ ਜੰਗ ॥
ਸ਼ੋਣ ਧਾਰ ਨਦੀਆਂ ਬਹੇਂ,
ਹਜ ਕੋ ਭਿਜੇ ਤੰਗ।
ਲੋਕ ਜੋਜਨ ਪ੍ਰਮਾਨ ਮੇਂ,
ਦੀਪ ਦਸਾਵੇ ਕੋਇ।
ਕਛ ਤੁਫੰਗ ਸਪੰਛ ਕਰ,
ਆਵੇਂਗੇ ਜਗ ਸੋਏ॥
ਦਸ ਸਹੰਸਰ ਸੰਤ ਖਾਲਸਾ,

Scanned with CamScan

ਦੂਨੋਂ ਚਲ ਕੇ ਆਏ ॥
ਪਟਲੇਸ਼ਰ ਤੇ ਉਠੇਂਗੇ,
ਜੀਤ ਸਗਲ ਜਗ ਪਾਏ ॥
ਤਖਤ ਦਿਲੀ ਤੇ ਬਹੇਗੀ,
ਸੰਤ ਖਾਲਸਾ ਫੌਜ ॥
ਧਰਮ ਕਰਮ ਕਾ ਵਰਤਾਰਾ ਹੋਇ,
ਖਾਲਸਾ ਕਰਸੀ ਮੌਜ ॥
ਸਤਿਜੁਗ ਕਾ ਵਰਤਾਰਾ ਹੋਇ,
ਕਲਜੁਗ ਜਾਵੇ ਭਾਗ ॥
ਸੁਖੀ ਹੋਵੇਗਾ ਦੇਸ਼ ਸਭ,
ਖਾਲਸਾ ਕਰਸੀ ਰਾਜ ॥
[ਸ੍ਰੀ ਮੰਗਲ ਪ੍ਰਕਾਸ਼

ਇਸ ਪੁਸਤਕ ਦਾ ਖਰੜਾ ਪਟਿਆਲੇ ਭਾਸ਼ਾ ਵਿਭਾਗ ਦੇ ਦਫਤਰ ਵਿਚ ਹੈ, ਆਪ ਉਥੋਂ ਦੇਖ ਸਕਦੇ ਹੋ।

ਨੋਟ—੨. ਸਭ ਮਾਸ ਸ਼ਰਾਬ ਕੋ ਪਾਣ ਕਰੇਂ

ਧਰਿਗ ਆਪ ਕੋ ਸਿਖ ਸਦਾਵੇਂਗੇ।

[ਸਰਬ ਲੋਹ ਗ੍ਰੰਥ

ਮੂਲ—ਮਾਝੇ ਵਿਚੋਂ ਹੋਣਗੇ ਲੂਟਨਗੇ ਲਾਹੌਰ ॥ ਪੋਠੋਹਾਰ ਕੋ ਸੋਧ ਕੇ ਫਿਰ ਲੈਵੇਂ ਪਸ਼ੌਰ ॥ ਚੌਂਕੀ ਅਟਕ ਬਹਾਲ ਕੇ ਖੋਲੇਂ ਖੈਬਰ ਤੰਗ ॥ ਜਲਾਲਾਬਾਦ ਕੋ ਜੀਤ ਕੇ ਕਾਬੁਲ ਹੋਸੀ ਜੰਗ ॥ ਕਾਬਲ ਰਾਜ ਬਹਾਲ ਕੇ ਗਜ਼ਨੀ ਕੋ ਫਿਰ ਲੇਂਹ ॥ ਮੁਲਕ ਹਜ਼ਾਰਾ ਸੋਧ ਕੇ ਕੰਧਾਰ ਕੂਚ ਕਰੇਂਹ ॥ ਬਲਖ ਬੁਖਾਰਾ ਸਾਧ ਕੇ ਫਿਰ ਲੇਵੇਂ ਸਿੰਧ ਬਲੋਚ ॥ ਉਨ ਮੁਲਕੋਂ ਕੋ ਜੀਤ ਕੇ ਜ਼ਬਤ ਕਰੇਂ ਸਭ ਲੋਗ ॥ ਮੱਕਾ ਮਦੀਨਾ ਰੂਮ ਕੋ ਮਰਹਟਾ ਭੀਲ ਫਰੰਗ ॥ ਦਖਨ ਪੂਰਬ ਹਿੰਦ ਕੋ ਜੀਤ ਕਰੇਂਗੇ ਜੰਗ ॥ ਦਿਲੀ ਤਖਤ ਪਰ ਬਹਿਗੀ ਆਪ ਗੁਰੂ ਕੀ ਫ਼ੌਜ ॥ ਛਤ੍ਰ ਝੁਲੇਗਾ ਸੀਸ ਪਰ ਬੜੀ ਕਰੇਗੀ ਮੌਜ ॥ ਉਦੇ ਅਸਤ ਲੌ ਹਮੀਂ ਹੈ ਅਵਰ ਨ ਰਹਸੀ ਕੋਇ ॥

Scanned with CamScanner

ਅਰਥ—(ਉਦੇ ਅਸਤ) = ਸੂਰਜ ਕੇ ਚੜ੍ਹਨੇ ਸੇ ਲੇਕਰ ਸੂਰਜ ਕੇ ਡੂਬਨੇ ਤਕ (ਸਾਰੀ ਦੁਨੀਆਂ ਮੇਂ) ॥

ਮੂਲ--ਰਈਅਤ ਹੋਇ ਕੇ ਮਿਲੇਗੀ
ਸਭ ਧਰਤੀ ਉਪਰ ਜੋਇ ॥

... ... ...

ਸੱਚੇ ਸਾਹਿਬ ਦੇ ਰਾਜ ਵਿਚ
ਸਤਿਜੁਗ ਹੋਸੀ ਆਨ ॥
ਆਗਿਆ ਚਲੇ ਪੰਥ ਦੀ
ਖਾਏਂ ਨ ਜਮ ਕੀ ਬਾਨ ॥
ਫੌਜ ਫਿਰੇ ਅਕਾਲ ਦੀ
ਮਕੜੀ ਨਿਆਈਂ ਹੋਇ ॥
ਨੀਲਾ ਬਾਨਾ ਪੈਹਰ ਕੇ,
ਅਵਰ ਨ ਦੀਸੇ ਕੋਇ ॥
ਸੁਨਹੁ ਕਾਜ਼ੀ ਰੁਕਨਦੀਨ,
ਸਿੰਘ ਕਰੇਂਗੇ ਰਾਜ ॥
ਮਲੇਛ ਸੇਖ ਖਪ ਜਾਏਂਗੇ,

Scanned with CamScan

ਪੀਰ ਮੁਰੀਦ ਸੁਹਾਬ ॥
ਇਕੋ ਨਾਮ ਸਭ ਜਪੈਂਗੇ,
ਤਬ ਵੇਖਨ ਆਵੈ ਆਪ ॥
ਬੇਈਮਾਨ ਕਸ਼ੁਮਤੀ,
ਦੇਖ ਨਾ ਸਕੇਂ ਪ੍ਰਤਾਪ ॥
ਰਈਅਤ ਹੋਇ ਸਭ ਮਿਲੇਗੀ,
ਸੂਬੇ ਥਾਪੇਂ ਆਪ ॥
ਧਰਤੀ ਦੇਵੈ ਅੰਨ ਧਨ,
ਪਰਬਤ ਦੇਏਂਗੇ ਲਾਲ ।
ਮੇਵੇ ਸਭ ਤਰ ਦੇਂਗੇ,
ਦੇਖੇ ਆਪ ਅਕਾਲ ॥
ਵਾਹਿਗੁਰੂ ਸਭ ਜਪੈਂਗੇ,
ਮੁਕਤ ਆਪਣੀ ਜਾਨ ॥
ਧਰਮਸਾਲ ਬਹੁ ਹੋਇੰਗੀ,
ਛਪੈ ਮਸੀਤ ਕੁਰਾਨ ।
ਪਰਗਟ ਹੋਇ ਆਪ ਪ੍ਰਭੂ,
ਹਰਿਮੰਦਰ ਮੇਂ ਆਇ ॥

Scanned with CamScanner

ਨਾਮ ਕਹਾਵੈ ਵਾਹਿਗੁਰੂ,
ਸਿੰਘ ਮਿਲੈ ਤਬ ਧਾਇ ॥
ਸੱਚਾ ਪੁਰਖ ਅਖਾਇ ਕੇ,
ਦਿਲੀ ਬੈਠਾ ਆਇ ॥
ਪਾਤਸ਼ਾਹੀ ਸੁਖ ਸਿਉਂ ਕਰੇ
ਵੈਰੀ ਰਹੇ ਨ ਕਾਇ ॥
ਜਿਧਰ ਦੇਖੇ ਖਾਲਸਾ.
ਕੰਪੇਂ ਚੌਦਾਂ ਲੋਇ ॥
ਚੌਦਾਂ ਸਹੰਸਰ ਬਰਖ ਲਗ,
ਰਾਜ ਐਸਾ ਹੀ ਹੋਇ ॥

- - -

ਮਾਇਆ ਇਕੱਠੀ ਕਰੰ ਕੇ,
ਦੇਹੋਂ ਲੰਗਰ ਲਾਇ ॥
ਨੰਗਾ ਭੁੱਖਾ ਅਰਥੀਆ,
ਖਾਲੀ ਕੋਈ ਨ ਜਾਇ ॥
ਨਾਨਕ ਆਖੀ ਰੁਕਨ ਦੀਨ,
ਇਹ ਵਰਤੇਗੀ ਰੀਤ ॥

Scanned with CamScan

ਕਰਨੀ ਨਾਮਾ ਜੋ ਪੜੇ,
ਵਧੇ ਸਾਹਿਬ ਸਿਉ ਪ੍ਰੀਤ ॥
ਦੋਹੀ ਫਿਰੇ ਅਕਾਲ ਦੀ,
ਨਿੰਦਕ ਟਿਕੇ ਨਾ ਕੋਇ ॥
ਬਨ ਪਰਬਤ ਸਭ ਭਜੇਂਗੇ,
ਤਰੇ ਜਗਤ ਮੋਂ ਜੋਇ ॥
ਰਾਜ ਕਰੇਗਾ ਖਾਲਸਾ,
ਆਕੀ ਰਹੇ ਨਾ ਕੋਇ ॥
ਖੁਆਰ ਹੋਇ ਸਭ ਮਿਲੇਂਗੇ,
ਬਚੇ ਸ਼ਰਨ ਜੋ ਹੋਇ ॥

Scanned with CamScan

ੴ ਸਤਿਗੁਰ ਪ੍ਰਸਾਦਿ ॥

## * * ਰਾਜ ਨਾਮਾ * *

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਕਾਰੂੰ ਬਾਦਸ਼ਾਹਿ ਨਾਲ ਗੋਸ਼ਟ ਹੋਈ।

ਨੋਟ--ਜਬ ਬਾਬਾ ਨਾਨਕ ਨਿਰੰਕਾਰੀ ਸਭ ਦੇਸ ਜਿਤ ਕਰ ਮੱਕੇ ਸ਼ਰੀਫ ਪਹੁੰਚੇ ਤਬ ਮੱਕੇ ਦੇ ਸਭ ਪੀਰ ਜਿਤੇ, ਰੁਕਨ ਦੀਨ ਕਾਜ਼ੀ ਸਹਿਤ। ਤਬ ਉਥੋਂ ਬਾਬਾ ਜੀ ਮਦੀਨੇ ਨੂੰ ਰਮਦੇ ਭਏ। ਤਬ ਕਾਰੂੰ ਬਾਦਸ਼ਾਹ ਸੇਵਕ ਹੂਆ। ਜਦ ਬਾਬਾ ਸਾਹਿਬ ਪੀਛੇ ਮੁੜਨ ਲਗੇ ਤਬ ਕਾਰੂ ਬੋਲਿਆ ਜੀ ਕਦੀ ਫੇਰ ਭੀ ਦੀਦਾਰੇ ਹੋਸਨ। ਤਬ ਸ੍ਰੀ ਸਤਿਗੁਰੂ ਜੀ ਬੋਲੇ :--

ਸ੍ਰੀ ਮੁਖਵਾਕ ਪਾਤਿਸ਼ਾਹੀ ੧ (ਪਹਿਲੀ)

ਗੁਰ ਨਾਨਕ ਮਕੇ ਜਬ ਗਏ ॥
ਬਹੁੜ ਮਦੀਨਾ ਦੇਖਤ ਭਏ ॥

Scanned with CamScan

ਮਕਾ ਮਦੀਨਾ ਸਭ ਜਿਨ ਲੀਆ ॥
ਕਾਰੂੰ ਆਪਨਾ ਸੇਵਕ ਕੀਆ ॥
ਜਬ ਬਾਬਾ ਪੀਛੇ ਕੋ ਆਵਣ ਲਾਗਾ ॥
ਤਬ ਕਾਰੂੰ ਬੋਲਿਉ ਵਡਭਾਗਾ ॥
ਬਾਬਾ ਅਬ ਤੁਮ ਪੀਛੇ ਕੋ ਰਮੇਂ ॥
ਕਬ ਦੀਦਾਰ ਦੇਹੋਗੇ ਹਮੈਂ ॥

ਤਉ ਫਿਰ ਬਾਬਾ ਬੋਲਿਆ--

ਦਸਵਾਂ ਜਾਮਾ ਪਹਿਰੋਂ ਜਬੈ ॥
ਨਾਮ ਗੋਬਿੰਦ ਸਿੰਘ ਕਹਾਊਂ ਤਬੈ ॥
ਸਿੰਘ ਕਰੂੰ ਸਭਿ ਕੇਸਾ ਧਾਰੀ ॥
ਪੀਲਾਊਂ ਪਾਹੁਲ ਖੰਡੇ ਧਾਰੀ ॥
ਤਬੈ ਖਾਲਸਾ ਪੰਥ ਚਲਾਊਂ ॥
ਵਾਹਿਗੁਰੂ ਕੀ ਫਤੇ ਬੁਲਾਊਂ ॥
ਚਾਰ ਵਰਨ ਦੇ ਏਕਾ ਭਾਈ ॥
ਪਾਂਚੋਂ ਸ਼ਸ਼ਤ੍ਰ ਅੰਗ ਬਨਾਈ ॥
ਕਲਜੁਗ ਹੋਸੀ ਨੀਲਾ ਬਾਣਾ ॥
ਨਾਮ ਖਾਲਸਾ ਸਰਬ ਸਮਾਨਾ ॥

Scanned with CamScanner

ਔਰੰਗੇ ਕੇ ਅਮਲ ਮਝਾਰਾ ॥
ਖਾਲਸਾ ਉਪਜੇ ਅਪਰ ਅਪਾਰਾ ॥
ਤਬ ਹੋਵਹਿੰਗੇ ਬਹੁਤ ਅਖਾੜੇ ॥
ਜੁੱਧ ਜੰਗ ਕੁਛ ਅੰਤ ਨ ਪਾਰੇ ॥
ਬਹੁ ਬਰਖਨ ਲੌ ਰਾਜ ਕਰੈਂਗੇ ॥
ਹਿਰਦੇ ਗੋਬਿੰਦ ਸਿੰਘ ਨਾਮ ਧਰੈਂਗੇ ॥

ਨੋਟ-ਸਿੰਘ ਹਿਰਦੇ ਮੇਂ ਅਕਾਲ ਪੁਰਖ ਕਾ ਸਿਮਰਨ ਕਰੇਂਗੇ।

ਬਹੁਤ ਸੀਸ ਲਾਗੇਂਗੇ ਜਬੈ ॥
ਰਾਜ ਖਾਲਸਾ ਹੋਸੀ ਤਬੈ ॥
ਪ੍ਰਿਥਮੇਂ ਜੀਤੇਂਗੇ ਪੰਜਾਬਾ ॥
ਪਾਛੇ ਅਰ ਦੇਸ ਕੇ ਰਾਜਾ ॥
ਹਿੰਦੁਸਤਾਨ ਉਤਰ ਕੋ ਜੀਤਾ ॥
ਪਸਚਮ ਕੋ ਜੀਤੇਂਗੇ ਮੀਤਾ ॥
ਖੁਰਾਸਾਨ ਜੀਤ ਜਬ ਆਵੇਂ ॥
ਕਾਬੁਲ ਕੰਧਾਰ ਅਮਲ ਚਲਾਵੇਂ ॥
ਈਰਾਨ ਜੀਤ ਅਰਬ ਜਬ ਦੇਖੇਂ ॥

ਅਰਥ ਜੀਤ ਮੱਕਾ ਤਬ ਪੇਖੇਂ ॥
ਮੱਕਾ ਆਵੇਂਗੇ ਜਬੇ ॥
ਬਹੁੜ ਮਦੀਨਾ ਦੇਖੇਂ ਤਬੇ ॥
ਜੀਤ ਮਦੀਨਾ ਹੋਇ ਜੈਕਾਰਾ ॥
ਵਾਹਿਗੁਰੂ ਕਾ ਕਰੇਂ ਉਚਾਰਾ ॥
ਮਲੇਛ ਖਾਲਸੇ ਕਾ ਹੋਸੀ ਨਾਸ ॥
ਸੰਤ ਖਾਲਸੇ ਕਾ ਹੋਸੀ ਪ੍ਰਕਾਸ਼ ॥
ਪਸੁ ਪੰਖੀ ਨਗ ਨਾਗ ਜਪੈਂਗੇ ॥
ਮਨੁਖ ਵਨ ਤ੍ਰਿਣ ਸਭਿ ਥਾਪ ਥਪੈਂਗੇ ॥
ਜਲ ਥਲ ਮਹੀਅਲ ਜਪੇ ਅਕਾਲ ॥
ਵਾਹਿਗੁਰੂ ਜਪ ਹੋਤ ਨਿਹਾਲ ॥
ਇਕੋ ਮਜ਼ਬ ਖਾਲਸਾ ਹੋਸੀ ॥
ਔਰ ਮਜ਼ਬ ਕੋ ਰਹਨ ਨ ਪੌਸੀ ॥
ਵਾਹਿਗੁਰੂ ਕਾ ਜਪਸਨ ਜਾਪ ॥
ਦੂਖ ਦਰਦ ਬਿਨਸੇ ਸੰਤਾਪ ॥
ਕਲਜੁਗ ਨਾਨਕ ਰਾਜ ਚਲਾਇਆ ॥
ਧੁਰ ਦਰਗਾਹੋਂ ਪ੍ਰਭ ਤੇ ਲੈ ਆਇਆ ॥

Scanned with CamScan

ਨਿਰਗੁਨੀਆਰੇ ਪ੍ਰਭ ਤੇਰੀ ਸਰਨਾਈ ॥
ਨਾਨਕ ਸਾਧ ਪ੍ਰਭ ਭੇਦ ਨ ਭਾਈ ॥

ਅਥ ਗੋਸ਼ਟ ਨਾਮਾ ਕਾਰੂੰ ਬਾਦਸ਼ਾਹ ਨਾਲ ਬਾਬੇ ਜੀ ਦਾ ਸੰਪੂਰਨ ਭਇਆ ॥

॥ ਬੋਲੋ ਵਾਹਿਗੁਰੂ ਜੀ ॥

*
*

Scanned with CamScan

ੴ ਸ੍ਰੀ ਵਾਹਿਗੁਰੂ ਜੀ ਕੀ ॥

## ਮੁਖਵਾਕ ਹੁਕਮਨਾਮਾ ਪਾਤਸ਼ਾਹੀ ੧੦ ॥

ਇਹ ਵਾਰਤਾ ਸ੍ਰੀ ਕਲਗੀਧਰ ਪਾਤਸ਼ਾਹ ਦੇ ਦਸਣ ਤੋਂ ਲਿਖ ਰਹੇ ਹਾਂ, ਜੋ ਕਿ ਤਪ ਸੱਤਾਂ ਰਿਸ਼ੀਆਂ ਦਾ ਮਿਲ ਕੇ ਸਹਾਇਤਾ ਅਨੁਸਾਰ ਜਿਨ੍ਹਾਂ ਪਾਸ ਇਹ ਪੱਤਰ ਆ ਰਿਹਾ ਹੈ, ਉਨ੍ਹਾਂ ਉਤੇ ਉਸ ਤਪ ਦੀ ਸਹਾਇਤਾ ਅਨੁਸਾਰ ਕੋਈ ਵੀ ਤਾਕਤ ਉਸ ਤੇ ਅਸਰ ਨਹੀਂ ਕਰੇਗੀ। ਐਟਮ, ਗੋਲੀ, ਬਰੂਦ, ਸਿੱਕਾ ਰਾਜਨੀਤੀ ਦੀ ਸਭ ਤਾਕਤਾਂ ਇਸ ਅਨੁਸਾਰ ਫੇਲ ਹੋ ਜਾਣਗੀਆਂ। ਇਹ ਉਨ੍ਹਾਂ ਪੁਰਸ਼ਾਂ ਤੇ ਅਸਰ ਹੋਏਗਾ ਜਿਹੜੇ ਪੁਰਸ਼ ਇਸ ਨੂੰ ਸੱਚ ਸਮਝਣਗੇ ਥੋੜੇ ਦਿਨਾਂ ਤੋਂ ਬਾਅਦ ਦੁਨੀਆਂ ਵਿਚ ਅੰਧਘੋਰ ਹੋ ਜਾਏਗਾ

Scanned with CamScanner

ਕਿਸੇ ਨੂੰ ਵੀ ਇਹ ਨਹੀਂ ਸੁਝੇਗਾ ਕਿ ਕਿਧਰ ਜਾਣਾ ਹੈ। ਜੋ ਇਸ ਪੱਤ੍ਰ ਨੂੰ ਪੜ੍ਹ ਲਵੇਗਾ ਉਸ ਪਾਸ ਕਲਗੀਧਰ ਪਿਤਾ ਵਲੋਂ ਰੱਬੀ ਤਾਕਤ ਪ੍ਰਗਟ ਹੋ ਜਾਏਗੀ, ਉਸ ਦੀ ਆਤਮਾ ਵਿਚੋਂ ਇਸ ਪੱਤ੍ਰ ਦੀ ਯਾਦ ਪੜ੍ਹੀ ਹੋਈ ਬ੍ਰਹਮ ਵਿਚੋਂ ਅਵਾਜ਼ ਆਉਣੀ ਸ਼ੁਰੂ ਹੋ ਜਾਏਗੀ। ਜੋ ਕਿ ਕਲਗੀਧਰ ਪਿਤਾ ਇਸ ਅੰਧਘੋਰ ਸਮੇਂ ਅਨੁਸਾਰ ਇਸ ਤਪੱਸਿਆ ਦੁਆਰਾ ਤਪ ਦੁਆਰਾ ਰਛਿਆ ਕਰ ਰਹੇ ਹਨ ਅਤੇ ਜਿਸ ਸਮੇਂ ਇਹ ਅੰਧਘੋਰ ਆਏਗਾ ਛੇ ਤਪੱਸ ਵੀ ਸਤਵਾਂ ਗੁਰੂ ਕਲਗੀਧਰ ਜੀ ਦਾ ਤਪ ਪਰਬਤਾਂ ਦੀ ਤਰਫੋਂ ਸ਼ਤਰੀ ਵਾਂਗੂ ਉਨ੍ਹਾਂ ਪੁਰਸ਼ਾਂ ਤੇ ਆ ਜਾਏਗਾ ਜਿਨ੍ਹਾਂ ਪੁਰਸ਼ਾਂ ਨੇ ਇਹ ਪੱਤ੍ਰ ਪੜ੍ਹ ਲਿਆ ਅਤੇ ਕਲਗੀਧਰ ਵਲੋਂ ਪਰਬਤਾਂ ਦੀ ਤਰਫ ਚਾਰ ਛਾਉਣੀਆਂ ਮੁਕੱਰਰ ਕੀਤੀਆਂ ਗਈਆਂ ਹਨ :-

Scanned with CamScan

੧. ਪੌਂਟਾ ਸਾਹਿਬ ੨. ਸਤੌਨ ੩. ਬੜੂ ੪. ਕੁਆਰਟੀ ਅਤੇ ਪੰਜਵੀਂ ਰਵਾਲਸਰ ਜੋ ਕਿ ਜਿਸ ਟਾਇਮ ਅੰਧਘੋਰ ਆਉਂਦਾ ਨਜ਼ਰ ਆਏ ਉਸ ਟਾਇਮ ਖੰਡਾ ਲੈ ਕੇ ਸਿਰ ਤੋਂ ਇਕ ਗਿੱਠ ਉੱਚਾ ਇਸ ਤੇ ਕੇਸਰੀ ਜਾਂ ਨੀਲਾ ਚੋਲਾ ਚੜ੍ਹਾ ਲੈਣਾ। ਨਿਸ਼ਾਨ ਸਾਹਿਬ ਫੜਕੇ ਪੰਜ ਸਿੰਘ ਇਕੱਠੇ ਹੋ ਕੇ, ਜੈਕਾਰਾ ਜ਼ੋਰ ਨਾਲ ਛੱਡਣਾ। ਉਸ ਜੈਕਾਰੇ ਦੀ ਅਵਾਜ਼ ਪਰਬਤਾਂ ਵਿਚ ਗੁਰੂ ਕਲਗੀਧਰ ਦੀਆਂ ਛਾਉਣੀਆਂ ਤਕ ਜਾਵੇਗੀ ਤੇ ਛਾਉਣੀਆਂ ਤੋਂ ਗੁਰੂ ਖਾਲਸੇ ਦੀ ਅਵਾਜ਼ ਇਹ ਨਿਸ਼ਾਨ ਜੋ ਤੁਸੀਂ ਲਗਾਇਆ ਹੈ ਇਸ ਪਾਸ ਪੁਜੇਗੀ। ਇਹ ਅਵਾਜ਼ ਆਪ ਜੀ ਨੂੰ ਪ੍ਰਤੱਖ ਸੁਣੇਗੀ ਇਹ ਅਵਾਜ਼ ਉਨ੍ਹਾਂ ਤਪੱਸਵੀਆਂ ਦੇ ਤਪ ਤੇ ਰੱਛਿਆ ਦੀ ਨਿਸ਼ਾਨੀ ਤੁਹਾਨੂੰ ਪ੍ਰਤੱਖ ਪ੍ਰਗਟ ਹੋਈ ਨਜ਼ਰ ਆਏਗੀ। ਉਸ ਸਮੇਂ ਆਪ ਜੀ ਨੂੰ ਜਿਧਰੋਂ ਇਹ ਅਵਾਜ਼ ਆ ਰਹੀ ਹੈ ਪਹਾੜਾਂ

Scanned with CamScan

ਦੀ ਤਰਫ ਜੈਕਾਰੇ ਬੋਲਦਿਆਂ ਹੋਇਆਂ ਇਨ੍ਹਾਂ ਛਾਉਣੀਆਂ ਤਕ ਪੁਜਣਾਂ ਅਤੇ ਜਿਤਨੀ ਵੀ ਸੈਨਾ ਇਸ ਨਿਸ਼ਾਨ ਪਿਛੇ ਚਲੀ ਆਏਗੀ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ, ਤਾਂ ਕਲਗੀਧਰ ਪਿਤਾ ਜੀ ਉਨ੍ਹਾਂ ਜੀਵਾਂ ਦੇ ਸਹਾਇਕ ਹੋਣਗੇ ਅਤੇ ਤੁਰੇ ਜਾਂਦਿਆਂ ਸ਼ਬਦ ਸਤਿਨਾਮ ਸ੍ਰੀ ਵਾਹਿਗੁਰੂ ਸਤਿਨਾਮ ਸ੍ਰੀ ਵਾਹਿਗੁਰੂ ਸਤਿਨਾਮ ਸ੍ਰੀ ਵਾਹਿਗੁਰੂ ॥ ਜਾਪ ਕਰਦਿਆਂ ਹੋਇਆਂ ਪੁਜਣਾ ਅਤੇ ਆਪ ਨੂੰ ਅੱਗੋਂ ਕਲਗੀਧਰ ਦਾ ਗੁਰੂ ਖਾਲਸਾ ਆਪ ਹੀ ਆ ਮਿਲੇਗਾ ਜੀ।

ਸੰਤ ਜੀ ਨੂੰ ਮਹਾਰਾਜ ਜੀ ਦਸਮ ਪਾਤਸ਼ਾਹ ਮਿਲੇ ਤੇ ਉਨ੍ਹਾਂ ਨੇ ਇਹ ਲਿਖਾਇਆ-

ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

Scanned with CamScanner

# ਸ੍ਰੀ ਦਸਮੇਸ਼ ਹੁਕਮ

ਸਿੰਘ ਸਭਾ ਮੇਂ ਕਹਿਤ ਹੈਂ,
ਕਲਗੀਧਰ ਦਸਮੇਸ਼।
ਸੁਣੋ ਭਵਿਖਤ ਵ੍ਾਰਤਾ,
ਜੋ ਕਹੂੰ ਤੁਮਾਰੇ ਹੇਤ।
ਜ਼ੋ ਤੁਮ ਮੇਰੇ ਬਚਨ ਕੀ,
ਕਰੋ ਪਾਲਨਾ ਨਾਹਿੰ।
ਤੀਨ ਸਦੀ ਲੌ ਖਾਲਸਾ,
ਦੁਖ ਭੋਗੇਂਗੇ ਤਾਹਿੰ।
ਰਾਜ ਕਰੇਗਾ ਖਾਲਸਾ,
ਅਧੀ ਸਦੀ ਪੰਜਾਬ।
ਫਿਰ ਤੁਮਰੀ ਕਰਤੂਤ ਕਾ,
ਐਸਾ ਮਿਲੇ ਜਵਾਬ।
ਰਾਜ ਕਾਜ ਸਭ ਜਾਏਗਾ,

Scanned with CamScan

ਔਰ ਪੰਥ ਕੀ ਸ਼ਾਨ।
ਗੁਰਧਾਮਾਂ ਪਰ ਮਾਲਕੀ,
ਸਾਧ ਕਰੇਂਗੇ ਆਨ।
ਫੇਰ ਖਾਲਸਾ ਰਹੇਗਾ,
ਹੋਕਰ ਤਾਬਿਆਦਾਰ।
ਪੇਟ ਭਰੇਗਾ ਦੀਨ ਹੋ,
ਜੋ ਡਾਢੇ ਸਰਦਾਰ।
ਭੁਲ ਜਾਇਗਾ ਖਾਲਸਾ,
ਆਪਣੀ ਕੁਲ ਕੀ ਚਾਲ।
ਏਕ ਰੂਪ ਹੋ ਜਾਏਂਗੇ,
ਦੋਵੇਂ ਸਿੰਘ ਸਿਆਲ।
ਉਨੀ ਸੌ ਕੇ ਸਾਲ ਮੇਂ
ਪਹਿਲੇ ਉਨੀ ਸਾਲ।
ਮੈਨ ਦੁਆਬ ਮੇਂ ਹੋਏਗੇ,
ਪੈਦਾ ਗੁਰ ਕੇ ਲਾਲ।
ਜਨਮ ਲਏਗਾ ਨੀਚ ਘਰ,
ਫੇਰ ਸਜੇਗਾ ਸਿੰਘ।

Scanned with CamScanner

ਸਰਬ ਜੀਤ ਪੰਡਤ ਹੋਇ,
ਪਾਵੇ ਪਦ ਮਰਗਿੰਦ।
ਟੂੰਬ ਜਗਾਵੇ ਖਾਲਸਾ,
ਐਸੇ ਕਰੀ ਵਿਚਾਰ।
ਫੇਰ ਖਾਲਸਾ ਪੰਥ ਕੋ,
ਘਰ ਘਰ ਕਰੂ ਪ੍ਰਚਾਰ।
ਘਰ ਘਰ ਅੰਦਰ ਬਨੇਗਾ,
ਅੰਮ੍ਰਿਤ ਖੰਡੇ ਧਾਰ।
ਫੇਰ ਖਾਲਸਾ ਹੋਇਗਾ,
ਪੈਦਾ ਦੂਜੀ ਵਾਰ।
ਜਥਾ ਫਿਰ ਇਕ ਹੋਇਗਾ,
ਕਾਲੇ ਕਾਲੀ ਰੀਤ।
ਰਾਜਾ ਪਰਜਾ ਤਾਹਿੰ ਕੀ,
ਸਭੀ ਕਰੇਂ ਪ੍ਰਤੀਤ।
ਫਿਰ ਮਾਲਵਾ ਦੇਸ ਮੇਂ,
ਜੱਥਾ ਬਨੇਗਾ ਔਰ।
ਨਿਰਪ ਸਹਾਇਤਾ ਕਰੇਂਗੇ,

Scanned with CamScanner

ਰਸਮ ਪੁਰਾਤਨ ਤੋਰ।
ਇਸੀ ਦੇਸਮੇਂ ਹੋਇਗਾ,
ਫਿਰ ਇਕ ਪੂਰਨ ਸੰਤ।
ਬਹੁਤ ਸਜਾਵੇ ਖਾਲਸਾ,
ਦੇਸ਼ ਦੇਸ਼ ਬਿਅੰਤ।
ਫਿਰ ਸਿੰਘਨ ਕੋ ਹੋਇਗੀ,
ਆਨ ਸ਼ਾਨ ਕੀ ਲਾਜ।
ਬਲੀਦਾਨ ਤਬ ਹੋਇੰਗੇ,
ਗੁਰਧਾਮੋਂ ਕੇ ਕਾਜ।
ਆਪਸ ਸੇਂ ਭਿੜ ਮਰੇਂਗੇ,
ਖਾਲਸਾ ਰਣਜੀਤੇ ਪਸਚਾਤ।
ਖੰਡ ਖੰਡ ਕਰ ਚੁਗਲਨ ਕੋ,
ਪਾਪ ਕਰ ਬਿਨਸੇ ਬਾਤ।
ਪਾਪ ਕਰ ਬਿਨਸੇ ਬਾਤ,
ਇਹਨੇ ਫਿਰ ਹੋਇ ਗਰੂਰਾ।
ਅਨਿਕ ਭਾਂਤ ਮਾਰ ਖਾਵੰਦੇ,
ਕਰ ਇਨ ਕੋ ਚੂਰਾ।

Scanned with CamScan

ਭਾਰਤ ਦੀਨ ਅਧੀਨ ਕਰ,
ਹਰ ਹਰ ਵਿਰਲਾਪ।
ਸੰਭਲ ਕੇ ਜਨ ਆਇਓ,
ਖਾਲਸਾ ਰਣ ਜੀਤੇ ਪਸਚ ਤਾਂ।

— 0 —

ਜ਼ੁਲਮ ਅੰਧੇਰੀ ਚਲੇਗੀ,
ਪਹਿਲੇ ਦੇਸ਼ ਪੰਜਾਬ।
ਫਿਰ ਲੂਟੇਂਗੇ ਹਿੰਦ ਕੋ,
ਦੇ ਨ ਸਕੇ ਕੋ ਜਵਾਬ।
ਸਾਵਨ ਸ਼ੁਕਲਾ ਪੱਖ ਮੇਂ,
ਪਕੜ ਜਾਏ ਰਿਪੁ ਜ਼ੋਰ।
ਮੈਨ ਦੇਸ ਕੋ ਭਸਮ ਕਰ,
ਬਨਤ ਬਨਾਵੇਂ ਔਰ।
ਮਮ ਸਿੰਘਨ ਕੋ ਚਾਹੀਏ,
ਤਜੇ ਗ੍ਰਾਮ ਕੋ ਬਾਸ।
ਜ਼ੋਰਾਵਰ ਕਰ ਹੋ ਰਹੇਂ,
ਤਾਕਤ ਇਨ ਕੇ ਪਾਸ।

Scanned with CamScan

ਸਰਬ ਸ਼ਹੀਦੀ ਪਾਈਏ,
ਰਖਿਆ ਹਿਤ ਗੁਰਧਾਮ।
ਫ਼ਰਜ਼ ਅਦਾ ਕਰ ਕੇ ਚੜ੍ਹੋ,
ਸਫਲ ਜਨਮ ਤਬ ਜਾਨ।
ਬੀਕਾ ਨੇਰ ਪਹਾੜ ਮੇਂ
ਜਾ ਸਾਭਰ ਕੀ ਝੀਲ।
ਪੰਜਾਬ ਛੋੜ ਇਨਮੇਂ ਬਸੇਂ
ਪੂਰਨ ਇਹ ਦਲੀਲ।
ਪਸ਼ਾਵਰ ਸਿੰਧ ਪੰਜਾਬ ਮੇਂ
ਇਨ ਸੂਬੋਂ ਮੇਂ ਜਾਨ।
ਬੁਰੀ ਤਰ੍ਹਾਂ ਸੇ ਮਚੇਗਾ
ਆਪਸ ਮੇਂ ਘਮਸਾਨ।
ਘੋਰ ਯੁਧ ਤਬ ਹੋਇਗਾ
ਕਾਂਪੇ ਧਰਤ ਅਕਾਸ਼।
ਇਨੀਂ ਸਾਲੋਂ ਮੇਂ ਹੋਇਗਾ
ਦੁਸ਼ਟ ਬੰਸ ਕੋ ਨਾਸ।

Scanned with CamScanner

# ਕਮਿਊਨਿਸਟ ਲਹਿਰ ਜ਼ੋਰਾਂ ਤੇ

ਜੇਤੇ ਧਰਮ ਹੈਂ ਜਗਤ ਮੇਂ
ਹਰ ਜਗਾ ਅਰ ਦੇਸ।
ਸਹਿਜੇ ਸਹਿਜੇ ਜਾਏਂਗੇ
ਪਲਟ ਸਭੀ ਕੋ ਭੇਸ।
ਰਕਤ ਰੂਪ ਮੇਂ ਹੋਏਂਗੇ
ਦੁਨੀਆਂ ਭਰ ਕੇ ਸਿੰਧ।
ਉਸੀ ਸਮੇਂ ਮੇਂ ਜਾਨੀਓਂ
ਦੁਖੀ ਹੋਏ ਬਹੁ ਹਿੰਦ।
ਮੁਲਕ ਮੁਲਕ ਹਰ ਦੇਸ ਮੇਂ
ਜਗ੍ਹਾ ਜਗ੍ਹਾ ਹੋਇ ਜੰਗ।
ਧਰਨੀ ਤਰ ਹੋਇ ਖੂਨ ਸੇ
ਦੀਸੇ ਸੁਰਖੀ ਰੰਗ।
ਔਰ ਔਰ ਸੋਂ ਭਿੜੇਂਗੇ
ਉਨ ਮੁਲਕੋਂ ਕੇ ਦੇਸ।
ਕੋਈ ਤਰਫ ਹੋਟੇ ਨਹੀਂ

Scanned with CamScanner

ਕਿਆ ਰਾਜਾ ਦਰਵੇਸ਼।
ਜਾਨ ਜੁਆਨੀ ਕਰਮ ਸਭ
ਧਰਮ ਸ਼ਰਮ ਅਰ ਲਾਜ।
ਹਿੰਦ ਦੇਸ ਕੇ ਲੜੇਂਗੇ
ਸਭੀ ਪਰਾਏ ਕਾਜ।
ਸਦੀ ਬੀਸਵੀਂ ਬੀਤ ਕਰ
ਚੜ੍ਹਤੇ ਪਹਿਲਾ ਸ ਲ।
ਤਬ ਪੂਰਬ ਕੇ ਦੇਸ ਮੇਂ
ਪਕੜੇ ਜੰਗ ਜਵਾਲ।
ਉੜੀਸਾ ਆਸਾਮ ਮੇਂ
ਔਰ ਬੰਗਾਲਾ ਦੇਸ।
ਹਿੰਦ ਕੇ ਸਾਥ ਹੀ
ਮਰਹਟਾ ਮਾਰੂ ਦੇਸ।
ਤਿੱਬਤ ਮੁਲਕ ਪਹਾੜ ਕੇ
ਔਰ ਨੇਪਾਲ ਭੂਟਾਨ।
ਇਨ ਦੇਸਨ ਕੇ ਸਾਥ ਹੀ
ਬਿਹਾਰ ਰਾਜ ਪੂਤਾਨ।

Scanned with CamScanner

ਇਨ੍ਹੀ ਸਾਲ ਕੇ ਅੰਤਰੇ
ਧਾਰੇ ਗ਼ਦਰ ਸਰੂਪ ।
ਮੁਲਜ਼ਮ ਬਾਂਧੇ ਜਾਏਂਗੇ,
ਇਨ ਦੇਸਨ ਕੇ ਭੂਪ ।
ਗਦਰ ਮਚੇ ਇਨ ਸਾਲ ਮੇਂ,
ਹਾਲਤ ਹੋਇ ਖਰਾਬ ।
ਸਾਰੇ ਮਾਰੇ ਜਾਏਂਗੇ,
ਇਨ ਮੁਲਕੋਂ ਕੇ ਤਾਬ ।
ਇਹਨੀਂ ਸਾਲੋਂ ਮੇਂ ਹੋਇਗਾ,
ਐਸਾ ਜ਼ੁਲਮੀ ਜੰਗ ।
ਇਨ ਦੇਸਨ ਕੇ ਆਦਮੀ,
ਕਰੇਂ ਗਦਰ਼ ਕੀ ਮੰਗ ।

Scanned with CamScanner

# ਅੰਗਰੇਜ਼ਾਂ ਨੇ ਹਿੰਦ ਦਾ ਰਾਜ ਛੱਡਣਾ

ਸਦੀ ਬੀਸ ਕੇ ਬਾਅਦ ਮੇਂ,
ਚੜ੍ਹਤੇ ਹੀ ਸੰਮਤ ਤੀਨ।
ਕਾਯਾ ਪਲਟੇ ਹਿੰਦ ਕੀ,
ਮਨ ਮੈਂ ਧਰੋ ਯਕੀਨ।
ਰਾਜ ਅਸਬਾਬ ਸੰਭਾਲ ਕਰ,
ਦੇਸ ਸਭਾ ਕੇ ਹਾਥ (ਕਾਂਗਰਸ)
ਵਿਦਾ ਹੋਇੰਗੇ ਹਿੰਦ ਸੇ,
ਚੋਰ ਨਿਵਾ ਕਰ ਮਾਥ।
ਬੀਜ ਵੈਰ ਕਾ ਬੋਇ ਕੇ,
ਤਬੈ ਫਰੰਗੀ ਜਾਤ।
ਆਗ ਲਗਾਵੇਂ ਮੁਲਕ ਮੇਂ,
ਕੁਟਲ ਨੀਤ ਕੇ ਸਾਥ।

Scanned with CamScanner

ਸਾਲ ਬੀਸ ਪਰ ਚਾਰ ਕੋ,
ਤੁਮਹਿਂ ਸੁਨਾਊਂ ਹਾਲ।
ਬੁਰੀ ਲੜਾਈ ਹੋਇਗੀ,
ਬਹੈਂ ਖੂਨ ਕੀ ਖਾਲ।
ਦੇਇ ਕੇ ਆਗ ਵਿਰੋਧ ਕੀ,
ਭਾਰਤ ਅੰਦਰ ਜਾਨ।
ਆਪਸ ਮੇਂ ਕੱਟ ਮਰੇਂਗੇ,
ਹਿੰਦੂ ਮੁਸਲਮਾਨ।
ਬਹੁਤ ਲੜੇਗਾ ਖਾਲਸਾ,
ਅਪਨੇ ਵਿਤ ਸਮਾਨ।
ਲਾਜ ਪਦਾਰਥ ਆਬਰੂ,
ਖਤਮ ਹੋਇਗੀ ਜਾਨ।
ਫਿਰ ਮਾਲਵਾ ਦੇਸ ਕਾ,
ਦੁਖੀ ਹੋਇ ਸਭ ਗ੍ਰਾਮ।
ਖੰਡਰ ਹੋਇਕੇ ਉਜੜੇ,
ਪਟਲੇਸ਼੍ਵਰ ਕੇ ਧਾਮ।
ਦੇਸ ਤਿਆਗੇਂ ਆਪਣਾ,

Scanned with CamScan

ਜਬ ਮਾਝੇ ਕੇ ਲੋਗ।
ਤਬੈ ਦੁਆਬਾ ਮਾਲਵਾ,
ਸਭੇ ਸਫ਼ਾਇਆ ਹੋਗ।
ਡਰ ਜਾਇਗਾ ਖਾਲਸਾ,
ਘੋਰ ਬ੍ਰਿਪਤ ਕੇ ਮਾਹਿੰ।
ਜਿਤ ਜਾਇ ਧਿਰਕਾਰ ਹੋਇ,
ਬਾਤ ਨ ਪੂਛੇ ਕੋਇ।
ਤਬ ਭੈ ਖਾਵੈ ਖਾਲਸਾ,
ਬੈਠੇ ਛੋਡ ਧਰਵਾਸ।
ਆਸ ਟਿਕਾਏ ਏਕ ਪਰ,
ਤੇਗ ਕ੍ਰਿਪਾਨ ਨ ਰਾਸ।
ਸ਼ਸਤ੍ਰ ਬਸਤ੍ਰ ਛਿਨ ਜਾਏਂਗੇ,
ਛਿਨ ਜਾਏ ਪਰਤਾਪ।
ਦੁਖੀ ਹੋਇ ਬਹੈ ਖਾਲਸਾ,
ਨਿਰਧਨ ਹੋਇਆ ਆਪ।
ਵਿਪਤ ਘਟਾ ਐਸੀ ਚੜ੍ਹੈ,
ਲੇਹ ਖ਼ਾਲਸਾ ਘੇਰ।

Scanned with CamScan

ਕਰ ਮਾਰੇ ਸੁਝੇ ਨਹੀਂ,
ਚਾਰੋਂ ਤਰਫ਼ ਅੰਧੇਰ।
ਜਿਨਕੀ ਰਖਿਆ ਕਾਰਨੇ,
ਕੀਓ ਪੰਥ ਪਰਕਾਸ਼।
ਓਟ ਤਕਾਵਨ ਜਾਏਂਗੇ,
ਸਿੰਘ ਉਨਹੋਂ ਕੇ ਪਾਸ।
ਬਾਦ ਫਰੰਗੀ ਜਾਨ ਕੇ,
ਹੀਜ ਕਰੇਂਗੇ ਰਾਜ।
ਭਾਰਤ ਕਤਲ ਕਰਾਏਂਗੇ,
ਅਪਨੇ ਹਿਤ ਕੇ ਕਾਜ।
ਦਰਬ ਮੁਲਕ ਕੋ ਜਾਨ ਕਰ,
ਖੂਬ ਲੁਟਾਵੇਂ ਆਪ।
ਦੇਸ ਗਦਾਰੀ ਕਰੇਂਗੇ,
ਘੋਰ ਕਮਾਵੇਂ ਪਾਪ।
ਚਾਰ ਬੀਸ ਕੇ ਬਾਅਦ ਮੇਂ,
ਪਾਂਚ ਸਾਲ ਕੋ ਆਦਿ।
ਹਿੰਦ ਹਕੂਮਤ ਦੇਸ਼ ਸਭ,

Scanned with CamScanner

ਹੋਇ ਸਗਲ ਬਰਬਾਦ।
ਇਸ ਪਾਂਚ ਕੇ ਸਾਲ ਮੇਂ,
ਹੋਇਗਾ ਐਸਾ ਜੰਗ।
ਪਾਂਚੇ ਆਬ ਪੰਜਾਬ ਕੇ,
ਬਹੇਂ ਖ਼ੂਨ ਕੇ ਰੰਗ।

---

ਦੁਸ਼ਮਣ ਦਲ ਐਸਾ ਚੜ੍ਹੇ,
ਜਿਉਂ ਮੱਕੜੀ ਕਾ ਜਾਲ।
ਜਾਨ ਬਚਾਵਣ ਕਾਰਨੇ,
ਦੁਨੀਆਂ ਫਿਰੇ ਬਿਹਾਲ।
ਬੁਰੀ ਤਰ੍ਹਾਂ ਸੇ ਮੱਚੇਗਾ,
ਭਾਰਥ ਪੁਰ ਮੇਂ ਸ਼ੋਰ।
ਪੂਰਬ ਪੱਛਮ ਓਰ ਸੇ,
ਕਟਕ ਚੜ੍ਹੇ ਕਰ ਜ਼ੋਰ।
ਥਰ ਥਰ ਕੰਪੇ ਜ਼ੁਲਮ ਸੇ,
ਸਭ ਪੂਰਬ ਕਾ ਦੇਸ਼।
ਬਰਸੇ ਅਗਨ ਅਕਾਸ਼ ਸੇ,

Scanned with CamScan

ਮੰਦਰ ਸ਼ਹਿਰ ਜਲੇਸ।
ਸੜੇ ਸ਼ਹਿਰ ਦੱਖਣ ਵਿਖੇ,
ਸਾਗਰ ਤਟ ਪਰ ਜੋਇ।
ਖੰਡਤ ਹੋਇ ਪਰਜਾ ਮਰੇ,
ਜੀਵਤ ਰਹੇ ਨਾ ਕੋਇ।

*

ਕਰੇ ਲੜਾਈ ਖਾਲਸਾ,
ਫੌਜਾਂ ਹੋਇ ਤਿਆਰ।
ਸਿੰਘ ਬਹਾਦਰ ਸੂਰਮੇਂ,
ਜੋਧੈ ਬਲੀ ਸਰਦਾਰ।
ਸਿੰਘ ਭੂਪ ਤਬ ਉਠੈਂਗੇ
ਬੜ੍ਹੈ ਪੰਥ ਕੀ ਸ਼ਾਨ।
ਫਿਰ ਦੋਬਾਰਾ ਲਹੇਂਗੇ,
ਗਈ ਹੋਈ ਕ੍ਰਿਪਾਨ।
ਫਿਰ ਲਲਕਾਰੋਂ ਪੰਥ ਕੋ,
ਸਿੰਘ ਭੂਪ ਧੀਰ ਧੀਰ।
ਉਠੋ ਬਹਾਦਰ ਖਾਲਸਾ,

Scanned with CamScan

ਸਿੰਘ ਬਲੀ ਰਣਬੀਰ ।
ਸਿੰਘ ਗਾਜੇਂਗੇ ਸੂਰਮੇ,
ਅਤਿ ਜੋਧੇ ਬਲਵਾਨ ।
ਤਬ ਲੇਵੇਂ ਸਭ ਹਿੰਦ ਕੀ,
ਆਪਣੇ ਹਥ ਕਮਾਨ ।
ਫੌਜਾਂ ਬਣੇਂ ਅਕਾਲ ਕੀ,
ਧਰੇਂ ਅਕਾਲੀ ਭੇਸ ।
ਜਥੇ ਚੜ੍ਹਾਈ ਕਰੇਂਗੇ
ਸਭ ਨਿਵਾਵੇਂ ਦੇਸ ।
ਜਿਉਂ ਘਨ ਘਟਾ ਮੇਂ ਦਾਮਨੀ,
ਚਮਕੇ ਹੋਇ ਪ੍ਰਕਾਸ਼ ।
ਇਉਂ ਲਿਸ਼ਕਾਰੇ ਪੈਣਗੇ,
ਤੇਗ ਖਾਲਸੇ ਹਾਥ ।
ਆਗੇ ਹੈ ਦਲ ਪੰਥ ਕੋ,
ਫੇਰ ਬਹਾਦਰ ਔਰ ।
ਦੁਸ਼ਮਣ ਕੇ ਰਾਜ ਕਾਜ ਕੋ,
ਸੂਝੇ ਔਰ ਨਾ ਠੌਰ ।

Scanned with CamScan

ਸਿੰਘ ਬਹਾਦਰ ਗੋਰਖਾ,
ਰਾਜਪੂਤ ਅਰ ਜਾਟ।
ਬਿਹਾਰ ਮਰਹਟਾ ਗੜ੍ਹਵਾਲੀਏ,
ਮਜ਼ਹਬੀ ਕੌਮਾਂ ਆਨ।
ਸਿੰਘ ਭੂਪ ਹੀ ਹੋਏਂਗੇ,
ਸਭ ਕੇ ਜਥੇਦਾਰ।
ਹੋਰ ਬਹਾਦਰ ਸੂਰਮੇਂ,
ਜੋਧੇ ਬੜੇ ਅਪਾਰ।

Scanned with CamScanner

# ਦਸਮੇਸ਼ ਜੀ ਦੇ ਆਉਣ ਦੀਆਂ ਨਿਸ਼ਾਨੀਆਂ

ਕਾਬਲ ਕੀ ਧਰਤੀ ਵਿਖੇ,
ਦਗ਼ੇ ਤੋਪ ਜਬ ਜਾਨ।
ਤਬ ਹੀ ਸੱਚ ਇਹ ਸਮਝੀਓ,
ਹਮ ਹੈਂ ਪਹੁੰਚੇ ਆਨ।
ਸੰਮਤ ਨੌਂ ਨਵੇ ਮਧ ਵਿਖੇ,
ਜ ਗੇ ਖਾਲਸਾ ਨਿਹੰਗ।
ਵਿਚ ਨੌ ਨਵੇਂ ਹੋਇਗਾ,
ਦਿਲੀ ਤਖਤ ਮੇਂ ਜੰਗ।
ਤਬ ਨਿਸ਼ਾਨਚੀ ਚਲੇਂਗੇ,
ਰੱਖ ਨਗਾਰੇ ਚੋਟ।
ਤਬ ਖਾਲਸਾ ਲੜੇਗਾ,
ਰਖ ਅਕਾਲ ਕੀ ਓਟ।
ਫੀਰੋਜ਼ਪੁਰ ਕੀਓ ਸ਼ਿਕਾਰਾ,
ਲਾਹੌਰ ਸਹਿਰ ਜਾਇਗਾ ਮਾਰਾ।

Scanned with CamScanner

ਸਹਾਰਨਪੁਰ ਮਾਰੇ ਜੈਕਾਰਾ,
ਤਬ ਚੜ੍ਹੇ ਖਾਲਸਾ ਬੇਸ਼ੁਮਾਰਾ।
ਛਤ੍ਰ ਜੋ ਜਨ ਦਿਲੀ ਰਹੇ,
ਰਾਜਾ ਤਜੇ ਪ੍ਰਾਣ।
ਰਾਜ ਕਰੇਗਾ ਖਾਲਸਾ,
ਸਭ ਜਗ ਕਰੇ ਸਲਾਮ।

ਅਥਵਾ--

ਮਮ ਅਰ ਮਮ ਸੁਤ ਆਏਂਗੇ,
ਤਬ ਕਰੇ ਖਾਲਸਾ ਰਾਜ।

*

ਵਿਚ ਨੌਨਵੇਂ ਜੰਗ ਹੋਏ,
ਬਿਆਸਾ ਟੱਪੇ ਰੂਸ।
ਜਰਮਨ ਭੀ ਤਬ ਆਵਸੀ,
ਕਰ ਕੇ ਭੇਸ ਜਾਸੂਸ।
ਜਬ ਰੂਸ ਚੜ੍ਹੇ ਸ਼ਿਕਾਰ।
ਉਤਰੇ ਪਿਸ਼ੌਰ ਉਰਾਰ।
ਆਨ ਕਰੇਗਾ ਹਿੰਦ ਪਰ,

Scanned with CamScanner

ਜਬੈ ਚੜ੍ਹਾਈ ਰੂਸ।
ਖਤਮ ਹੋਇਗੀ ਦੂਹੂੰਕੀ,
ਉਤਮ ਈਸਾ ਮੂਸ।
ਮਜ਼ਹਬ ਇਬਾਦਤ ਮਾਲਕੀ,
ਕਰਮ ਧਰਮ ਔਰ ਜ਼ਾਤ।
ਦੁਨੀਆਂ ਸੇ ਮਿਟ ਜਾਏਂਗੇ,
ਜਿਉਂ ਚਾਂਦ ਅਮਾਵਸ ਰਾਤ।

ਹੋਰ-

ਰੂਸ ਰੂਮ ਕਾਬਲ ਜਾਪਾਨ।
ਇਹ ਸਭ ਹਿੰਦ ਮੇਂ ਜੁਧ ਮਚਾਨ।

ਹੋਰ-

ਜਬ ਰੂਸ ਪੰਜਾਬੇ ਆਵੇ।
ਰੁਪਏ ਸੇਰ ਅੰਨ ਵਿਕਾਵੇ।
ਉਹਭੀ ਢੂੰਡਿਆਂ ਹੱਥ ਨਾ ਆਵੇ।
ਦੁਨੀਆਂ ਮਰੇ ਅੰਨ ਕੇ ਹਾਵੇ।
ਮੇਰਾ ਸਿੰਘ ਭੁਖਾ ਨਾ ਜਾਵੇ।
ਜਿਥੇ ਦੇਖੇ ਲੰਗਰ ਲਾਵੇ।

Scanned with CamScan

ਘੋਰ ਵਿਪਤ ਮੇਂ ਨਾ ਘਬਰਾਵੇ।
ਹਰ ਮੈਦਾਨ ਫਤਹਿ ਹੀ ਪਾਵੇ।
ਬਚਨ ਸਿੰਘ ਬ੍ਰਿਥਾ ਨਹੀਂ ਜਾਵੇ।
ਕਲਜੁਗ ਮੈਂ ਸਤਜੁਗ ਵਰਤਾਵੇ।
ਪੱਛਮ ਤੇ ਕਾਲੂ ਇਓ ਆਵੇ।
ਡਖੂ ਸਾਥ ਬਹੁਤ ਜੁਧ ਭੀ ਲੜੇ।
ਭਿੜੇ ਦੂਹੂੰ ਮਾਹੀ।
ਸੈਨਾ ਆਦਿਕ ਮਰ ਜਾਹੀਂ।
ਹਾਲ ਪਚਾਲ ਨਾਲ।
ਸਭ ਕੇ ਪਾ ਪਰਜਾ।
ਅੰਨ ਨ ਗਿਆ ਥੋਥਾ।
ਦੇਸ ਪਿਸ਼ੌਰ ਦਗ਼ੇ ਜਬ ਤੋਪ।
ਤਬ ਨਹੀਂ ਕਿਸੀ ਕੋ ਰੋਕ।
ਗਗਨ ਦਮਾਮਾ ਬਜੇ।
ਗੋਲੇ ਜ਼ੋਰ ਬਰਸੇ।
ਬਰਸੇ ਅਗਨ ਅਨੇਕ ਭਾਂਤ।
ਗਗਨ ਭੂ ਬਲੇ।

Scanned with CamScan

ਜਲੇ ਥਲੇ ਪਿਸ਼ੌਰ।
ਗੜ ਗੜ ਗੋਲੇ ਬਰਸੇ।
ਮਿਲੇ ਨ ਕਿਣਹੀ ਅੰਨ।
ਤੁਰਕ ਅਰ ਗੋਰੇ ਤਰਸੇ।
ਰਾਜਾ ਪਰਜਾ ਨਾਸ਼ ਹੋਇ।
ਕਿਛ ਰਹੇਂ ਨਾ ਪੱਲੇ।
ਭਾਗੜ ਦਾਗੜ ਪੜੇ।
ਜਾਂ ਹਾਰ ਹੋ ਚਲੇ।
ਸੁਤੇ ਸੋਏ ਹੋਏ।
ਮਰੇਂ ਅਨਿਆਈਂ ਮਰਨੀ।
ਭੋਗੇਂ ਆਪਣਾ ਭੋਗ।
ਜੈਸੀ ਉਨ ਕੀ ਕਰਨੀ।

Scanned with CamScan

# ਕਲਜੁਗੀ ਦੁਨੀਆਂ ਦੀ ਦੁਰਦਸ਼ਾ

ਕਤਕ ਬਾਦ ਨਿਨਾਨਵੇਂ,
ਸ਼ਾਮਲ ਸੌਵਾਂ ਸਾਲ।
ਜੋ ਬੀਤੇਗਾ ਸੋ ਕਹੂੰ,
ਸੁਨੀਓ ਕਰ ਕੇ ਖਿਆਲ।
ਇਸ ਮਘਰ ਕੇ ਮਾਸ ਮੇਂ,
ਪੜੇਗਾ ਕਹਿਰੀ ਕਾਲ।
ਅੰਨ ਮਿਲੇ ਨਹੀਂ ਢੂੰਡਿਆਂ,
ਬੁਰਾ ਹੋਇਗਾ ਹਾਲ।
ਬਹੁਤ ਬੀਮਾਰੀ ਪੜੇਗੀ,
ਤਰ੍ਹਾਂ ਤਰ੍ਹਾਂ ਕੇ ਰੋਗ।
ਐਸਾ ਭਾਣਾ ਹੋਇਗਾ,
ਨਹੀਂ ਕਹਿਣ ਦੇ ਯੋਗ।
ਖਤਮ ਦਵਾਈ ਹੋਇਗੀ,
ਹੋਣਾ ਨਹੀਂ ਇਲਾਜ।

Scanned with CamScan

ਪਸ਼ੂ ਮਰੇਂ ਬਿਨ ਘਾਸ ਕੇ,
ਮਾਨਸ ਬਿਨਾਂ ਇਲਾਜ।
ਏਸ ਭੁਖ ਦੇ ਦੁਖ ਮੇਂ,
ਐਸਾ ਹੋਇ ਅਪਮਾਨ।
ਸਿਦਕ ਸਹਾਰਾ ਹੌਸਲਾ
ਰਹੇ ਨਾ ਧਰਮ ਈਮਾਨ।
ਛੋੜ ਜਾਇਗੀ ਇਸਤ੍ਰੀ,
ਅਪਨੇ ਪਤੀ ਕਾ ਸਾਥ।
ਜ਼ਹਿਰ ਦੇਇਗੀ ਪੁਤ੍ਰ ਕੋ,
ਮਾਤਾ ਅਪਨੇ ਹਾਥ।
ਪਿਤਾ ਤਿਆਗੇ ਪੁਤ੍ਰ ਕੋ,
ਪੁਤ੍ਰ ਤਿਆਗੇ ਬਾਪ।
ਐਸਾ ਹੋਇਆ ਨਾ ਹੋਇਗਾ,
ਦੁਨੀਆਂ ਭਰ ਮੇਂ ਪਾਪ।
ਸੁੰਦਰ ਮੰਦਰ ਛੋੜ ਕਰ,
ਹੋਇਗਾ ਜੰਗਲ ਬਾਸ।
ਦੁਖ ਭੁਖ ਦੇ ਕਾਰਨੇ,

Scanned with CamScanner

ਬਿਪਰ ਭਖੇਂਗੇ ਮਾਸ।
ਛੀਨ ਲਏਂਗੇ ਬਾਦਸ਼ਾਹ,
ਬਸਤ੍ਰ ਅੰਨ ਮਕਾਨ।
ਲੂਟ ਲਏਗੇਂ ਮਾਲ ਸਭ,
ਹੋਇਗੀ ਬੰਦ ਜ਼ਬਾਨ।
ਗਊ ਭੈਂਸ ਗਰਧਪ ਸਹਿਤ,
ਭੇਡ ਬਕਰੀ ਜਾਨ।
ਕੂਕਰ ਸ਼ੂਕਰ ਸਰਬ ਕੋ,
ਬਧ ਹੋਇਗਾ ਆਨ।
ਦੂਧ ਘਿਰਤ ਗੁੜ ਤੇਲ ਸਭ
ਪਹਿਰਨ ਆਨ ਸਮਾਨ।
ਯਹ ਢੂੰਡੇ ਨਹੀਂ ਪਾਏਂਗੇ
ਦੁਨੀਆਂ ਭਰਮੇਂ ਜਾਨ।

# ਹਿਟਲਰ ਦਾ ਜ਼ਿਕਰ ਅਤੇ ਟੋਟਕੇ

ਇਹ ਦਿਸ਼ਾ ਗ੍ਰਹਿ ਸੰਮਤ ਬਿਕ੍ਰਮੀ ਜਬ ਹੋਇ,
ਖੰਡ ਦੀਪ ਸਿਫ਼ਰ ਜਬ ਹੋਇ।
ਭੇਸ ਹਿੰਦੂ ਕਾ ਮਮ ਸ਼ਿਸ਼,
ਦੇਹੀ ਕਾ ਕਰੇ ਅਹਾਰ।
ਨਾਮ ਹਿਟਲਰ ਪਰਗਟੇ,
ਜੱਜੇ (ਜਰਮਨ) ਮਝਾਰ।
ਜੱਸਾ ਬੱਬਾ ਮਿਲੇਂਗੇ,
ਦੂਜੇ ਜੱਜੇ ਨਾਲ।
ਤਤਾ ਤਪ ਖਪ ਜਾਇਗਾ,
ਫਫਾ ਹੋਤ ਬੇਹਾਲ।

ਹੋਰ ਟੋਟਕੇ-

ਦੋਹਿਰਾ_ ਦਯਾ ਸਿੰਘ ਤੇ ਆਦਿ ਸਿਖ
ਰਹੇ ਹਮਾਰੇ ਪਾਸ।

*

ਮੇਰੇ ਪੰਥ ਮੇਂ ਜਨ ਸਧਾਨ
ਕਰੇ ਰ ਜ ਪਰਕਾਸ਼।
ਜਜੈ ਢਿਗ ਤੇ ਪਾਲੈ ਆਲਾ।
ਤੇ ਸਭ ਜਨਮ ਮਰੈ ਤਿਸ ਕਾਲਾ।
ਉਠਹਿੰ ਤਬ ਭਗਤ ਅਠਾਰਾਂ।
ਛੀਨੇ ਰਾਜ ਧਰਨ ਤੇ ਸਾਰਾ।
ਆਇ ਮੌਨ ਕਿਤਕ ਦਿਨ ਵਸੈ।
ਪੂਰਬ ਦੇਸ ਅਧਕ ਹੀ ਸਿਖੈ।
ਤੇਜ ਕੇਤਕ ਸਿੰਨ ਪਰ ਛਾਵੇ।
ਅਰੇ ਪੰਥ ਸੋਹਣਾ ਘਟ ਜਾਵੇ।
ਜੋ ਅਬ ਹਮਰੇ ਸ਼ਤਰੂ ਪਹਾੜੀ।
ਮੇਲ ਨ ਤੇ ਜਰ ਦੇਹ ਉਖਾੜੀ।

*

Scanned with CamScan

ਅਗੇ ਨਿਹਕਲੰਕ ਅਵਤਾਰ ਧਾਰਨਾ ਅਤੇ ਇਸ ਅਵਤਾਰ ਤੋਂ ਪਹਿਲਾਂ ਦੁਨੀਆਂ ਦੇ ਹਾਲ

# ਸ੍ਰੀ ਦਸਮ ਗ੍ਰੰਥ ਜੀ

ਵਿਚੋਂ ਲਿਖੇ ਜਾਂਦੇ ਹਨ।

[ਨੋਟ-ਇਹ ਹਵਾਲਾ ਭਵਿਖਤ ਵਾਕ ਸੰਗ੍ਰਹਿ ਅੰਮ੍ਰਿਤਸਰ ਵਾਲੇ ਨੇ ਭੀ ਦਿਤਾ ਹੈ।

ਅਥ ਨਿਹਕਲੰਕੀ ਚੌਬੀਸਵੇਂ ਅਵਤਾਰ ਕਥਨੰ

ਚੌਪਾਈ॥

ਅਬ ਮੈਂ ਮਹਾਂ ਸੁਧ ਮਤਿ ਕਰ ਕੇ।
ਕਹੋਂ ਕਥਾ ਚਿਤ ਲਾਇ ਬਿਜਰ ਕੇ।
ਚੌਬੀਸਵੋਂ ਕਲਕੀ ਅਵਤਾਰਾ।
ਤਾਂ ਕਰ ਕਹੋਂ ਪ੍ਰਸੰਗ ਸੁਧਾਰਾ।੧।
ਭਾਰਾ ਕ੍ਰਿਤ ਹੋਤ ਜਬ ਦਰਣੀ।
ਪਾਪ ਗ੍ਰਸਤ ਕਛੂ ਜਾਤ ਨ ਬਰਣੀ।
ਭਾਂਤ ਭਾਂਤ ਤਨ ਹੋਤ ਉਤਪਾਤਾ।
ਪੁਤ੍ਰ ਸੇਜ ਸੋਵਤ ਲੈ ਮਾਤਾ।੨।

Scanned with CamScan

ਸੁਤਾ ਪਿਤਾ ਤਨ ਰਮਤ ਨਿਸੰਕਾ ।
ਭਗਨੀ ਭਰਾਤ ਭ੍ਰਾਤ ਕਰਿ ਅੰਕਾ ।
ਬੇਹਨ ਭ੍ਰਤ ਤਨ ਕਰਤ ਬਿਹਾਰਾ ।
ਇਸਤ੍ਰੀ ਤਜੀ ਸਕਲ ਸੰਸਾਰਾ ।੩।
ਸ਼ੰਕਰ ਬਰਣ ਪਰਜਾ ਸਭ ਹੋਈ ।
ਏਕ ਗਯਾਤ ਕੋ ਰਹਾ ਨਾ ਕੋਈ ।
ਅਤਿ ਬਿਭਚਾਰ ਫਸੀ ਬਰ ਨਾਰੀ ।
ਧਰਮ ਰੀਤ ਕੀ ਪ੍ਰੀਤ ਬਿਸਾਰੀ ।੪।
ਘਰ ਘਰ ਝੂਠ ਅਮਸਿਆ ਭਈ ।
ਸਾਚ ਕਲਾ ਸਸ ਕੀ ਦੂਰ ਗਈ ।
ਜਹਿ ਤਹਿ ਹੋਣ ਲਗੇ ਉਤਪਾਤਾ ।
ਭੋਗਤ ਪੂਤ ਸੇਜ ਚੜ੍ਹ ਮਾਤਾ ।੫।
ਢੂੰਡਤ ਸਾਚ ਨਾ ਕਤਹਿ ਪਾਯਾ ।
ਝੂਠ ਹੀ ਸੰਗ ਸਭੋ ਚਿਤ ਲਾਯਾ ।
ਭਿੰਨ ਭਿੰਨ ਗ੍ਰਹਿ ਗਹਿ ਮਤ ਹੋਈ ।
ਸ਼ਾਸਤ੍ਰ ਸਿਮ੍ਰਿਤ ਛੁਐ ਨਾ ਕੋਈ ।੬।
ਹਿੰਦਵ ਕੋਈ ਨਾ ਤੁਰਕਾ ਰਹਿ ਹੈਂ ।

Scanned with CamScanner

ਭਿੰਨ ਭਿੰਨ ਘਰ ਘਰ ਮਤ ਗਹਿ ਹੈਂ।
ਏਕ ਏਕ ਕੇ ਪੰਥ ਨਾ ਚਲਹੈਂ।
ਏਕ ਏਕ ਕੀ ਬਾਤ ਉਥਲ ਹੈਂ।੭।
ਭਾਰਾ ਕਿਰਤ ਧਰਾ ਸਭ ਹੋਇਹੈਂ।
ਸਭ ਲੋਗਨ ਬੈਠ ਕਰ ਰੋਇ ਹੈਂ।
ਘਰ ਘਰ ਔਰ ਔਰ ਮਤਿ ਹੋਈ।
ਏਕ ਧਰਮ ਪਰ ਚਲੇ ਨਾ ਕੋਈ।
ਛੱਤ੍ਰੀ ਬ੍ਰਾਹਮਣ ਰਹਾ ਨਾ ਕੋਈ।
ਸ਼ੰਕਰ ਬਰਣ ਪਰਜਾ ਸਭ ਹੋਈ।੧੫।
ਸ਼ੂਦਰ ਧਾਮ ਬਸਹਿ ਬ੍ਰਹਿਮਾਣੀ।
ਬੈਈਸ ਨਾਰ ਹੋਇ ਛੱਤਰਾਣੀ।
ਬਸਿਹੈਂ ਛੱਤ੍ਰ ਧਾਮ ਬੇਸਾਨੀ।
ਬ੍ਰਾਹਮਣ ਗ੍ਰਿਹ ਇਸਤ੍ਰੀ ਸ਼ੂਦਰਾਨੀ।

*

ਅਗੇ ਗੀਤਾ ਮਾਲਤੀ ਛੰਦਾਂ ਵਿਚੋਂ

ਦੇਵ ਪਿਤਰਨ ਪੀਰ ਕੋ,
ਨਹੀਂ ਭੂਲ ਪੂਜਨ ਜਾਹਿੰਗੇ।

Scanned with CamScan

ਦੇਵ ਪੀਰ ਬਿਸਾਰ ਕੈ,
ਪ੍ਰਮੇਸ਼ਰ ਆਪ ਕਹਾਹਿੰਗੇ ।
ਮੁਖ ਬੇਦ ਔਰ ਕਤੇਬ ਕੋ,
ਕੋਈ ਨਾਮ ਲੇਵ ਨ ਦੇਹਿੰਗੇ ।
ਕਿਸ ਹੂੰ ਨਾ ਕਉਡੀ ਪੁੰਨ ਤੇ,
ਕਬਹੂੰ ਨਾ ਕਿਉਂ ਹੀ ਦੇਹਿੰਗੇ ।
ਧਰਮ ਕਰਨ ਉਡਯੋ ਜਹਾਂ ਤਹਾਂ,
ਪਾਤ ਪਗ ਪਗ ਹੋਹਿੰਗੇ ।
ਨਿਜ ਸਿਖ ਨਾਰ ਗੁਰੂ ਰਮੈ,
ਗੁਰ ਦਾਰਾ ਸੌ ਸਿਖ ਸੋਹਿੰਗੇ ।
ਪਾਪ ਕਰਮ ਜਹਾਂ ਤਹਾਂ,
ਧਰਮ ਧਰਮ ਬਿਸਾਰ ਕੈ ।
ਨਹੀਂ ਦਰਬ ਦੇਖ ਛੋਡ ਹੈਂ
ਲੈ ਪੁਤ੍ਰ ਮਿਤ੍ਰ ਸੰਘਾਲ ਕੈ ।
ਏਕ ਏਕ ਉਠਾਇ ਹੈਂ,
ਮਤਿ ਭਿੰਨ ਭਿੰਨ ਖਿਨੰ ਦਿਨਾ ।
ਫੋਕਟੰ ਧਰਮੰ ਸਬੈ ਕਲਿ,

Scanned with CamScanner

ਕੇਵਲ ਪ੍ਰਭਣੰ ਬਿਨਾ ।
ਕਿਸੂ ਨਾ ਦਾਨ ਦੇਹਿੰਗੇ,
ਸੁ ਸਾਧ ਲੂਟ ਲੇਹਿੰਗੇ ।
ਨਾ ਪ੍ਰੀਤ ਮ ਤ ਸੰਗਾ,
ਅਧੀਨ ਅਠਧੰਗਾ ।
ਤਜੈਂ ਧਰਮ ਨਾਰੀ,
ਤਕੈਂ ਭਾੜ ਨਾਰੰ ।
ਸਭ ਜਗ ਪਾਪੀ,
ਕਹੂੰ ਨਾ ਜਾਪੀ ।
ਗੁਰ ਦੇਵ ਨਾ ਮਾਨੇ,
ਭੁਲ ਨਾ ਬਖਾਨੇ ।
ਅੰਤ ਨਰਕਹਿ ਜੈਂ ਹੈਂ ।
ਡੋਲਤ ਜਹਿ ਤਹਿ ਪੁਰਖ ਅਪਾਵਨ ।
ਲਾਗਤ ਕਤਹੀ ਨ ਧਰਮ ਕੋ ਦਾਵਨ ।੯੩।
ਕਹੂੰ ਨ ਤਸਬੀ ਕਹੂੰ ਨ ਮਾਲਾ ।
ਕਹੂੰ ਨ ਹੋਮ ਕਹੂੰ ਨ ਜੁਵਾਲ ।
ਕਹੂੰ ਚਰਚਾ ਕਹੂੰ ਨ ਬੇਦੰ ।

Scanned with CamScanner

ਕਹੂੰ ਨਿਮਾਜ਼ ਨ ਕਾਹੂੰ ਕਤੇਬੰ ।

- - -

ਅਗੇ ਸ੍ਰੀ ਦਸਮੇਸ਼ ਜੀ ਕਹਿੰਦੇ ਹਨ ਕਿ ਰਾਜਿਆਂ ਦੇ ਨਿਆਓਂ ਤੇ ਦੁਨੀਆਂ ਦੇ ਕੁਲ ਨਿਯਮ ਅਸਲੀ ਮਰਯਾਦਾ ਤੋਂ ਉਲਟ ਹੋ ਜਾਣਗੇ ।

ਯਥਾ ਕਿ--

ਅਉਰ ਹੀ ਕਰਮੰ ਅਉਰ ਹੀ ਧਰਮੰ ।
ਅਉਰ ਭੀ ਭਾਵ ਅਉਰ ਹੀ ਮਰਮੰ ।
ਅਉਰ ਹੀ ਰੀਤ ਅਉਰ ਹੀ ਭਾਯੰ ।
ਅਉਰ ਹੀ ਰਾਜਾ ਅਉਰ ਹੀ ਲਿਆਯੋ ।

ਉਪਰ ਲਿਖੇ ਮੂਜਬ ਮਰਯਾਦਾ ਬਿਗੜਨ ਕਰਕੇ ਧਰਤੀ ਨੇ ਕੰਬਕੇ ਪ੍ਰਮਾਤਮਾ ਅਗੇ ਫਰਿਆਦ ਕੀਤੀ ਕਿ ਮੇਰੀ ਸਹਾਇਤਾ ਕਰੋ।

ਯਥਾ:-

ਪਾਪ ਕਿਰਤ ਧਰਤੀ ਭਈ
ਪਲ ਨਾ ਸਕਤ ਠਹਰਾਇ।

Scanned with CamScanner

ਅਕਾਲ ਪੁਰਖ ਕੋ ਧਿਆਨ ਧਰ
ਰੋਵਤ ਭਈ ਬਨਾਇ।

ਤਦ ਅਕਾਲ ਪੁਰਖ ਨੇ ਧਰਤੀ ਨੂੰ ਧੀਰਜ ਦੇਕੇ ਵਿਦਾ ਕੀਤਾ। ਜੈਸਾ ਕਿ :-

ਕਰਕੇ ਪ੍ਰਿਥਮ ਸੰਬੋਧ
ਬਹੁਰ ਵਿਦਾ ਪ੍ਰਿਥਵੀ ਕਰੀ।

ਅਤੇ ਅਗੇ ਲਿਖੇ ਮੁਜਬ ਅਵਤਾਰ ਧਾਰਕੇ ਆਉਣ ਦਾ ਵਾਅਦਾ ਕੀਤਾ। ਜੈਸਾ ਕਿ:-

ਦੀਨਨ ਕੀ ਰਛਾ ਨਮਿਤ
ਕਰਹੈਂ ਆਪ ਉਪਾਇ।
ਪਰਮ ਪੁਰਖ ਪਾਵਨ ਸਦਾ
ਆਪ ਪ੍ਰਗਟ ਹੈ ਆਇ।

ਯਥਾ:- ਸਵੈਯਾ ਛੰਦ

ਪਾਪ ਸੰਬੂਹ ਬਿਨਾਸਨ ਕਉ
ਕਲਕੀ ਅਵਤਾਰ ਕਹਾਵਹਿੰਗੇ।
ਤੁਰਕਛ ਤੁਰੰਗ ਸਪੱਛ ਬਡੋ
ਕਰਿ ਕਾਢਿ ਕ੍ਰਿਪਾਨ ਕਪਾਵਹਿੰਗੇ।

Scanned with CamScan

ਨਿਕਸੇ ਜਿਮ ਕੇਹਰਿ ਪਰਬਤ ਸੇ
ਤਸ ਸੋਭ ਦਿਵਾਲਯ ਪਾਵਹਿੰਗੇ ।
ਭਲ ਭਾਗ ਭਯਾ ਇਹ ਸੰਭਲਕੇ
ਹਰਿਜੂ ਹਰਿਮੰਦਰ ਆਵਹਿੰਗੇ ।੧੪੧।
ਰੂਪ ਅਨੂਪ ਸਰੂਪ ਮਹਾਂ ਲਖਿ
ਦੇਵ ਅਦੇਵ ਲਜਾਵਹਿੰਗੇ ।
ਅਰਿ ਮਾਰ ਸੁਧਾਰ ਕੈ ਟਾਰ ਘਨੇ
ਬਹੁਰੋ ਕਲਿ ਧਰਮ ਚਲਾਵਹਿੰਗੇ ।
ਸਭ ਸਾਧ ਉਬਾਰ ਲੈਹੈਂ ਕਰਦੈ
ਦੁਖ ਆਂਚ ਨ ਲਾਗਨ ਪਾਵਹਿੰਗੇ ।
ਭਲ ਭਾਗ ਭਯਾ ਇਹ ਸੰਭਲ ਕੇ
ਹਰਿਜੂ ਹਰਿਮੰਦਰ ਆਵਹਿੰਗੇ ।੧੬੨।

ਉਪਰ ਲਿਖੇ ਮੂਜਬ ਕਲਕੀ ਅਵਤਾਰ ਨੇ ਪ੍ਰਗਟ ਹੋਕੇ ਧਿਆਣ ਵਿਚ ਬੈਠੇ ਬ੍ਰਹਮਣ ਨੂੰ ਧੀਰਜ ਦੇਣੀ । ਯਥਾ :-

ਜਬ ਕੀਉ ਚਿਤ ਮੇਂ ਬਿਪ ਧਿਆਨ ।
ਤਹਿੰ ਦੀਨ ਦਰਸ ਤਤਕਾਲ ਆਨ ।

ਨਹੀਂ ਕਰੋ ਚਿੰਤ ਚਿੰਤ ਮਾਂਝ ਏਕ।
ਤੁਹਿ ਹੇਤ ਸ਼ਤਰੂ ਹਨ ਹੈਂ ਅਨੇਕ।੧੭੧।

ਕਿਉਂਕਿ ਭਾਵੇਂ ਕਲਕੀ ਅਵਤਾਰ ਨੇ ਸਾਰੀ ਦੁਨੀਆਂ ਦੇ ਭਾਰ ਉਤਾਰ ਕੇ ਕਲਜੁਗ ਵਿਚ ਸਤਜੁਗ ਵਰਤੌਣਾ ਹੈ ਪਰ ਪਹਿਲੇ ਇਸ ਉਪਰ ਲਿਖੇ ਬ੍ਰਾਹਮਣ ਨੂੰ ਭਗਤੀ ਕਰਦੇ ਨੂੰ ਜਦੋਂ ਸ਼ੂਦਰ ਰਾਜਾ ਨੇ ਦੁਖ ਦੇਣਾ ਹੈ ਉਸ ਦੀ ਰਖਯਾ ਵਾਸਤੇ ਸੰਭਲ ਮੰਦਰ ਵਿਚੋਂ ਪ੍ਰਗਟ ਹੋ ਕੇ ਸ਼ੂਦਰ ਰਾਜਾ ਨਾਲ ਜੰਗ ਕਰ ਕੇ ਉਸ ਨੂੰ ਸਹਿਤ ਉਸ ਦੀ ਸੈਨਾ ਅਤੇ ਸਾਥੀਆਂ ਨੂੰ ਮਾਰ ਕੇ ਮੁੜ ਪੁਰਸ਼ੋਤਮ ਮਰਯਾਦਾ ਕਾਇਮ ਕਰਨੀ ਹੈ। ਯਥਾ-

ਸਤਿਜੁਗ ਆਇਓ
ਸਭ ਸੁਨ ਪਾਇਓ।
ਮੁਨਿ ਮਨ ਭਾਇਓ
ਗੁਨ ਗਨ ਗਾਇਓ।੫੫੩॥

ਨੋਟ--ਪੂਰਾ ਪ੍ਰਸੰਗ ਦਸਮ ਗ੍ਰੰਥ ਵਿਚੋਂ ਪੜ੍ਹੋ

Scanned with CamScanner

# ਵਿਪਤ ਪੜੇਗੀ ਹਿੰਦ ਪਰ

ਬਾਰਾਂ ਚਾਲੀ ਪਾਰ ਪਰ,
ਇਕ ਅਗਸਤ ਕੋ ਜਾਨ।
ਚਾਲੀ ਤੀਨ ਸੰਨ ਹੋਇਗਾ,
ਈਸਵੀ ਕਹੋਂ ਬਖਾਨ।
ਜਬ ਉਨੀ ਸੌ ਨਿਨਾਨਵੇਂ,
ਬੀਤੇ ਬਾਰ੍ਹਾਂ ਮਾਸ।
ਸਦੀ ਬੀਸਵੀ ਖਤਮ ਹੋਇ,
ਸਤਿਜੁਗ ਹੋਇ ਪ੍ਰਕਾਸ਼।
ਖਤਮ ਉਨੀਸਾ ਹੋਇ ਕਰ,
ਸਦੀ ਚੜ੍ਹੇਗੀ ਬੀਸ।
ਈਸ ਮੂਸ ਮਿਟ ਜਾਏਂਗੇ,
ਸਤਿਗੁਰ ਕੀ ਬਖਸ਼ੀਸ਼।
ਫਿਰ ਉਨੀ ਸੌ ਛਿਆਨਵੇਂ,
ਇਸੀ ਸਾਲ਼ ਕੇ ਮਧ।
ਜੰਗ ਸ਼ੁਰੂ ਹੋ ਜਾਏਂਗੇ,

Scanned with CamScanner

ਸਰਬ ਮੁਲਕ ਸਰਹਦ।
ਇਸੀ ਸਾਲ ਕੇ ਅੰਤ ਮੇਂ,
ਸਖਤ ਪੜੇ ਸੋ ਭੀੜ।
ਚਾਰ ਮੂਲ ਵਸ ਹੋਇਗੇ,
ਕੱਊ ਧਰਤ ਨ ਧੀਰ।
ਚੜ੍ਹਦੇ ਸਾਲ ਸਤਾਨਵੇਂ,
ਪਲਟ ਜਾਇਗੋ ਰੰਗ।
ਕੋਨੇ ਕੋਨੇ ਧਰਤ ਪਰ,
ਘਨੇ ਹੋਇੰਗੇ ਜੰਗ।
ਫਿਰ ਅਠਾਨਵੇਂ ਨਿਨਾਨਵੇਂ
ਸਾਲ ਔਣਗੇ ਦੋਇ।
ਜੋ ਹੋਨੀ ਸੋ ਹੋਇਗੀ,
ਅਨਹੋਣੀ ਨਾ ਹੋਇ।
ਪਹਿਲੇ ਬਹੁਤੇ ਮਰੇਂਗੇ,
ਉਨ ਦੇਸਨ ਕੇ ਲੋਗ।
ਇਕ ਤਿਹਾਈ ਬਚੇਂਗੇ,
ਕਹੀਂ ਕਹੀਂ ਯਥਾ ਜੋਗ।

Scanned with CamScan

ਵਿਪਤ ਪੜੇਗੀ ਹਿੰਦ ਪਰ,
ਜਿਉਂ ਚਿੜੀਆਂ ਕੋ ਬਾਜ।
ਕਿਛੁਕ ਦੇਰ ਨ ਵਾਸਤੇ,
ਹੋਏਗਾ ਮੁਸਲਮ ਰਾਜ।
ਬੁਰੀ ਤਰ੍ਹਾਂ ਸੇ ਮਚੇਗਾ,
ਭਾਰਤ ਪੁਰ ਮੇਂ ਸ਼ੋਰ।
ਫਿਰ ਪੱਛਮ ਕੀ ਊਨ ਸੇ,
ਕਟਕ ਚੜ੍ਹੇ ਕਰ ਜੋਰ।
ਅਟਕ ਨਿਕਟ ਕੇ ਜੁਧ ਮੇਂ,
ਐਸਾ ਹੋਇ ਘਮਸਾਨ।
ਸੈਨਾ ਦੋਨੋਂ ਤਰਫ ਕੀ,
ਖਤਮ ਹੋਇਗੀ ਜਾਨ।
ਮਾਝਾ ਮੈਦਾ ਬਣੇਗਾ
ਦੁਆਬਾ ਦਲੀਆ ਹੋਇ।
ਜੌਨ ਪਹਾੜੀ ਬਸੇਂਗੇ
ਬਚੇ ਰਹੇਂਗੇ ਸੋਇ।
ਅਧਕ ਮਾਲਵਾ ਹੋਏਗਾ

Scanned with CamScan

ਇਹ ਸਮੰਤ ਦੁਫਾੜ ।
ਅਵਧ ਕਾਲ ਸੇ ਬਚੇਂਗੇ
ਜੋ ਜੋ ਬਸੇਂ ਪਹਾੜ ।
ਵਿਚ ਸੁਨਾਮੇ ਲੜੇਗੀ
ਅਕਾਲੀ ਰਜਮਟ ਆਪ ।
ਤਰਾਂ ਖੜ ਹੋਏ ਜੁਧ ਦੇਖੂੰ
ਹੋਤੇ ਦੇਖੂੰ ਸਿਖ ਸੰਤਾਪ ।
ਧੂਆਂ ਫਹਾਊਂ ਦੇਸ ਮੇਂ
ਕਰੂੰ ਮੇਘ ਜਿਉਂ ਝਾਰ ।
ਕੋਈ ਸਿਖ ਸਿਦਕੀ ਰਹੇ
ਕੋਈ ਉਤਰੇ ਪਾਰ ।
ਲੋਹ ਪੁਰ ਅੰਦਰ ਹੋਇਗਾ
ਗੁਰੂ ਧਾਮ ਕੇ ਹੇਤ ।
ਸਾਰ ਚਲੇਗੀ ਸਾਂਗਲੀ
ਮੋਮਨ ਸਿੰਘ ਸੁਚੇਤ ।

Scanned with CamScan

# ਸ੍ਰੀ ਦਸਮੇਸ਼ ਜੀ ਨੇ ਅਨੰਦਪੁਰ ਫਿਰ ਵਸੌਣਾ

[ਨੋਟ-ਇਹ ਸਵਈਏ ਦਾਸ ਨੂੰ ਇਕ ਮਹਾਤਮਾਂ ਨੇ ਲਿਖੇ ਲਿਖਾਏ ਦਿਤੇ ਹੈਨ ।]

੧ ਸਵੈਯਾ

ਸਭ ਸਾਧ ਉਭਾਰਨ ਕੇ ਹਿਤ ਕੋ,
ਜਗਜੀਵਨ ਜੋਤ ਜਗਾਵਹਿੰਗੇ ।੧।
ਤੁਰਕੀ ਆਸ ਅਛਿ ਸੁਪਛਿ ਬਡੋ
ਤਿਹ ਉਪਰ ਆਪ ਸੁਹਾਵਹਿੰਗੇ ।੨।
ਮਿਲ ਸੇਵਕ ਸਿੰਘ ਅਨੇਕ ਸਭੇ
ਕਰਿ ਰੰਗ ਤੁਰੰਗ ਨਚਾਵਹਿੰਗੇ ।੩।
ਭਲ ਭਾਗ ਭਇਆ ਤੁਮ ਪਾਹਿ ਕੋ ਹੈ
ਨਿਹਚੇ ਕਰ ਕੀਰਤ ਗਾਵਹਿੰਗੇ ।੪।੮੩੦

Scanned with CamScanner

## ੨. ਸਵੈਯਾ

ਪ੍ਰਿਥਵੀ ਪਤਿ ਭੂਪਤਿ ਸ਼ਾਹ ਸਬੈ
ਛਬ ਦੇਖ ਮਹਾ ਡਰ ਪਾਵਹਿੰਗੇ ।੧।
ਤਜਿ ਦੇਸ ਸੁਰੇਸ ਮਹੇਸ ਬਿਦ
ਹੋ ਲਜਿਤ ਹੀ ਭਜ ਜਾਵਹਿੰਗੇ ।੨।
ਚਿਤਵਹਿ ਮਨ ਮਤਿ ਕਛ ਔਰ ਉਪਾਇ
ਬਿਨ ਹਰਿ ਕਿਉ ਗਤਿ ਪਾਵਹਿੰਗੇ ।੩।
ਭਲ ਭਾਗ ਭਇਆ ਤੁਮ ਤਾਂਹਿ ਕਹੋ,
ਗੜ ਆਨੰਦਪੁਰ ਬਸਾਵਹਿੰਗੇ ।੪।੮੩੩।

## ੩ ਸਵੈਯਾ

ਦੂਤਨ ਮਾਰ ਬਿਡਾਰ ਅਪਾਰ,
ਬਿਥਾਰ ਕੀਏ ਕਰਿ ਪਾਵਹਿੰਗੇ ।੧।
ਤਜ ਦੇਸ ਨਰੇਸ਼ ਗਏ ਭਜ ਹੀ,
ਕਹੂੰ ਆਪਨ ਆਪ ਛਿਪਾਵਹਿੰਗੇ ।੨।
ਜਗਜੀਵਨ ਜੋਤਿ ਪ੍ਰਕਾਸ਼ ਕੀਯੋ,
ਲੋਕ ਚੌਧਹ ਵਿਖੇ ਜਸ ਗਾਵਹਿੰਗੇ ।੩।

Scanned with CamScanner

ਭਲ ਭਾਗ ਭਇਆ ਤੁਮ ਤਾਹਿ ਕਹੇ,
ਗੜ੍ਹ ਅਨੰਦ ਫਿਰ ਬਸਾਵਹਿੰਗੇ ।੪।੮੩੪।

## ੪ ਸਵੈਯਾ

ਕਰ ਪਹਿ ਗਹਿ ਵਾਰ ਅਪਾਰ ਕਿਤੇ,
ਦਲ ਕੋ ਦਲਯੋ ਛਬ ਖਾਵਹਿੰਗੇ ।੧।
ਦਲ ਦੂਤ ਕ੍ਰੋਰਨ ਮਾਰ ਲਏ ਕਹੂੰ,
ਢੂੰਢਤ ਹਾਥ ਨ ਆਵਹਿੰਗੇ ।੨।
ਮੁਖ ਮੈਂ ਤ੍ਰਿਣ ਲੈ ਮਿਲੀ ਹੈ ਪ੍ਰਿਥਵੀ,
ਪਤਿ ਆਪਨ ਆਪ ਬਚਾਵਹਿੰਗੇ ।੩।
ਭਲ ਭਾਗ ਭਇਆ ਤੁਮ ਤਾਹਿ ਕਹੇ,
ਗੜ੍ਹ ਆਨੰਦ ਫਿਰ ਵਸਾਵਹਿੰਗੇ ।੪।੩੮੬

## ੫ ਸਵੈਯਾ

ਆਨੰਦ ਸੇ ਬਸਿਹੈ ਤਬ ਭੂਪਤਿ,
ਏਕ ਹੀ ਨਾਮ ਧਿਆਵਹਿੰਗੇ ।੧।

Scanned with CamScan

ਜਿਹ ਖਾਲਸ ਸਾਸਿ ਗਿਰਾਸ ਮਨੈ,
ਕਛੁ ਦੂਸਰ ਭੇਦ ਨਾ ਲਾਵਹਿੰਗੇ ।੨।
ਛਿਨ ਮਹਿ ਜਗ ਕੇ ਅਘ ਨਾਸ ਭਏ,
ਕਹੂੰ ਪਾਪ ਨ ਢੂੰਢਤ ਪਾਵਹਿੰਗੇ ।੩।
ਭਲ ਭਾਗ ਭਇਆ ਤੁਮ ਤਾਹਿ ਕਹੋ,
ਗੜ੍ਹ ਆਨੰਦ ਫਿਰ ਬਸਾਵਹਿੰਗੇ ।੪।੮੩੭।

## ੬ ਸਵੈਯਾ

ਭਾਰ ਅਠਾਰਹ ਬਨਾਸਪਤੀ,
ਤਿਹ ਖਾਲਸ ਜਾਪ ਜਪਾਵਹਿੰਗੇ ।੧।
ਬਨ ਮਹਿ ਤ੍ਰਿਨ ਮਹਿ ਪਸੁ ਪੰਖਨ ਮਹਿ,
ਕਰਿ ਏਕ ਹੀ ਜੋਤਿ ਜਗਾਵਹਿੰਗੇ ।੨।
ਪਰਜਾ ਜਪਿ ਜਾਪ ਆਨੰਦ ਕਰਹਿ,
ਸੁਭ ਜਾਪ ਹੀ ਸੋ ਗਤਿ ਪਾਵਹਿੰਗੇ ।੩।
ਭਲ ਭਾਗ ਭਇਆ ਤੁਮ ਤਾਂਹਿ ਕਹੋ,
ਗੜ੍ਹ ਆਨੰਦ ਫੇਰ ਬਸਾਵਹਿੰਗੇ ।੪।੮੩੮।

Scanned with CamScan

ੴ ਸਵੈਯਾ

ਸਿਧ ਸਾਧਕ ਸਤ ਮਹੰਤ ਸਭੈ,
ਮਨ ਆਨੰਦ ਸੋਂ ਗੁਣ ਗਾਵਹਿੰਗੇ ।੧।
ਸੁਣ ਭੂਤ ਪ੍ਰੇਤ ਪਿਸਾਚ ਪਰੀ,
ਇਹ ਜਾਪ ਜਪੈਂ ਗਤ ਪਾਵਹਿੰਗੇ ।੨।
ਗਿਰਹੀ ਗਿਹ ਮਹਿ ਸੁਖ ਆਨੰਦ ਸੇ,
ਕਰ ਮੰਗਲ ਸਾਜ ਬਜਾਵਹਿੰਗੇ ।੩।
ਭਲ ਭਾਗ ਭਇਆ ਤੁਮ ਤਾਹਿ ਕਹੋ,
ਗੜ੍ਹ ਆਨੰਦ ਫੇਰ ਬਸਾਵਹਿੰਗੇ ।੪।੯੪੦।

Scanned with CamScan